ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰਾਸਿ ਪੰਜਵੀਂ Raas 5

Sri Gur Partap Suraj Granth

ਕ੍ਰਿਤ:

ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas and Mata Gujri ji

ੴ ਸਤਿਗੁਰ ਪ੍ਰਸਾਦਿ ॥

ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਤਤਕਰਾ ਰਾਸਿ ਪੰਜਵੀਂ

ਰਾਸਿ ਪੰਜਵੀਂ

ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਨਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਰਾਸਿ ਪੰਜਵੀਂ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ਪੰਜਵੀਂ ਉਪਰ ਕਲਿਕ ਕਰੋ ਜੀ)

ਤਤਕਰਾ ਰਾਸਿ ਪੰਜਵੀਂ

ਰਾਸ਼ਿ ਪੰਜਵੀਂ ਚੱਲੀ

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਥ ਪੰਚਮ ਰਾਸਿ ਕਥਨੰ ॥

ਅੰਸੂ ੧. [ਮੰਗਲ। ਦਿੱਲੀ ਸ਼ਾਹ ਪਾਸ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

੧. ਸੰਤ ਅਵਤਾਰ-ਦਸੋਂ ਗੁਰੂ ਸਾਹਿਬਾਨ ਦਾ-ਮੰਗਲ

ਦੋਹਰਾ:

ਤਾਰ ਲਗੀ ਉਰ ਪ੍ਰੇਮ ਕੀ, ਸਿਮਰਿ ਨਾਮ ਕਰਤਾਰ।
ਤਾਰਨ ਕੋਂ ਸਮਰੱਥ ਸੋ, ਨਮੋ ਸੰਤ ਅਵਤਾਰ ॥੧॥

ਤਾਰ = ਸੁਰਤ ਦਾ ਲਗਾਤਾਰ ਲੱਗੇ ਰਹਿਣਾ॥

ਪ੍ਰੇਮ ਕੀ = ਪ੍ਰੇਮ ਦੀ। ਤਾਰ = ਲਿਵ ਦੀ ਤਾਰ।

ਪ੍ਰੇਮ ਤਾਰ ਲਗੀ = ਲਗਾਤਾਰ ਰੱਬ ਦੇ ਧ੍ਯਾਨ ਵਿਚ ਲੱਗੇ ਰਹਿਣਾ।

ਤਾਰਨ ਕੋ = (ਜਗਤ ਰੂਪੀ ਸਾਗਰ ਤੋਂ) ਪਾਰ ਕਰਨ ਨੂੰ।

ਸੰਤ ਅਵਤਾਰ = ਉਹ ਅਵਤਾਰ ਜੋ ਸੰਤਾਂ ਦੀ ਰੱਖ੍ਯਾ ਤੇ ਉਤਪਤੀ ਵਾਸਤੇ ਹੋਇਆ ਹੋਵੇ। ਭਾਵ ਗੁਰੂ ਸਾਹਿਬਾਨ ਤੋਂ ਹੈ। (ਅ) ਸੰਤਤਾਈ ਯਾ ਭਗਤੀ ਦਾ ਅਵਤਾਰ। (ੲ) ਸੰਤ ਰੂਪੀ ਅਵਿਤਾਰ। ਸੱਚੇ ਸੰਤ ਵਿਚ ਸਾਈਂ ਦੀ ਕਲਾ ਹੁੰਦੀ ਹੈ। ਸੱਚਾ ਸੰਤ ਜਗਤ ਦਾ ਉਧਾਰ ਕਰਦਾ ਹੈ, ਇਸ ਕਰਕੇ ਸੰਤ ਨੂੰ 'ਨਿੱਤ ਅਵਿਤਾਰ' ਕਹਿ ਲੈਂਦੇ ਹਨ। ਇਉਂ ਇਹ ਸੰਤ ਦਾ ਮੰਗਲ ਹੈ।

ਅਰਥ:

ਕਰਤਾਰ ਦਾ ਨਾਮ ਸਿਮਰਣ (ਵਿਚ ਜਿਨ੍ਹਾਂ ਦੇ) ਹਿਰਦੇ ਦੀ (ਲਿਵ) ਤਾਰ ਲੱਗ ਰਹੀ ਹੈ (ਤੇ ਜੋ ਨਾਮ ਦਾਨ ਦੇ ਕੇ ਜਗਤ) ਤਾਰਨ ਨੂੰ ਸਮਰੱਥ ਹਨ ਉਹਨਾਂ ਸੰਤ ਅਵਤਾਰਾਂ ਨੂੰ ਮੇਰੀ ਨਮਸਕਾਰ ਹੋਵੇ।

੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ।

ਚਿਤ੍ਰਪਦਾ ਛੰਦ:

ਸਾਰਸੁਤੀ ਕਰ ਬੇਣਵਤੀ! ਸ਼ੁਭ ਦੇਹੁ ਮਤੀ ਲਖਿ ਸਾਰ ਅਸਾਰ।
ਸਾਰ ਸੰਭਾਰਿ, ਕਰੋ ਪ੍ਰਤਿਪਾਰ, ਉਦਾਰ ਬਡੀ ਸੁਖ ਦਾਸ ਦਤਾਰ।
ਤਾਰਨ ਈਸ਼੍ਵਰ ਪੂਰਨ ਸ਼੍ਰੀ ਮੁਖ, ਬੰਦਤਿ ਅੰਮ੍ਰਿਤ ਬਾਕ ਉਚਾਰਿ।
ਚਾਰੁ ਬਿਲੋਚਨ ਸਾਥ ਨਿਹਾਰਿ, ਉਤਾਰਤਿ ਪਾਰ ਅਪਾਰ ਸੰਸਾਰ ॥੨॥

ਕਰ ਬੇਣਵਤੀ = ਹੱਥ ਵਿਚ ਵੀਣਾ ਵਾਲੀ।

ਸਾਰ ਅਸਾਰ = ਸ੍ਰੇਸ਼ਟ ਅਤੇ ਨਾਂ ਸ੍ਰੇਸ਼ਟ। ਤੱਤ੍ਵ ਮਿੱਥ੍ਯਾ।

ਸਾਰ ਸੰਭਾਰਿ = ਖਬਰਗੀਰੀ ਰੱਖੋ, ਸਾਰ ਸੰਭਾਲੋ।

ਪ੍ਰਤਿਪਾਰ = ਪਾਲਣਾ ਕਰਨੀ।

ਤਾਰਨ ਈਸੂਰ = ਤਾਰਿਆਂ ਦਾ ਈਸ਼ਰ, ਇਹ ਚੰਦ੍ਰਮਾ ਦਾ ਇਕ ਨਾਮ ਹੈ। ਜਿਵੇਂ 'ਨਕਜਤ ਰਾਜ' ਚੰਦ੍ਰਮਾ ਦਾ ਨਾਮ ਹੈ।

ਪੂਰਨ = ਪੂਰਾ, ਪੂਰਨਮਾਸ਼ੀ ਦਾ। ਚਾਰੁ = ਸੁੰਦਰ। ਮਨੋਹਰ।

ਅਪਾਰ = ਜਿਸ ਦਾ ਕੋਈ ਅੰਤ ਨਾ ਹੋਵੇ। ਪਾਰਾਵਾਰ ਤੋਂ ਰਹਿਤ।

ਅਰਥ:

ਹੇ 'ਹੱਥ ਵਿਚ ਵੀਣਾ ਵਾਲੀ' ਸਰਸ੍ਵਤੀ! (ਮੈਨੂੰ) ਚੰਗੀ ਬੁੱਧਿ ਦੇਹ (ਤਾਂ ਕਿ ਮੈਂ) ਸਾਰ ਅਸਾਰ ਨੂੰ ਜਾਣ ਲਵਾਂ (ਅਤੇ ਆਪ) ਮੇਰੀ ਸਾਰ ਸੰਭਾਲੋ ਤੇ (ਸਦਾ) ਪਾਲਣਾ ਕਰੋ, (ਆਪ) ਬੜੇ ਉਦਾਰ ਤੇ ਦਾਸਾਂ ਨੂੰ ਸੁਖਾਂ ਦੇ ਦਾਤੇ ਹੋ। (ਆਪਦੇ) ਅੰਮ੍ਰਿਤ ਵਾਕ ਉਚਾਰਨ ਵਾਲੇ ਸ਼ੋਭਾ ਭਰੇ ਮੁਖੜੇ ਨੂੰ ਪੂਰਨਮਾਸ਼ੀ ਦਾ ਚੰਦ੍ਰਮਾ ਨਮਸਕਾਰ ਕਰ ਰਿਹਾ ਹੈ। ਤੁਸੀਂ ਮਨੋਹਰ ਨੇਤ੍ਰਾਂ ਨਾਲ (ਜਦ) ਦੇਖਦੇ ਹੋ, ਤਦ ਅਪਾਰ ਸੰਸਾਰ ਤੋਂ ਪਾਰ ਕਰ ਦਿੰਦੇ ਹੋ।

ਹੋਰ ਅਰਥ:

੩. ਤੁਕ-ਸ਼ੋਭਾ ਵਾਲਾ (ਆਪ ਦਾ) ਮੁਖੜਾ ਪੂਰਨਮਾਸ਼ੀ ਦੇ ਚੰਦ੍ਰਮਾ ਵਤ (ਉੱਜਲ ਹੈ, ਜਿਸ ਤੋਂ) ਆਪ ਅੰਮ੍ਰਿਤ ਵਾਕ ਉਚਾਰਨ ਕਰਦੇ ਹੋ, (ਆਪ ਨੂੰ) ਮੈਂ ਨਮਸਕਾਰ ਕਰਦਾ ਹਾਂ।

੩. ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ।

ਸੈਯਾ:

ਤਾਰਨਿ ਗੈਨ ਗਿਨੈਂਤੁ ਗਿਨੈਂ, ਸੁਖਸਾਗਰ ਕੇ ਗੁਨ ਕੋ ਕਬਿ ਪਾਰ ਨ।
ਪਾਰਨਿ ਜੀਵਨ ਕੋ ਕਰਤਾ, ਜਿਸ ਕੋ ਜਦ ਬੇਦ ਬਦੈ† ਸਮ ਚਾਰਨਿ। †ਪਾ:—ਪਢੈ।
ਚਾਰਨਿ ਭੇਦ ਲਖ੍ਯੋ ਨ ਗਯੋ†, ਕਿਸ ਕੋ ਨ ਬਿਸ਼ੈ ਅਸ ਰੂਪ ਅਕਾਰਨ।
ਕਾਰਨ ਜੋ ਬ੍ਰਹਮੰਡ ਅਖੰਡ, ਨਿਰੰਤਰਿ ਆਪ ਰਮ੍ਯੋ ਤਮ ਤਾਰਨ ॥੩॥

†ਪਾ:—ਗਨ੍ਯੋ = ਸਮਝਿਆ। ਵਿਚਾਰਿਆ।

ਤਾਰਨਿ ਗੈਨ = ਤਾਰਿਆਂ ਨੂੰ ਅਕਾਸ਼ ਵਿਖੇ। ਪਾਰ ਨ = ਅੰਤ ਨਹੀਂ।
ਪਾਰਨਿ = ਪਾਲਣਾ। ਬਦੈ-ਉਚਾਰਦਾ ਹੈ। ਸਮ ਚਾਰਨਿ = ਭੱਟਾਂ ਵਾਂਗ।
ਚਾਰਨਿ = ਚਾਰਾਂ (ਵੇਦਾਂ) ਤੋਂ।
ਲਖ੍ਯੋ ਨ ਗਯੋ = ਅਨੁਭਵ ਨਹੀਂ ਕੀਤਾ ਗਿਆ।
ਤਮਤਾਰ ਨ = ਘੱਟ ਵੱਧ ਨਹੀਂ (ਅ) ਅੰਧੇਰਾ ਚਾਨਣਾ ਨਹੀਂ।

ਅਰਥ:

(ਜੇ ਕੋਈ) ਅਕਾਸ਼ ਵਿਚ ਤਾਰਿਆਂ ਨੂੰ ਗਿਣੇ ਤਾਂ (ਸ਼ਾਇਦ) ਗਿਣ ਲਵੇ (ਪਰੰਤੂ) ਸੁਖਾਂ ਦੇ ਸਮੁੰਦਰ (ਵਾਹਿਗੁਰੂ ਜੀ) ਦੇ ਗੁਣਾਂ ਦਾ ਪਾਰ ਕਦੇ ਨਹੀਂ (ਪਾਇਆ ਜਾ ਸਕਦਾ)। ਜੋ ਜੀਵਾਂ ਦੀ ਪਾਲਣਾ ਕਰਨੇ ਵਾਲਾ ਹੈ, (ਤੇ) ਜਿਸ ਦਾ ਜਸ ਵੇਦ ਭੱਟਾਂ ਵਾਂਗ ਉਚਾਰਦਾ ਹੈ। (ਪਰ ਫੇਰ) ਚਾਰਾਂ (ਵੇਦਾਂ) ਤੋਂ ਬੀ ਉਸ ਦਾ ਭੇਦ ਨਾ ਲਖਿਆ (ਨਾ ਜਾਣਿਆਂ) ਗਿਆ, (ਕਿਉਂਕਿ ਉਹ) ਐਸਾ ਅਕਾਰਨ ਰੂਪ ਹੈ ਕਿ ਕਿਸੇ (ਮਨ ਬੁੱਧੀ ਆਦਿ ਇੰਦ੍ਰੇ) ਦਾ ਵਿਸ਼ਯ ਨਹੀਂ, ਪਰ (ਉਹ) ਅਖੰਡ (ਹੈ ਤੇ ਆਪ) ਜਗਤ ਦਾ ਕਾਰਣ ਹੈ, ਇਕ ਰਸ (ਹੋਕੇ ਸਾਰਿਆਂ ਵਿਚ) ਰਮ ਰਹਿਆ ਹੈ (ਤੇ ਕਦੇ ਕਿਵੇਂ ਕਿਤੇ) ਵੱਧ ਘੱਟ ਨਹੀਂ ਹੁੰਦਾ।

ਭਾਵ:

ਰੱਬ ਜੀ ਦਾ ਨਿਰਾਕਾਰ ਰੂਪ ਦੱਸਦੇ ਹਨ:—(੧) ਅਕਾਰਨ, ਅਖੰਡ, ਨਿਰੰਤਰ, ਤਮ ਤਾਰ ਨਾ। ਫਿਰ (੨) ਵਿਆਪਕ ਹੈ, ਪਰ (੩) ਮਨ ਬਾਣੀ ਤੋਂ ਅਵਿਸ਼ੇ ਹੈ। (੪) ਯਸ਼ ਕਰਨੇ ਤੇ ਆਪਣੀ

ਕੱਲਜਾਣ ਹੁੰਦੀ ਹੈ, ਪਰ ਕੋਈ ਅੰਤ ਨਹੀਂ ਪਾ ਸਕਦਾ। ਫਿਰ (੫) ਉਹ ਗੁਣਾਂ ਵਾਲਾ ਹੈ, ਜੀਵਾਂ ਦੀ ਪਾਲਣਾ ਕਰਦਾ ਹੈ, ਪਰ ਇਹ ਗੁਣ ਇੰਨੇ ਹਨ ਕਿ ਇਹ ਬੀ ਅਨਗਿਣਤ ਹਨ।

੪. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ ਦਾ-ਮੰਗਲ।

†ਤਾਰੇ ਅਨੇਕ ਬਿਬੇਕ ਜਹਾਜ਼ ਦੇ, ਖੋਲਿ ਦਿਯੇ ਉਰ ਮੋਹ ਕਿ ਤਾਰੇ।
ਤਾਰੇ ਬਿਸਾਲ ਪਖੰਡਿ ਪ੍ਰਚੰਡਿ ਜੇ, ਆਗੇ ਅਰੇ ਤਿਨ ਮਾਨ† ਉਤਾਰੇ।

†ਛਾਪੇ ਦੇ ਨੁਸਖੇ ਵਿਚ ਇਕ ਸਤਰ ਇਸ ਤੋਂ ਪਹਿਲੇ ਬੀ ਹੈ ਜੋ ਲਿਖਤੀ ਨੁਸਖਿਆਂ ਵਿਚ ਘੱਟ ਮਿਲਦੀ ਹੈ। ਜਿਸ ਦਾ ਪਾਠ ਇਹ ਹੈ:—'ਤਾਰੇ ਤਰੇ ਨਹੀਂ ਆਪ ਤਰੇ ਸਮ ਪਾਹਿਨ ਸੇ ਗੁਰ ਕੇਵਟ ਤਾਰੇ।' ਜਿਸ ਦਾ ਅਰਥ:—(ਜੋ) ਪੱਥਰ ਵਤ ਨਾ ਆਪ ਤਰ ਸਕਦੇ ਸਨ (ਤੇ ਨਾ ਕਿਸੇ ਦੇ) ਤਾਰਿਆਂ ਤਰ ਸਕਦੇ ਸਨ, ਓਹ ਗੁਰੂ ਮਲਾਹ ਨੇ ਤਾਰੇ।

†ਪਾ:—ਮਾਰ।

ਤਾਰੇ ਬਿਲੋਚਨ ਤੇ ਦਰਸੇ, ਉਬਰੇ† ਸੁ ਅਸੰਖ ਜਥਾ ਨਭ ਤਾਰੇ।
ਤਾਰੇ ਤਰੇ ਅਰੁ ਮਾਰੇ ਮਰੇ, ਗੁਰ ਨਾਨਕ ਕੀਨਿ ਭਏ ਤਮ ਤਾਰੇ ॥੪॥

†ਪਾ:—ਉਭਰੇ = ਉੱਚੇ ਹੋਏ, ਪ੍ਰਕਾਸ਼ੇ, ਮੁਕਤ ਹੋਏ।

ਬਿਬੇਕ ਜਹਾਜ਼ = ਗਿਆਨ ਦਾ ਜਹਾਜ਼।
ਮੋਹ ਕਿ ਤਾਰੇ = ਮੋਹ ਦੇ ਜੰਦਰੇ, [ਹਿੰ: ਤਾਲੇ]ਤਾਰੇ = ਤਾੜਨਾ ਕੀਤੀ।
ਬਿਸਾਲ ਪਖੰਡਿ = ਬੜੇ ਪਖੰਡੀ। ਪ੍ਰੰਚਡ = ਤੇਜਵਾਨ ਹੋਕੇ।
ਅੜੇ = ਆਕੜੇ। ਉਤਾਰੇ = ਉਤਾਰਿਆ, ਦੂਰ ਕੀਤਾ।
ਤਾਰੇ ਬਿਲੋਚਨ = ਨੇਤ੍ਰਾਂ ਦੀਆਂ ਧੀਰੀਆਂ।
ਅਸੰਖ = ਸੰਖਜਾ ਹੀਨ। ਅਨਗਿਣਤ।
ਤਮ ਤਾਰੇ = ਤਾਰਤਮਜ = ਨਜੂਨ ਅਧਿਕ = ਵੱਧ ਘੱਟ।

ਅਰਥ:

ਗਿਆਨ (ਰੂਪੀ) ਜਹਾਜ਼ ਦੇਕੇ ਬਿਅੰਤ ਹੀ (ਦਾਸ) ਤਾਰੇ (ਤੇ ਉਨ੍ਹਾਂ ਦੇ) ਹਿਰਦਿਆਂ (ਵਿੱਚੋਂ) ਮੋਹ ਦੇ ਜੰਦਰੇ ਖੋਹਲ ਦਿੱਤੇ। ਜੋ ਬੜੇ ਪਖੰਡੀ ਸਨ ਉਹਨਾਂ ਨੂੰ ਤੇਜਵਾਨ ਹੋਕੇ ਤਾੜਨਾ ਕੀਤੀ (ਅਤੇ ਜੇਹੜੇ ਆਪ ਦੇ) ਅੱਗੇ ਅੜੇ ਤਿਨ੍ਹਾਂ ਦੇ ਮਾਨ ਦੂਰ ਕੀਤੇ। (ਜਿਨ੍ਹਾਂ ਨੂੰ ਆਪ ਨੇ) ਨੇਤ੍ਰਾਂ ਦੀਆਂ ਧੀਰੀਆਂ ਨਾਲ ਦੇਖਿਆ (ਅਥਵਾ ਜਿਨ੍ਹਾਂ ਨੇ ਨੇਤ੍ਰਾਂ ਦੀਆਂ ਧੀਰੀਆਂ ਦੇ ਦਰਸ਼ਨ ਕੀਤੇ, ਸਭ ਨੂੰ ਆਪ ਨੇ ਚਾਹੇ ਓਹ) ਅਕਾਸ਼ ਦੇ ਤਾਰਿਆਂ ਵਾਂਙ ਅਨਗਿਣਤ ਸਨ ਤਾਰ ਦਿਤਾ। (ਸ੍ਰੀ ਸਤਿਗੁਰੂ) ਗੁਰੂ ਨਾਨਕ ਦੇਵ ਜੀ (ਨੇ ਜੋ) ਤਾਰੇ (ਸੋ) ਤਰ ਗਏ (ਤੇ ਜੋ) ਮਾਰੇ (ਸੋ) ਮਰ ਗਏ (ਉਨ੍ਹਾਂ) ਦੇ ਕੀਤੇ ਨਜੂਨ ਅਧਿਕ (ਨਜੂਨ ਅਧਿਕ) ਹੋ ਗਏ। (ਭਾਵ ਜਿਨ੍ਹਾਂ ਨੂੰ ਉਨ੍ਹਾਂ ਨੇ ਨਜੂਨ ਕੀਤਾ ਨਜੂਨ ਹੋ ਗਏ, ਜਿਨ੍ਹਾਂ ਨੂੰ ਅਧਿਕ ਕੀਤਾ ਅਧਿਕ ਹੋ ਗਏ)।

ਹੋਰ ਅਰਥ:

੪. ਤੁਕ:—ਗੁਰ ਨਾਨਕ ਕੀ ਨ ਭਏ ਤਮ ਤਾਰੇ = ਗੁਰ ਨਾਨਕ ਜੀ ਦੇ ਤੁੱਲ ਕੋਈ ਨਹੀਂ ਹੋਏ। ਤਾਰ ਤੇ ਤਮ ਗੁਣ ਵਾਚਕ ਪਦ ਲਾ ਕੇ।

੫. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ ਦਾ-ਮੰਗਲ।

ਚੌਪਈ:

ਬੰਦ ਨ ਹੋਵਹਿ ਸ਼ਰਨ ਮੁਕੰਦ। ਕੰਦ ਅਨੰਦ ਤਿਹਨ ਕੁਲ ਚੰਦ।
ਚੰਦਨ ਚਰਚਿਤਿ ਸੁਜਸ ਅਮੰਦ। ਮੰਦਿਰ ਗੁਨ ਗੁਰ ਅੰਗਦਿ ਬੰਦਿ ॥੫॥

ਬੰਦ = ਕੈਦ, ਫਸੌਤੀ, ਫਾਹੀ, ਰੋਕ। ਮੁਕੰਦ = ਮੁਕਤੀ ਦਾਤਾ।

ਕੰਦ = ਮੇਘ, ਬੱਦਲ, ਫਲ।

ਅਮੰਦ = ਨਿਰਮਲ, ਉੱਜਲ, ਜੋ ਮੰਦ ਨਾ ਹੋਵੇ।

ਅਰਥ:

(ਜਿਨ੍ਹਾਂ ਦੀ) ਸ਼ਰਨ ਮੁਕਤੀ ਦਾਤਾ ਹੈ (ਤੇ ਜਿਸ ਸ਼ਰਨ ਦੀ ਪ੍ਰਾਪਤੀ ਦੇ ਅਤੇ ਵਿਚ ਕੋਈ) ਰੁਕਾਵਟ ਨਹੀਂ ਹੁੰਦੀ, ਜੋ ਅਨੰਦ ਦੇ ਮੇਘ ਹਨ ਤੇ ਤਿਹਣ ਕੁਲ ਦੇ ਚੰਦ੍ਰਮਾਂ ਹਨ, (ਗਤ ਦੇ ਪੂਜਜ ਹਨ ਤੇ ਉਹਨਾਂ ਦਾ) ਸ੍ਰੇਸ਼ਟ ਜੱਸ ਛਿੜਕੇ ਹੋਏ ਚੰਦਨ ਵਾਂਙ ਉੱਜਲ ਹੈ, ਤੇ ਜੋ (ਸਾਰੇ ਸ਼੍ਰੇਸ਼ਟ) ਗੁਣਾਂ ਦਾ ਮਾਨੋ ਮੰਦਰ ਹਨ, (ਐਸੇ) ਸ੍ਰੀ ਗੁਰੂ ਅੰਗਦ ਜੀ (ਨੂੰ ਮੈਂ) ਨਮਸਕਾਰ ਕਰਦਾ ਹਾਂ।

ਹੋਰ ਅਰਥ:

੨. ਤ੍ਰੇਹਣ ਕੁਲ ਦੇ ਚੰਦ੍ਰਮਾਂ (ਸ੍ਰੀ ਗੁਰੂ ਅੰਗਦ ਦੇਵ ਜੀ ਇਸ ਲੋਕ ਵਿਚ ਤਾਂ ਅਨੰਦ ਦੇ ਦਾਤੇ ਹਨ)।

੧. (ਅੱਗੇ) ਉਹਨਾਂ ਦੀ ਸ਼ਰਨ (ਪਿਆਂ ਨੂੰ) ਜਮ ਦੀ ਰੋਕ ਨਹੀਂ ਹੁੰਦੀ (ਸਗੋਂ) ਮੁਕਤੀ ਪ੍ਰਾਪਤਿ ਹੁੰਦੀ ਹੈ। (ਅ) ਹੇ ਸ਼ਰਨ (ਪਇਆਂ ਦੇ) ਮੁਕਤੀ ਦਾਤਾ (ਗੁਰੂ ਅੰਗਦ ਜੀ) ਆਪ ਨੂੰ ਬੰਦਨ (= ਨਮਸਕਾਰ) ਹੋਵੇ।

੩. ਉਹਨਾਂ ਦਾ ਜਸ (ਰੂਪੀ ਸੂਰਜ) ਕਦੇ ਮੰਦ ਨਹੀਂ ਹੁੰਦਾ (ਸਦਾ ਇਕ ਰਸ ਚਮਕ ਰਿਹਾ ਹੈ, ਏਥੇ ਓਥੇ ਉਹਨਾਂ ਦੀ) ਚੰਦਨ (ਰੂਪੀ) ਕੀਰਤੀ (ਚਰਚਿਤਿ =) ਫੈਲ ਰਹੀ ਹੈ।

੪. (ਐਸੇ ਸ਼ੁਭ) ਗੁਣਾਂ ਦੇ ਮੰਦਰ (ਸ੍ਰੀ ਗੁਰੂ) ਅੰਗਦ (ਦੇਵ ਜੀ ਨੂੰ ਮੇਰੀ) ਨਮਸਕਾਰ ਹੋਵੇ।

੬. ਇਸ਼੍ਰ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ-ਮੰਗਲ।

ਪਾਰਨਿ ਕਰਿ ਸਿੱਖੀ ਬਿਸਤਾਰਨ। ਪਾਰਦ ਮਨ ਥਿਰ ਕਿਯ ਬਿਸਤਾਰ ਨ।
ਪਾਦ ਸੁ ਪਰੇ† ਕਰੇ ਨਿਸਤਾਰਨ। ਰਵਿ ਸ੍ਰੀ ਅਮਰ ਜਿਯਤ‡ ਨਿਸਤਾਰਨਿ।

†ਪਾ:-ਪਾਰ ਸਿ ਪਰੇ। ‡ਪਾ:-ਜਿ ਤਮ। ਜਿਮਤਿ।

ਪਾਰਨਿ = ਪਾਲਣਾ। ਬਿਸਤਾਰਨ = ਫੈਲਾਉਣਾ, ਪ੍ਰਚਾਰ।

ਪਾਰਦ ਮਨ = ਪਾਰੇ (ਵਤ ਚੰਚਲ) ਮਨ।

ਬਿਸਤਾਰਨ = ਬਿਸਤਾਨ+ਨ = ਨਾ ਖਿੰਡਾਉ ਵਿਚ ਗਏ। ਪਾਦ = ਚਰਨ।

ਨਿਸਤਾਰਨ = ਨਿਸਤਾਰਾ ਕੀਤਾ, ਪਾਰ ਉਤਾਰਾ ਕੀਤਾ।

ਰਵਿ = ਸੂਰਜ। ਜਿਯਤ = ਜੀਉਂਦੇ, ਜੀਵ।

ਨਿਸਤਾਰਨ = ਨਿਸ+ਤਾਰਨ = [ਨਿਸ = ਰਾਤ। ਤਾਰਨ = ਤਾਰਿਆਂ]

ਅਰਥ:

(ਜਿਨ੍ਹਾਂ ਨੇ) ਸਿੱਖੀ ਦੀ ਪਾਲਣਾ ਕੀਤੀ (ਤੇ ਉਸ ਨੂੰ) ਫੈਲਾਇਆ, (ਸ਼ਰਨਾਗਤਾਂ ਦੇ) ਪਾਰੇ (ਵਾਂਕੂ ਚੰਚਲ) ਮਨਾਂ ਨੂੰ (ਐਸਾ) ਟਿਕਾਇਆ (ਕਿ ਓਹ ਫੇਰ) ਨਾ ਖਿੰਡੇ (ਐਥੋਂ ਤਾਈਂ ਕਿ ਉਹਨਾਂ ਟਿਕੇ ਮਨਾਂ ਦੇ) ਚਰਨੀਂ (ਜੋ ਲੋਕ) ਆ ਪਏ ਉਹਨਾਂ ਦਾ ਬੀ) ਪਾਰ ਉਤਾਰਾ ਕੀਤਾ, (ਸੱਚ ਮੁਚ ਅਵਿੱਦਜਾ ਰੂਪੀ) ਰਾਤ (ਦੇ ਅੰਧਕਾਰ ਵਿਚ ਗ੍ਰਸੇ) ਜੀਵਾਂ ਨੂੰ ਸ੍ਰੀ (ਗੁਰੂ) ਅਮਰ ਦਾਸ (ਜੀ ਨੇ) ਸੂਰਜ ਵਾਂਙੂ ਤਾਰਿਆ (ਸੋ ਮੇਰਾ ਬੀ ਨਿਸਤਾਰਾ ਕਰਨ)।

ਹੋਰ ਅਰਥ:

੧. ਤੁਕ:-ਸਿੱਖੀ ਫੈਲਾਉਣ ਦਾ ਜਿਨ੍ਹਾਂ (ਪਾਰਨ =) ਪ੍ਰਣ ਹੀ ਕਰ ਲਿਆ ਸੀ।

੨ ਤੁਕ:-ਪਾਰੇ ਵਾਂਙੂ (ਬਿਸਤਾਰਨ =) ਖਿੰਡਣੇ ਵਾਲੇ ਅਰਥਾਤ ਚੰਚਲ ਮਨ ਨੂੰ ਟਿਕਾ ਦਿੱਤਾ।

੩ ਸ੍ਰੀ ਗੁਰੂ ਅਮਰ ਦੇਵ ਜੀ ਦੀ (ਰਵ =) ਬਾਣੀ ਜੀਵਾਂ ਦਾ ਨਿਸਤਾਰਾ ਕਰਨ ਵਾਲੀ ਹੈ।

ਸੂਚਨਾ:

ਤੀਸਰੀ ਸਤਰ ਵਿਚ ੨੨ ਮੰਜੀਆਂ ਵਲ ਇਸ਼ਾਰਾ ਹੈ।

੭. ਇਸ਼੍ਟ ਗੁਰੂ-ਸ੍ਰੀ ਗੁਰੂ ਰਾਮ ਦਾਸ ਜੀ ਦਾ-ਮੰਗਲ।

ਰਾਮ ਸਿੰਘ ਰਾਵਣ ਹਤਿ ਕਰੀ। ਰਾਮ ਜਥਾ ਰਾਜਨਿ ਮ੍ਰਿਤੁ ਕਰੀ।
ਰਾਮ ਮਘੇਸੁਰ ਦਲ ਹਤਿ ਡਾਰਾ। ਰਾਮਦਾਸ ਗੁਰ ਮੋਹ ਬਿਦਾਰਾ ॥੭॥

ਰਾਮ = ਰਾਮ ਚੰਦ੍ਰ ਜੀ।
ਹਤਿਕਰੀ = ਨਾਸ਼ ਕੀਤਾ। (ਅ) ਹਤਿ = ਨਾਸ਼ ਕੀਤਾ, ਕਰੀ = ਹਾਥੀ ਵਾਂਙੂ।
ਰਾਮ = ਪਰਸ਼ੁਰਾਮ। ਰਾਮ = ਬਲਰਾਮ, ਕ੍ਰਿਸ਼ਨ ਜੀ ਦਾ ਭਾਈ।
ਮਘੇਸੁਰ = ਜਰਾਸਿੰਧੁ। ਮਘਧ ਦੇਸ਼ ਦਾ ਰਾਜਾ। [ਸੰਸ: ਮਗਧੇਸ਼੍ਵਰ। ਮਗਧ+ਈਸ਼੍ਵਰ]

ਅਰਥ:

(ਜਿਵੇਂ) ਰਾਮ ਚੰਦ੍ਰ (ਜੀ ਨੇ) ਸ਼ੇਰ (ਵਾਂਙੂ ਮਹਾਂਬਲੀ ਹੋਕੇ) ਰਾਵਣ (ਰੂਪੀ) ਹਾਥੀ ਦਾ ਨਾਸ਼ ਕੀਤਾ। (ਜਿਵੇਂ) ਪਰਸ਼ੁਰਾਮ ਨੇ (ਕਸ਼੍ਤ੍ਰੀ) ਰਾਜੇ ਨਾਸ਼ ਕੀਤੇ। (ਜਿਵੇਂ) ਬਲਰਾਮ ਨੇ ਜਰਾਸਿੰਧੁ ਦੇ ਦਲ ਨੂੰ ਮਾਰਿਆ (ਤਿਵੇਂ ਸ਼੍ਰੀ) ਗੁਰੂ ਰਾਮਦਾਸ ਜੀ ਨੇ ਮੋਹ ਨੂੰ ਖੰਡ ਖੰਡ ਕਰ ਦਿੱਚਤਾ।

੮. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ ਦਾ-ਮੰਗਲ।

ਸ਼੍ਰੀ ਅਰਜਨ ਬਿਚ ਜੰਬੂ ਦੀਪ। ਭਏ ਪ੍ਰਕਾਸ਼ਕ ਜਿਮ ਤਮ ਦੀਪ।
ਬਾਣੀ ਰਚੀ ਬੇਦ ਲੇ ਸਾਰ। ਸਾਰ ਅਸਾਰ ਲਖਾਇ ਸੰਸਾਰ ॥੮॥

ਜੰਬੂਦੀਪ = ਸਾਰੀ ਦੁਨੀਆਂ ਵਿਚ ਸੱਤ ਦੀਪ ਗਿਣੇ ਜਾਂਦੇ ਹਨ, ਇਕ ਦਾ ਨਾਮ ਜੰਬੂ ਦੀਪ ਹੈ, ਜਿਸ ਦਾ ਇਕ ਖੰਡ ਇਹ ਭਾਰਤ ਖੰਡ ਹੈ। ਇਸ ਦਾ ਇਹ ਭਾਵ ਨਹੀਂ ਕਿ ਕੇਵਲ ਜੰਬੂ ਦੀਪ ਵਿਚ ਪ੍ਰਕਾਸ਼ ਕੀਤਾ, ਪਰ ਇਹ ਕਿ ਪ੍ਰਗਟੇ ਜੰਬੂ ਦੀਪ ਵਿਚ ਤੇ ਤਾਰਿਆ ਜਗਤ ਨੂੰ ਯਥਾ:—'ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ॥'
ਪੁਨਾ:—'ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ॥' ਪੁਨਾ:—'ਤਤੁ ਬੀਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰ ਬਨਾਯਉ॥'
ਬੇਦ ਸਾਰ = ਗ੍ਯਾਨ ਤੱਤ੍ਵ। ਲਖਾਇ = ਗਣਾਇਆ, ਦਸਿਆ।

ਅਰਥ:

ਸ਼੍ਰੀ ਗੁਰੂ ਅਰਜਨ ਦੇਵ ਜੀ ਜੰਬੂ ਦ੍ਵੀਪ ਵਿਚ ਐਉਂ ਪ੍ਰਕਾਸ਼ ਕਰਨ ਵਾਲੇ ਹੋਏ ਜਿਵੇਂ ਅੰਧੇਰੇ ਵਿਚ ਦੀਵਾ (ਪ੍ਰਕਾਸ਼ ਕਰਦਾ ਹੈ ਅਤੇ ਜਿਨ੍ਹਾਂ ਨੇ ਈਸ਼੍ਵਰ ਤੋਂ) ਗ੍ਯਾਨ ਤੱਤ੍ਵ ਲੈਕੇ ਬਾਣੀ ਰਚੀ (ਤੇ ਸਾਰੇ) ਸੰਸਾਰ ਦੇ ਸਾਰ ਤੇ ਅਸਾਰ ਨੂੰ ਜਣਾਇਆ।

ਭਾਵ:

ਇਸ ਵਿਚ ਜੋ ਪਦ ਪਿਆ ਹੈ 'ਬੇਦ ਲੇ ਸਾਰ' ਉਸ ਦਾ ਇਕ ਇਹ ਅਰਥ ਬੀ ਕਰਦੇ ਹਨ, ਕਿ ਚਹੁੰ ਵੇਦਾਂ ਵਿਚੋਂ ਸਾਰ ਸਾਰ ਲੈਕੇ ਬਾਣੀ ਰਚੀ। ਇਸ ਖਿਆਲ ਦਾ ਵੀਚਾਰ 'ਚਾਰ ਵੇਦ ਕੇ ਜਾਨਹੁ ਸਾਰ' ਤੁਕ ਦੇ ਅਰਥਾਂ ਵਿਚ ਕਰ ਆਏ ਹਾਂ ਦੇਖੋ ਸ਼੍ਰੀ ਗੁ: ਨਾ: ਪ੍ਰ: ਪੂਰਬਾਰਧ ਅਧ੍ਯਾਯ ੧ ਅੰਕ ੬੯ ਦਾ ਭਾਵ। 'ਵੇਦ' ਪਦ ਦੇ ਹੋਰ ਵਿਚਾਰ ਲਈ ਦੇਖੋ ਸ਼੍ਰੀ ਗੁ: ਨਾ: ਪ੍ਰ: ਪੂਰ: ਅ: ੩੭ ਅੰਕ ੫੧ ਦੀ ਹੇਠਲੀ ਟੂਕ। ਫੇਰ ਸ਼੍ਰੀ ਗੁ: ਨਾ: ਪ੍ਰ: ਪੂ: ਅ: ੫੨ ਅੰਕ ੭੭ ਦੀ ਹੇਠਲੀ ਟੂਕ। ਫੇਰ ਦੇਖੋ ਗੁ: ਪ੍ਰ: ਸੂ: ਰਾਸ ੩ ਅੰਸੂ ੪੧ ਅੰਕ ੧੧ ਦੀ ਹੇਠਲੀ ਟੂਕ।
ਇਨ੍ਹਾਂ ਤੋਂ ਇਹ ਦਿੱਸ ਪਏਗਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਟੀਕਾ ਵੇਦਾਂ ਦਾ ਸਮਝਣਾ ਗੁਰੂ ਸਿਧਾਂਤ ਦੇ ਵਿਰੁੱਧ ਹੈ। ਜੈਸਾ ਕਿ ਗੁਰਬਾਣੀ ਤੋਂ ਸਾਫ ਪ੍ਰਗਟ ਹੋ ਰਿਹਾ ਹੈ।
ਯਥਾ:—"ਵੇਦ ਪੜਹਿ ਹਰਿ ਰਸੁ ਨਹੀ ਆਇਆ॥ ਵਾਦੁ ਵਖਾਣਹਿ ਮੋਹੇ ਮਾਇਆ"

[ਮਾਝ ਮ: ੩]

ਪੁਨਾ:—"ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮ ਪਾਇਦਾ।"

[ਮਾਝ ਸੋ: ਮ: ੩]

ਭਾਈ ਗੁਰਦਾਸ ਜੀ ਦਾ ਭੀ ਸਪਸ਼ਟ ਵਾਕ ਇਹ ਹੈ:—

ਝੋਲਨਾ:

ਸਿਮ੍ਰਿਤਿ ਪੁਰਾਨ ਕੋਟਾਨਿ ਬਖਾਨ ਬਹੁ,
ਭਾਗਵਤ ਬੇਦ ਬਿਆਕਰਣ ਗੀਤਾ।
ਸ਼ੇਸ਼, ਮਰਜੇਸ਼, ਅਖਲੇਸ, ਸੁਰ, ਮਹੇਸ, ਮੁਨਿ,
ਜਗਤੁ ਅਰ ਭਗਤ ਸੁਰ ਨਰ ਅਤੀਤਾ॥
ਗਿਆਨੁ ਅਰੁ ਧਿਆਨੁ ਉਨਮਾਨ ਉਨਮਨ ਉਕਤਿ
ਰਾਗਿ ਨਾਦਿ ਦਿਜ ਸੁਰਮਤਿ ਨੀਤਾ॥
ਅਰਧ ਲਗ ਮਾਤ੍ਰ ਗੁਰ ਸ਼ਬਦ ਅੱਖਰ ਮੇਕ
ਅਗਮ ਅਤਿ ਅਗਮ ਅਗਾਧ ਮੀਤਾ ॥੪੪੦॥

[ਕਬਿੱਤ ਸਵੱਯੇ ਭਾ: ਗੁ:

੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਗੋਵਿੰਦ ਜੀ ਦਾ-ਮੰਗਲ।

ਨੇਤ੍ਰ ਬਿਸਾਲ ਜਥਾ ਅਰਵਿੰਦ। ਬਲੀ ਬਿਸਾਲ ਜਥਾ ਗੋਵਿੰਦ।
ਗਜਾਨੀ ਧਜਾਨੀ ਜੋ ਤਤਿਵਿੰਦ। ਸੋ ਸਰੂਪ ਸ਼੍ਰੀ ਹਰਿ ਗੋਵਿੰਦ ॥੯॥

ਬਿਸਾਲ = ਵਿਸ਼ਾਲ, ਵਡੇ, ਖੁਲ੍ਹੇ। ਅਰਵਿੰਦ = ਕਵਲ।
ਗੋਵਿੰਦ = ਵਾਹਿਗੁਰੂ ਜੀ। (ਅ) ਵਿਸ਼ਨੂ।
ਤਤਿਵਿੰਦ = ਤੱਤ੍ਵ+ਵਿੰਦ = ਤੱਤ੍ਵ ਦੇ ਜਾਣਨ ਵਾਲੇ। ਪੂਰਨ ਬ੍ਰਹਮ ਗਜਾਨੀ। ਤੱਤ੍ਵ = ਸਾਰ, ਆਤਮ ਤੱਤ੍ਵ। ਵਿਦ੍-ਧਾਤੂ ਦੇ ਤ੍ਰੈ ਅਰਥ ਹਨ:—ਲੱਭਣਾ, ਪ੍ਰਾਪਤੀ, ਗਿਆਨ। ਸੋ ਗਜਾਨੀ ਤਾਂ ਤੱਤ੍ਵ ਸ੍ਵਰੂਪ ਕਰਕੇ ਗੁਰੂ ਜੀ ਨੂੰ ਜਾਣਦੇ ਹਨ, ਤੇ ਧਜਾਨੀ ਧਜਾਨ ਦੁਵਾਰਾ ਪਾਉਂਦੇ ਹੈਨ, ਤੇ ਤੱਤ੍ਵਵੇਤਾ ਨੂੰ ਆਤਮ ਸ੍ਵਰੂਪ ਕਰ ਸਦਾ ਪ੍ਰਾਪਤ ਹੈਨ।

ਅਰਥ:

ਕਵਲਾਂ ਵਰਗੇ ਚੌੜੇ ਨੈਣਾਂ ਵਾਲੇ (ਹਨ), ਸ਼੍ਰੀ ਭਗਵਾਨ ਵਰਗੇ ਮਹਾਂ ਬਲ ਵਾਲੇ (ਹਨ), ਗਿਆਨੀ ਤੇ ਧਿਆਨੀ ਜਿਸ ਤੱਤ੍ਵ (ਸਰੂਪ) ਦੀ ਅਨੁਭਵ ਕਰਦੇ ਹਨ ਸੋ ਸਰੂਪ ਸ਼੍ਰੀ ਗੁਰ ਹਰਿਗੋਵਿੰਦ ਜੀ ਦਾ ਹੈ।

ਭਾਵ:

'ਕਵਲ ਨੈਨ' ਤੋਂ ਸੁਹਣੇ ਨੈਣਾਂ ਵਾਲੇ ਦੇ ਸਿਵਾ ਰਸਿਕ ਤੇ ਕ੍ਰਿਪਾ ਕਟਾਖਜ ਨਾਲ ਤਾਰਨ ਵਾਲੇ ਹੋਣ ਦੀ ਬੀ ਮੁਰਾਦ ਹੈ, ਗੋਵਿੰਦ ਸਰੀਖਾ ਬਲੀ ਕਹਿਣ ਤੋਂ ਭੁਜ ਬਲ ਤੋਂ ਸਿਵਾ ਆਤਮ ਬਲ ਦੀ ਬੀ ਮੁਰਾਦ ਹੈ। ਇਨ੍ਹਾਂ ਦੋਹਾਂ ਤੁਕਾਂ ਵਿਚ ਸ਼੍ਰੀਰਕ ਸਰੂਪ ਸੰਖੇਪ ਨਾਲ ਦਿਖਾਇਆ ਹੈ, ਅਗਲੀ ਤੁਕ ਵਿਚ ਆਤਮ ਸਰੂਪ ਦਰਸਾਇਆ ਹੈ। ਮੁਰਾਦ ਹੈ ਕਿ ਉਹ ਤੱਤ੍ਵ ਸ੍ਵਰੂਪ ਜਿਸ ਨੂੰ ਗਿਆਨੀ ਤੇ ਧਿਆਨੀ ਅਨੁਭਵ ਕਰਦੇ ਹਨ ਤੇ ਮਹਾਂਬਲੀ ਭਗਵਾਨ ਵਾਲਾ (ਸਰੂਪ) ਤੇ ਖਿੜੇ ਹੋਏ ਕਵਲ ਨੈਣਾਂ ਵਾਲਾ ਸੁੰਦਰ ਕ੍ਰਾਂਤੀ ਵਾਲਾ ਸਰੂਪ, ਸਭ ਦੇ ਸਮੁਦਾਇ ਦਾ ਨਾਮ ਹੈ 'ਸ਼੍ਰੀ ਗੁਰੂ ਹਰਿ ਗੋਵਿੰਦ।'

੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ ਦਾ-ਮੰਗਲ।

ਸਤਿ ਸੰਗਤਿ ਸੇਵਤਿ ਨਿਸ਼ਕਾਮ। ਹਰਿ ਬਿਕਾਰ ਕ੍ਰੋਧਾਦਿਕ ਕਾਮ।
ਪੂਰਹਿਂ ਦਾਸ ਜਿ ਬਾਂਛਤਿ ਕਾਮ। ਬੰਦੋਂ ਸ਼੍ਰੀ ਹਰਿ ਰਾਇ ਨਿਹਕਾਮ ॥੧੦॥

ਨਿਸ਼ਕਾਮ = ਕਾਮਨਾ ਰਹਿਤ ਹੋਕੇ।
ਕ੍ਰੋਧਾਦਿਕ ਕਾਮ = ਕਾਮ ਕ੍ਰੋਧ ਆਦਿ ਪੰਜ ਵਿਕਾਰ।
ਬਾਂਛਤਿ = ਚਾਹੀਆਂ ਹੋਈਆਂ।

ਅਰਥ:

੪. ਮੈਂ ਨਮਸਕਾਰ ਕਰਦਾ ਹਾਂ, ਸ਼੍ਰੀ (ਗੁਰੂ) ਹਰਿ ਰਾਇ (ਜੀ ਨੂੰ ਜੋ ਆਪ ਸਰਬ) ਕਾਮਨਾ ਤੋਂ ਰਹਿਤ ਹਨ।
੧. (ਅਤੇ ਉਹ) ਨਿਸ਼ਕਾਮ ਭਾਵਨਾ ਨਾਲ ਸੇਵਾ ਕਰਨੇ ਵਾਲੀ ਸਤਿਸੰਗਤ ਦੇ।
੨. ਕਾਮ ਕ੍ਰੋਧ ਆਦਿਕ (ਪੰਜ) ਵਿਕਾਰ ਦੂਰ ਕਰਦੇ ਹਨ।
੩. (ਤੇ ਕਾਮਨਾ ਨਾਲ ਸੇਵਾ ਕਰਨ ਵਾਲੇ) ਦਾਸਾਂ ਦੀਆਂ (ਮਨੋਂ) ਵਾਂਛਤਿ ਕਾਮਨਾ ਪੂਰਨ ਕਰਦੇ ਹਨ।

ਭਾਵ:

ਅਸਲ ਵਿਚ ਕਵਿ ਜੀ ਨੇ ਇਥੇ-ਹਰਿ+ਰਾਇ-ਦੋਹਾਂ ਦੇ ਅਭਿਪ੍ਰਾਇ ਦੀ ਸਫਲ ਟੀਕਾ ਕੀਤੀ ਹੈ। 'ਹਰਿ' ਦਾ ਅਰਥ ਹੈ ਦੂਰ ਕਰਨਾ ਸੋ ਨਿਸ਼ਕਾਮ ਸੰਗਤਾਂ ਦੇ ਵਿਕਾਰ ਦੂਰ ਕਰਦੇ ਹਨ। ਵਿਕਾਰ ਦੂਰ ਹੋਣ ਤੋਂ ਉਹ ਪਰਮ ਪਦ ਨੂੰ ਅੱਪੜ ਗਏ। ਦੂਸਰੇ 'ਰਾਇ' ਹੈ ਰਾਜਾ, ਰਾਜਾ ਆਪਣੀ ਸੇਵਕ ਪ੍ਰਜਾ ਨੂੰ ਪਦਾਰਥ ਆਦਿ ਵਿਭੂਤੀਆਂ ਦਾਨ ਕਰਨ ਦਾ ਬਲ ਰਖਦਾ ਹੈ, ਸੋ ਕਵਿ ਜੀ ਨੇ ਦਸਿਆ ਹੈ ਕਿ ਆਪ ਕਾਮਨਾਂ ਵਾਲਿਆਂ ਨੂੰ ਮਨੋਵਾਂਛਿਤ ਰਾਜ ਭਾਗ ਪਦਾਰਥ ਦੇ ਦੇਣ ਵਿਚ ਸਮਰੱਥ ਹਨ। ਨਿਸ਼ਕਾਮ ਭਗਤਾਂ ਨੂੰ ਆਪ ਨੇ ਮੁਕਤੀ ਦਿੱਤੀ ਤੇ ਸਕਾਮ ਸਿੱਖਾਂ ਨੂੰ ਰਾਜ ਤੇ ਜਗੀਰਦਾਰੀਆਂ ਦੇ ਵਰ ਬਖਸ਼ੇ।

੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ-ਮੰਗਲ।

ਆਰਬਲਾ ਲਘੁ ਸ਼ਕਤਿ ਬਿਸਾਲ।
ਬਾਲ ਗੁਰੂ ਹਰਿ ਕ੍ਰਿਸ਼ਨ ਰਸਾਲ।
ਬਾਲ ਸੂਰ ਲਘੁ† ਪਿਖਿ ਜਿਮ‡ ਜਾਲ। †ਪਾ:-ਲਖ। ‡ਤਿਮ।
ਮੋਹ ਤਿਮਰ ਤਿਮ† ਕਰਤਿ ਉਜਾਲ ॥੧੧॥ †ਪਾ:-ਹਰ।

ਰਸਾਲ = ਮਧੁਰ, ਮਿੱਠੇ, ਭਾਵ ਪਿਆਰੇ ਲੱਗਣ ਵਾਲੇ।
ਬਾਲ ਸੂਰ = ਚੜ੍ਹਦਾ ਸੂਰਜ, ਸਵੇਰ ਦਾ ਸੂਰਜ।

ਅਰਥ:

੨. (ਚਾਹੋ) ਮਿੱਠੇ (ਗੁਰੂ) ਹਰਿਕ੍ਰਿਸ਼ਨ ਜੀ ਬਾਲ ਗੁਰੂ ਹਨ।
੧. (ਅਰਥਾਤ ਉਹਨਾਂ ਦੀ) ਆਰਬਲਾ ਛੋਟੀ (ਹੈ ਪਰੰਤੂ) ਸ਼ਕਤੀ (ਗੁਰੂ ਪਦ ਜਿਤਨੀ ਹੀ) ਵਿਸ਼ਾਲ ਹੈ।
੩. ੪. ਜਿਵੇਂ ਬਾਲ ਸੂਰਜ ਨੂੰ ਮਾਰੇ ਦੇਖਕੇ ਨਿਕਾ (ਖਿਆਲ ਕਰਦੇ ਹਨ ਪਰੰਤੂ ਜਿਵੇਂ ਉਹ ਰਾਤ ਦੇ ਹਨੇਰੇ ਨੂੰ ਪੂਰੀ ਤਰ੍ਹਾਂ ਦੂਰ ਕਰ ਸੁਟਦਾ ਹੈ) ਤਿਵੇਂ ਮੋਹ ਦੇ ਅੰਧਕਾਰ ਨੂੰ (ਬਾਲ ਗੁਰੂ ਹਰਿਕ੍ਰਿਸ਼ਨ ਜੀ ਦੂਰ ਕਰਕੇ) ਪ੍ਰਕਾਸ਼ (ਦਾਨ) ਕਰ ਦੇਂਦੇ ਹਨ।

੧੨. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦਾ-ਮੰਗਲ।

ਹਿੰਦੁ ਲਾਜ ਰਾਖੀ ਬਨਿ ਚਾਦਰ।
ਤੁਰਕ ਜੁਵਾਸਾ ਕੋ ਬਡ ਬਾਦਰ।
ਸਿਖ ਸਿਮਰਤਿ ਜਿਤ ਕਿਤ ਹੁਇ ਹਾਦਰ।
ਨਮੋ ਚਰਨ ਗੁਰ ਤੇਗ਼ ਬਹਾਦੁਰ ॥੧੨ ॥

ਚਾਦਰ = ਬੁੱਕਲ ਮਾਰਨ ਦਾ ਕਪੜਾ ਜਿਸ ਨਾਲ ਲਾਜ ਵਾਲੀਆਂ ਆਪਣਾ ਤਨ ਕੱਜਦੀਆਂ ਹਨ। (ਅ) ਉਚੇ ਥਾਂ ਤੋਂ ਝਰਨੇ ਵਾਂਙੂ ਪੈਣ ਵਾਲੀ ਪਾਣੀ ਦੀ ਰੌ। [ਫਾ: ਚਾਦਰ]
ਜੁਵਾਸਾ = ਜੁਵਾਹਾਂ, ਇਕ ਤਰ੍ਹਾਂ ਦਾ ਕੰਡਿਆਂ ਵਾਲਾ ਬੂਟਾ ਜੋ ਬਰਸਾਤ ਪੈਣ ਨਾਲ ਗਲਦਾ ਤੇ ਔੜ ਨਾਲ ਮੌਲਦਾ ਹੈ।
ਬਾਦਰ = ਬੱਦਲ। ਹਾਦਰ = ਹਾਜ਼ਰ।

ਅਰਥ:

੪. (ਸ਼੍ਰੀ) ਗੁਰੂ ਤੇਗ ਬਹਾਦੁਰ ਜੀ ਦੇ ਚਰਨਾਂ ਤੇ ਮੇਰੀ ਨਮਸਕਾਰ ਹੈ। ੧. (ਜਿਨ੍ਹਾਂ ਨੇ) ਹਿੰਦ ਦੀ ਲਾਜ ਚਾਦਰ ਬਣਕੇ ਰਖੀ। ੨. (ਜੋ) ਤੁਰਕਾਂ (ਰੂਪੀ) ਜੁਵਾਹੇਂ ਨੂੰ ਬੜੇ ਬੱਦਲ (ਸਮਾਨ ਪ੍ਰਤੀਤ ਹੋਏ ਪਰ) ੩. ਸਿੱਖਾਂ ਨੂੰ ਜਿੱਥੇ ਕਿਤੇ (ਉਹਨਾਂ ਨੇ ਆਪ ਨੂੰ) ਯਾਦ ਕੀਤਾ, (ਓਥੇ ਹੀ) ਹਾਜ਼ਰ ਹੋਏ।

ਭਾਵ:

ਚਾਦਰ ਸ਼ਲੇਖ ਪਦ ਹੈ। ਚੱਦਰ ਸ਼ਰੀਰ ਦਾ ਕੱਜਣ ਹੈ, ਇਸ ਕਰਕੇ ਲੱਜਿਆ ਰੱਖਣ ਦਾ ਉਪਾਉ ਹੈ। ਹਿੰਦ ਜੋ ਅਵਿੱਦਯਾ ਤੇ ਗ਼ੁਲਾਮੀ ਵਿਚ, ਖੁਦਗਰਜ਼ੀ ਤੇ ਪਾਟੋ ਧਾੜ ਵਿਚ ਬੇ-ਹਿਯਾ ਹੋ ਰਿਹਾ ਸੀ, ਆਪਣਾ ਸੀਸ ਦੇਕੇ ਗੁਰੂ ਜੀ ਨੇ ਕੁਰਬਾਨੀ, ਅਣਖ, ਗ਼ੈਰਤ, ਬਹਾਦਰੀ, ਪਰੋਪਕਾਰ ਦਾ ਨਮੂਨਾ ਬਣਕੇ ਸਾਰੀਆਂ ਲੱਜਯਾ ਰੱਖ ਲਈਆਂ।
ਚਾਦਰ ਝਰਦੇ ਪਾਣੀ ਦੀ ਰੌ ਨੂੰ ਬੀ ਕਹਿੰਦੇ ਹਨ, ਇਸ ਅਰਥ ਦਾ ਕਟਾਖਯ ਬੱਦਲ ਨਾਲ ਰੱਖਿਆ ਹੈ, ਜਿਸ ਦੇ ਪੈਣ ਨਾਲ ਜਵਾਹਾਂ ਮਰਦਾ ਹੈ। ਹਿੰਦ ਸ਼ੁਭ ਪੈਲੀ ਹੈ, ਜੋ ਪਾਣੀ ਦੇ ਝਰਨ ਨਾਲ ਪਲੀ ਤੇ ਤੁਰਕ ਜਵਾਹਾਂ ਸਨ ਜੋ ਪਾਣੀ ਪੈਣ ਨਾਲ ਮਰੇ ਪਰੰਤੂ ਸਿੱਖਾਂ ਲਈ ਆਪ ਗੁਰੂ, ਪਿਤਾ, ਮਿੱਤ੍ਰ, ਭਗਵਾਨ ਦਾ ਰੂਪ ਹਨ ਕਿ ਜਿੱਥੇ ਓਹ ਯਾਦ ਕਰਨ ਓਥੇ ਹੀ ਸਦੀਵ ਸਹਾਇਤਾ ਨੂੰ ਅੱਪੜਦੇ ਹਨ।

੧੩. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਵਿੰਦ ਸਿੰਘ ਜੀ ਦਾ-ਮੰਗਲ।

ਉਦੈ ਤੇਜ ਜਗ ਮਹਿ ਸਮ ਸੂਰ। ਦੁਸ਼ਟਨਿ ਕੇ ਉਪਜਾਵਤਿ ਸੂਰ।
ਹਤੇ ਸ਼ੱਤ੍ਰ ਗਨ ਗਹਿ ਕਰਿ ਸੂਰ। ਸ਼੍ਰੀ ਗੁਰ ਗੋਬਿੰਦ ਸਿੰਘ ਬਡ ਸੂਰ ॥੧੩॥

{ਸੂਰ = ਸੂਰਜ। ਸੂਰ = ਸੂਲ, ਪੀੜਾ। ਸੂਰ = ਸ਼ੂਲ = ਬਰਛਾ। ਸੂਰ = ਸੂਰਮੇਂ।}

ਅਰਥ:

੧. ੨. ਜਿਵੇਂ ਜਗਤ ਵਿਚ ਸੂਰਜ ਦਾ ਚੜ੍ਹਦਾ ਤੇਜ ਦੁਸ਼ਟਾਂ ਦੇ (ਦਿਲ ਵਿਚ) ਦੁਖ ਪੈਦਾ ਕਰਦਾ ਹੈ†।
†ਕਿਉਂਕਿ ਓਹ ਹਨੇਰੇ ਵਿਚ ਪਾਪ ਕਰ ਰਹੇ ਹੁੰਦੇ ਹਨ।
੩. ੪ (ਤਿਵੇਂ) ਬੜੇ ਸੂਰਮੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ (ਜਗਤ ਵਿਚ) ਬਰਛਾ ਹੱਥ ਵਿਚ ਪਕੜਕੇ ਸਮੂਹ ਵੈਰੀ ਮਾਰੇ।

ਹੋਰ ਅਰਥ:

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਸੂਰਮੇਂ ਹਨ, ਜਿਨ੍ਹਾਂ ਦਾ ਤੇਜ ਉਦੇ ਸੂਰਜ ਵਾਂਙੂ ਜਗਤ ਵਿਚ (ਨਿਤ ਵਸਣੇ ਵਾਲੀ ਵਸਤੂ ਹੈ) ਜੋ ਦੁਸ਼ਟਾਂ ਦੇ ਚਿੱਤ ਵਿਚ ਸੂਲ ਉਪਜਾਉਂਦਾ ਹੈ, (ਤੇ ਜਿਨ੍ਹਾਂ ਨੇ) ਹੱਥ ਵਿਚ ਸ਼ਸਤ੍ਰ ਫੜਕੇ ਸ਼ਤ੍ਰੂਆਂ ਦੇ ਸਮੂਹ ਮਾਰੇ ਹਨ।

੧੪. ਦਸਾਂ ਗੁਰੂ ਸਾਹਿਬਾਂ ਦਾ ਇਕੱਠਾ ਮੰਗਲ।

ਦਸ ਸਰੁਪ ਕੋ ਨਮੋ ਹਮਾਰੀ। ਜਿਨਹੁ ਜਨਨਿ ਕੀ ਦੁਬਿਧਾ ਟਾਰੀ।
ਬਰਨੋਂ ਪੰਚਮ ਰਾਸਿ ਅਗਾਰੀ। ਸ਼੍ਰੋਤਾ ਸੁਨਹੁ ਪਾਪ ਗਨ ਹਾਰੀ ॥੧੪॥

ਅਰਥ:

(ਸਤਿਗੁਰਾਂ ਦੇ) ਦਸਾਂ (ਹੀ) ਸਰੂਪਾਂ ਨੂੰ ਸਾਡੀ ਨਮਸਕਾਰ ਹੈ, ਜਿਨ੍ਹਾਂ ਨੇ (ਕਿ ਸਦੀਵ ਆਪਣੇ) ਦਾਸਾਂ ਦੀ ਦੁਬਿਧਾ ਦੂਰ ਕੀਤੀ ਹੈ, (ਹੁਣ ਮੈਂ) ਅੱਗੋਂ ਪੰਜਵੀਂ ਰਾਸ ਵਰਣਨ ਕਰਦਾ ਹਾਂ, ਹੇ ਸੁਣਨ ਵਾਲਿਓ! ਸੁਣੋ, (ਇਹ ਕਥਾ) ਸਮੂਹ ਪਾਪਾਂ ਦਾ ਨਾਸ਼ ਕਰਨੇ ਵਾਲੀ ਹੈ।

੧੫. ਨਾਮ ਦੇ ਪ੍ਰੇਮੀ ਗੁਰ ਸਿੱਖਾਂ ਦਾ ਮੰਗਲ।

ਲਾਖਹੁਂ ਸਤਿਗੁਰ ਕੇ ਸਿਖ ਪੂਰੇ। ਅਪਨ ਸਰੂਪ ਲਖਜੋ ਜਿਨ ਰੂਰੇ।
ਮਹਾਂ ਸ਼ਕਤਿ ਧਰਿ ਬ੍ਰਿਧ ਤੇ ਆਦਿ। ਬੰਦਨ ਕਰੌਂ, ਧਰਹੁ ਅਹਿਲਾਦ ॥੧੫॥
ਸਗਰੋ ਗ੍ਰਿੰਥ ਸੰਪੂਰਨ ਕਰੋ। ਪਰਹਿਂ ਬਿਘਨ ਗਨ ਤਿਨ ਕੋ ਹਰੋ।
ਸ਼ੁਭ ਮਤਿ ਉਪਜਾਵੋ ਉਰ ਅੰਤਰ। ਬਰਨੌਂ ਸਤਿਗੁਰ ਸੁਜਸ ਨਿਰਤਰ ॥੧੬॥

ਨਿਰੰਤਰ = ਜਿਸ ਵਿਚ ਅੰਤਰਾ ਯਾ ਵਿੱਥ ਨਾ ਪਵੇ, ਭਾਵ ਇਕ ਲੜੀ ਪ੍ਰੋਤਵਾਂ (ਅਟੁੱਟਵੀਂ ਲੜੀ)। ਭਾਵ, ਦਸਮੇਂ ਪਾਤਸ਼ਾਹ ਜੀ ਦੇ ਹਾਲਾਤ ਦੇ ਅੰਤ ਤਕ ਨਿਭਾਂ, ਕਿਤੇ ਵਿਚਕਾਰੇ ਨਾ ਰਹਿ ਜਾਵੇ ਲਿਖਣਾ ਮੇਰਾ।

ਅਰਥ:

੩. ਮੁੱਢ ਤੋਂ (ਬਾਬਾ) ਬੁੱਢਾ ਜੀ ਤੋਂ ਲੈਕੇ ਮਹਾਨ ਸ਼ਕਤੀ ਦੇ ਧਾਰਨ ਵਾਲੇ ੧. ਜੋ ਸਤਿਗੁਰੂ ਜੀ ਦੇ ਲੱਖਾਂ ਪੂਰੇ ਸਿਖ (ਹੋਏ ਹਨ) ੨. ਜਿਨ੍ਹਾਂ ਨੇ ਆਪਣੇ ਸੁੰਦਰ ਸਰੂਪ ਦੀ ਲੱਖਤਾ ਪ੍ਰਾਪਤ ਕਰ ਲਈ ਸੀ, ੪- ਉਨ੍ਹਾਂ ਸਾਰਿਆਂ ਨੂੰ ਮੈਂ ਬੰਦਨਾਂ ਕਰਦਾ ਹਾਂ (ਕਿ ਮੇਰੇ ਤੇ) ਖੁਸ਼ੀ ਕਰੋ (ਹੇ ਗੁਰੂ ਪ੍ਰੇਮੀਓਂ!) ॥੧੫॥

(ਤੁਸੀਂ ਮੇਰਾ) ਸਾਰਾ ਗ੍ਰੰਥ (ਗੁਰ ਪ੍ਰਤਾਪ ਸੂਰਜ) ਸੰਪੂਰਨ ਕਰੋ, ਜੋ ਬਿਘਨ ਪੈਣ (ਉਹਨਾਂ) ਸਾਰਿਆਂ ਨੂੰ ਨਾਸ਼ ਕਰੋ (ਤੇ) ਚੰਗੀ ਬੁੱਧੀ ਮੇਰੇ ਰਿਦੇ ਦੇ ਅੰਦਰ ਪੈਦਾ ਕਰੋ, ਤਾਂ ਜੋ (ਮੈਂ) ਸਤਿਗੁਰ ਜੀ ਦੇ ਸ੍ਰੇਸ਼ਟ ਜਸ ਨੂੰ ਅਟੁੱਟਵੀਂ ਲੜੀ ਵਿਚ ਵਰਣਨ ਕਰਾਂ।

[ਮੰਗਲ ਸਮਾਪਤਿ। ਕਥਾ ਦਾ ਅਰੰਭ]

ਦੋਹਰਾ:

ਸਤਿਗੁਰ ਹਰਿ ਗੋਵਿੰਦ ਜੀ, ਦੁਰਗ
ਗੁਆਲਿਯਰ ਛੋਰਿ।
ਖਾਂ ਵਜ਼ੀਰ ਕੋ ਸੰਗ ਲੈ, ਗਮਨੇ ਦਿੱਲੀ ਓਰਿ
॥੧੭॥

ਚੌਪਈ:

ਕਾਰਾਗ੍ਰਿਹ ਤੇ[1] ਨ੍ਰਿਪ ਨਿਕਸਾਏ।
ਸੋ ਹਰਿਦਾਸ ਸਾਥ ਗਮਨਾਏ।
ਅਧਿਕ ਅਨੰਦਤਿ ਕਰਤਿ ਉਚਾਰੀ।
'ਧੰਨ ਧੰਨ ਗੁਰੁ ਪਰਉਪਕਾਰੀ' ॥੧੮॥
ਸੁਜਸੁ ਉਚਾਰਤਿ ਜਹਿਂ ਕਹਿਂ ਗੁਰੁ ਕੋ।
ਚਲੇ ਆਇ ਸਭਿ ਦਿੱਲੀ ਪੁਰਿ ਕੋ।
ਸ੍ਰੀ ਹਰਿ ਗੋਵਿੰਦ ਮਾਰਗ ਸਾਰੇ।
ਉਲੰਘਤ ਕੀਨਸਿ ਸ਼ੀਘ੍ਰ ਪਧਾਰੇ ॥੧੯॥
ਆਇ ਟਿਕੇ ਮਜਨੂੰ ਅਸਥਾਨਾ।

[1]ਕੈਦ ਖਾਨੇ ਵਿਚੋਂ।

ਖਾਂ ਵਜ਼ੀਰ ਢਿਗ ਸ਼ਾਹੁ ਪਯਾਨਾ।
ਨੰਮ੍ਰਿ ਭਯੋ ਬਹੁ ਕਰੀ ਸਲਾਮ।
ਬੋਲ੍ਯੋ ਹਜ਼ਰਤ ਲੇ ਇਸ[1] ਨਾਮ ॥੨੦॥
'ਕਰਤੇ ਰਹੇ ਪ੍ਰਤੀਖਨਿ ਤੇਰੀ।
ਮੁਖ ਪ੍ਰਸੰਨ ਦੀਖਤਿ ਇਸ ਬੇਰੀ।
ਗੁਰੂ ਸੰਗ ਆਯੋ ਕੈ ਨਾਂਹੀ?
ਅਭਿਲਾਖਤਿ ਬਹੁ ਚਿਤ ਕੇ ਮਾਂਹੀ'
॥੨੧॥
ਸੁਨਿ ਵਜ਼ੀਰ ਖਾਂ ਬਾਕ ਬਖਾਨਾ।
'ਮਦਤ ਖੁਦਾਇ ਆਪ ਕੀ ਜਾਨਾ।
ਹਾਸਲ ਹੋਇ ਮੁਰਾਦ ਤੁਹਾਰੀ।
ਆਇ ਥਿਰੀ ਸਤਿਗੁਰ ਅਸਵਾਰੀ ॥੨੨॥
ਮਜਨੂੰ ਕੇ ਇਸਥਾਨ ਸੁਹਾਏ।
ਸੁਧਿ ਦੈਬੇ ਹਿਤ ਮੋਹਿ ਪਠਾਏ।
ਜਬਿ ਅਵਸਰ ਜੋਵਹੁ ਬੁਲਵਾਵਨਿ।
ਧਰਿ ਸ਼ਰਧਾ ਲਿਹੁ ਦਰਸ਼ਨ ਪਾਵਨਿ'
॥੨੩॥
ਸੁਨਤਿ ਸ਼ਾਹੁ ਹਰਖ੍ਯੋ ਤਿਹ ਸਮੈਂ।
ਤਰੁ ਕੁਮਲਾਵਤਿ ਮਿਲਿ ਜਲ ਜਿਮੈ†।
-ਨਿਜ ਸਿਰ ਤੇ ਅਬਿ ਫਰਜ਼ ਉਤਾਰੋਂ।
ਹੋਹਿ ਨ ਤ੍ਰਾਸ ਪ੍ਰਸੰਨਤਾ ਧਾਰੋਂ- ॥੨੪॥
ਕਹਤਿ ਭਯੋ 'ਇਹ ਅਵਸਰ ਆਛੋ।
-ਆਇ ਦਰਸ ਗੁਰ ਦੇਂ- ਉਰ ਬਾਂਛੋਂ।
ਕਰਹੁ ਬੰਦਗੀ ਆਨਹੁ ਜਾਇ।'
ਸਾਦਰ ਮਧੁਰੇ ਬਾਕ ਅਲਾਇੰ ॥੨੫॥
ਸੁਨਿ ਵਜ਼ੀਰ ਖਾਂ ਗਮਨ੍ਯੋ ਐਸੇ।
ਛੁਟੈ ਸਬੇਗ ਧਨੁਖ ਸਰ ਜੈਸੇ।
ਆਗੇ ਸਤਿਗੁਰੁ ਭਏ ਸੁਚੇਤ।
ਗੁਰੁ ਦ੍ਰੋਹੀ ਕੇ ਹਤਿਬੇ ਹੇਤੁ ॥੨੬॥
ਨਮੋ ਕਰਤਿ ਨਿਜ ਮਰਜ਼ ਗੁਜ਼ਾਰੀ।
'ਸ਼ਾਹੁ ਬੰਦਗੀ ਹਰਖਿ ਉਚਾਰੀ।
ਸੁਨਿ ਕਰਿ ਰਾਵਰ ਕੋ ਆਗਵਨੁ।

[1]ਭਾਵ ਵਜ਼ੀਰ ਖਾਂ ਦਾ।
†ਪਾ:-ਸਮੈਂ।

ਹੁਇ ਪ੍ਰਸੰਨ ਅਤਿਸ਼ੈ ਰਿਪੁ ਦਵਨੂ[1] ॥੨੭॥
ਅਬਿ ਚਾਹਤਿ ਦਰਸ਼ਨ ਕਰਿ ਪ੍ਰੇਮ।
ਜਾਨੀ ਅਧਿਕ ਆਪਨੀ ਛੇਮ।
-ਮਿਹਰਵਾਨਗੀ ਕਰਿ ਗੁਰੁ ਆਵੇਂ।
ਜਾਨਿ ਅਵੱਗਜਾ ਨਹੀਂ ਰਿਸਾਵੇਂ-' ॥੨੮॥
ਸ਼੍ਰੀ ਗੁਰੁ ਸੁਨਤਿ ਬਸਤ੍ਰ ਕੋ ਧਾਰੇ।
ਗਰ ਮਹਿਂ ਜਾਮਾ ਪਹਿਰ ਸਵਾਰੇ।
ਅਤਿ ਸੁੰਦਰ ਚੀਰਾ ਸਿਰ ਸ਼ੋਭਾ।
ਊਪਰ ਜਿਗਾ ਪਿਖਤਿ ਮਨ ਲੋਭਾ ॥੨੯॥
ਜ਼ੇਵਰ ਜਬਰ ਜਵਾਹਰ ਜਰੇ।
ਅੰਗ ਅੰਗ ਪ੍ਰਤਿ ਸ਼ੋਭਾ ਧਰੇ।
ਗਹਿ ਦੁਕੂਲ ਕਟ ਕੋ ਕਸਿ ਕਰਿ ਕੈ।
ਹਯ ਆਰੂਢ, ਬਾਗ ਕਰ ਧਰਿ ਕੈ[1] ॥੩੦॥
ਖਾਂ ਵਜ਼ੀਰ ਚਲਿ ਪਰਜੋ ਅਗਾਰੀ।
ਸਿਖ ਕੁਛ ਸੰਗ ਗੁਰੂ ਅਸਵਾਰੀ।
ਨਗਰ ਪ੍ਰਵੇਸ਼ੇ ਚਪਲ ਤੁਰੰਗ।
ਬਲ ਸੋਂ ਚਲਤਿ ਸ਼ੁਭਤਿ ਦੁਤਿ ਅੰਗ ॥੩੧॥
ਫੁਰਕਤਿ[1] ਕਬਿ ਫਾਂਧਤਿ ਲਘੁ ਛਾਲ।
ਰੋਕਤਿ ਸਤਿਗੁਰੁ ਧੀਰਜ ਨਾਲ।
ਲੋਕ ਬਿਲੋਕਤਿ ਸਫਲ ਬਿਲੋਚਨ।
ਮੋਚਤਿ ਚਿਤ ਤੇ ਗੁਰੁ ਦਿਸ਼ਿ ਸੋਚਨਿ[1] ॥੩੨॥
ਸੁਨਿ ਸੁਨਿ ਧਾਇ ਕਰਤਿ ਹੈਂ ਬਦਨ।
ਅਵਲੋਕਤਿ ਨਰ ਕਸ਼ਟ ਨਿਕੰਦਨ।
ਸਭਿ ਸਿੱਖਨਿ ਮਨ ਭਈ ਵਧਾਈ।
'ਕੈਦਿਨਿ ਦੁਰਗ ਮਹਾਂ ਦੁਖਦਾਈ[1] ॥੩੩॥
ਜਾਸ[1] ਪ੍ਰਵੇਸ਼ਨਿ ਤਿਸ ਥਲ ਹੋਇ।
ਨਿਕਸਨਿ ਕੀ ਪੁਨ ਆਸ ਨ ਕੋਇ।
ਬਿਖਮ ਦੁਰਗ ਤੇ ਨਿਕਸੇ ਨਾਥ।

[1]ਭਾਵ ਬਾਦਸ਼ਾਹ।

[1]ਵਾਗ ਹਥ ਫੜਕੇ।

[1]ਫੁਕਾਰਾ ਮਾਰਦਾ ਹੈ।

[1]ਗੁਰੂ ਜੀ ਦੀ ਤਰਫ (ਦੇਖਕੇ) ਚਿਤ ਤੋਂ ਸੋਚਾਂ ਨੂੰ ਦੂਰ ਕਰਦੇ ਹਨ (ਅ) ਚਿਤ ਤੇ ਗੁਰ ਦਿਸ ਮੋਚਤਿ ਸੋਚਨਿ = ਗੁਰੂ ਜੀ ਵੱਲ ਦੇਖਕੇ ਸੋਚਾਂ ਦੂਰ ਕਰਦੇ ਹਨ।

[1]ਕੈਦੀਆਂ ਨੂੰ ਜੋ ਕਿਲਾ ਦੁਖਦਾਈ ਸੀ?

[1]ਜਿਸ ਦਾ।

ਲਏ ਬਵੰਜਾ ਕੈਦੀ ਸਾਥ ॥੩੪॥
ਤੁਮ ਬਿਨ ਕੌਨ ਕਰੇ ਅਸ ਕਾਜ?
ਰਾਖਜੋ ਬਿਰਦ ਗ਼ਰੀਬ ਨਿਵਾਜ†।

†ਸ੍ਰੀ ਗੁਰੂ ਹਰਿਗੋਬਿੰਦ ਜੀ ਦੀ 'ਬੰਦੀਛੋਰ' ਦੀ ਅੱਲ ਤਦ ਤੋਂ ਪਈ ਹੈ, ਕਿਲੇ ਗੁਵਾਲੀਅਰ ਵਿਚ ਇਕ ਥੜਾ 'ਬੰਦੀਛੋਰ ਪੀਰ' ਦਾ ਨਿਸ਼ਾਨ ਹੁਣ ਤਕ ਕਾਇਮ ਹੈ, ਗੋ ਇਹ ਥਾਂ ਸਿਖ ਸੇਵਕਾਂ ਦੇ ਅਧਿਕਾਰ ਵਿਚ ਨਹੀਂ ਹੈ। ਸ਼ਹਿਰ ਵਿਚ ਇਕ ਗੁਰਦੁਆਰਾ ਹੈ ਜੋ ਪਿਛਲੇ ਮਹਾਰਾਜ ਨੇ ਬਣਵਾਇਆ ਹੈ, ਓਹ ਛਾਲੌਨੇ ਵਾਲੇ ਸਿੰਘ ਮਹਾਤਮਾ ਤੋਂ ਦੀਖਜਤ ਹੋਏ ਸਨ ਤੇ ਸੁਖਮਨੀ ਸਾਹਿਬ ਦਾ ਪਾਠ ਰੋਜ਼ ਸੁਣਦੇ ਯਾ ਕਰਦੇ ਸਨ।

ਮਰਣ ਪ੍ਰਯੰਤ ਕੈਦ ਜਿਨ ਕੇਰੀ।
ਮੁਚਹਿ ਨ ਧਨ ਬਲ ਤੇ ਕਿਸ ਬੇਰੀ ॥੩੫॥
ਤਿਨ ਪਰ ਕ੍ਰਿਪਾ ਧਾਰਿ ਲੇ ਆਏ।
ਸਭਿ ਕੇ ਪਗ ਬੰਧਨ ਕਟਵਾਏ।
ਜਗ ਮਹਿਂ ਬਡੋ ਸੁਜਸੁ ਇਹੁ ਲੀਨਾ।
ਵਡ ਉਪਕਾਰ ਨ੍ਰਿਪਨਿ ਪਰ ਕੀਨਾ' ॥੩੬॥
ਨਗਰ ਬਿਖੈ ਕੀਰਤਿ ਬਹੁ ਥਾਨ।
ਸਤਿਗੁਰੁ ਸੁਨਤਿ ਜਾਤਿ ਨਿਜ ਕਾਨ।
ਗਏ ਦੁਰਗ ਕੇ ਪੌਰ ਪ੍ਰਵੇਸ਼ੇ।
ਬ੍ਰਿੰਦ ਸੁਭਟ ਆਯੁਧ ਧਰਿ ਬੈਸੇ ॥੩੭॥
ਕਹਜੋ ਵਜ਼ੀਰ ਖਾਂਨ ਸਭਿ ਸਾਥ।
'ਖਰੇ ਹੋਇ ਸਨਮਾਨਹੁ ਨਾਥ।
ਪਾਤਿਸ਼ਾਹੁ ਕੇ ਪ੍ਰਾਨਨਿ ਦਾਨੀ।
ਇਨ ਤੇ ਆਛੋ ਅਪਰ ਨ ਜਾਨੀ†' ॥੩੮॥

†ਪਾ:—ਦਾਨੀ।

ਸੁਨਿ ਸਗਰੇ ਹੁਇ ਖਰੇ ਅਗਾਰੀ।
ਕਰੀ ਸਲਾਮ ਨੰਮ੍ਰਤਾ ਧਾਰੀ।
ਤਹਿਂ ਤੇ ਗਏ ਬਹੁਰ ਗੁਰੁ ਆਗੇ।
ਜਹਾਂ ਸ਼ਾਹੁ ਜੁਤਿ ਨਰ ਬਡਿ ਭਾਗੇ ॥੩੯॥
ਹਯ ਤੇ ਉਤਰਿ ਚਰਨ ਸੋਂ ਚਾਲੇ।
ਜਹਾਂ ਕਚਹਿਰੀ ਥਾਨ ਬਿਸਾਲੇ।
ਚਾਮੀਕਰ ਤੇ ਚਿੱਤ੍ਰਤਿ ਘਰ ਹੈਂ।
ਕਾਨਨ ਮਿਰਗ ਲਿਖੇ ਪਰ ਧਰ ਹੈਂ[1] ॥੪੦॥

[1]ਧਰਤੀ ਤੇ ਬਨ ਦੇ ਮ੍ਰਿਗਾਂ (ਦੀਆਂ ਮੂਰਤੀਆਂ) ਲਿਖੀਆਂ ਹਨ। ਭਾਵ ਸੰਗਮਰਮਰ ਦੇ ਰੰਗੋ ਰੰਗੀ ਟੁਕੜਿਆਂ ਨਾਲ ਬਣਾਏ ਹੋਏ ਚਿੱਤ੍ਰਕਾਰੀ ਦੇ ਹਰਨ ਆਦਿ।

ਅਨਿਕ ਪ੍ਰਕਾਰਨਿ ਫਰਸ਼ ਮਹਾਨਾ।

ਅਲਪ ਬਿਸਾਲ ਪੌਰ ਜਿਹ ਨਾਨਾ।
ਗਯੋ ਵਜ਼ੀਰ ਖਾਂਨ ਸੁਧਿ ਦੀਨਿ।
'ਆਏ ਸ਼੍ਰੀ ਸਤਿਗੁਰੁ ਪ੍ਰਬੀਨ' ॥੪੧॥
ਸੁਨਿ ਚੰਦਨ ਚੌਂਕੀ ਡਸਿਵਾਈ।
ਊਪਰ ਸੁਜਨੀ[1] ਸੇਤ ਸੁਹਾਈ।

[1]ਵਿਛਾਈ ਦਾ ਇਕ ਕਪੜਾ ਜਿਸ ਪਰ ਸੂਈ ਨਾਲ ਬਹੁਤ ਕੰਮ ਕੀਤਾ ਹੁੰਦਾ ਹੈ। [ਫਾ: ਸੋਜ਼ਨੀ]

ਜੁਗ ਉਮਰਾਇ ਸੁ ਆਇ ਅਗਾਊ।
ਬੰਦਤਿ ਲੇ ਪਹੁੰਚੇ ਤਿਸ ਥਾਊ ॥੪੨॥
ਰੁਚਿਰਾਸਨ[1] ਪਰ ਬੈਠੇ ਜਾਇ।

[1]ਸੁਹਣੇ ਆਸਨ।

ਬੰਦਨ ਕਰੀ ਸ਼ਾਹੁ ਹਰਖਾਇ।
ਹੁਤੇ ਜਿਤਿਕ ਨਰ ਤਹਾਂ ਤਮਾਮੂ।
ਹਿਤ ਆਦਰ ਸਭਿ ਕੀਨਿ ਸਲਾਮੂ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਗੁਰੁ ਸ਼ਾਹ ਪਾਸ ਜਾਨਿ' ਪ੍ਰਸੰਗ ਬਰਨਨੰ ਨਾਮ ਪ੍ਰਥਮੈ ਅੰਸੂ ॥੧॥

੨. [ਚੰਦੂ ਤੋਂ ਮਾਲਾ ਸ਼ਾਹ ਨੇ ਮੰਗੀ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਕਰੀ ਸਲਾਮ ਤਮਾਮ ਨਰ, ਭਯੋ ਬਹੁਤ ਸਨਮਾਨ।
ਹਾਥ ਜੋਰਿ ਹਜ਼ਰਤ ਭਨੈ, 'ਦਿਯੇ ਪ੍ਰਾਨ ਤੁਮ ਦਾਨ ॥੧॥

ਚੌਪਈ:

ਮਮ ਹਿਤ ਦੁਰਗ ਬਿਖੇ ਸੁ ਪ੍ਰਵੇਸ਼ੇ।
ਕਰਜੋ ਜਾਪ ਤਹਿਂ ਪ੍ਰੇਮ ਬਿਸ਼ੇਸ਼ੇ।
ਹਮ ਤੇ ਸਭਿ ਅਜੋਗਤਾ ਭਈ।
ਤਊ ਆਪ ਨੇ ਕਰੁਨਾ ਕਈ ॥੨॥
ਨਿਸ ਮਹਿਂ ਤਰਾਸਤਿ ਜਬਿ ਮੈਂ ਹੋਵੌਂ।
ਦੁਇ ਦਿਸ਼ਿ ਦਾਰੁਨ ਸ਼ੇਰਨਿ ਜੋਵੌਂ।
ਤਬਿ ਮੈਂ ਸਿਮਰਨ ਕਰੌਂ ਤੁਮਾਰਾ।
ਹਾਜ਼ਰ ਆਨਿ ਦੇਹੁ ਦੀਦਾਰਾ ॥੩॥
-ਮਮ ਹਿਤ ਜਾਪ ਕਰਤਿ ਹੈਂ ਬੈਸੇ।
ਤਿਨ ਪ੍ਰਤਾਪ ਤੇ ਦੁਖ ਨਹਿਂ ਕੈਸੇ-।
ਇਮ ਮਨ ਜਾਨਿ ਧਰੌਂ ਮੈਂ ਧੀਰ।
ਰੱਛਕ ਆਪ ਭਏ ਗੁਰ ਪੀਰ![1]' ॥੪॥ [1]ਪੂਜਨੀਯ।
ਸ਼੍ਰੀ ਹਰਿਗੋਬਿੰਦ ਸੁਨਿ ਕਰਿ ਕਹਜੋ।
'ਗੁਰ ਘਰ ਮਹਿਂ ਨਿਸ਼ਚਾ ਜਿਨ ਲਹਜੋ।
ਸ਼ਰਧਾ ਧਰਹਿ ਸ਼ਰਨਿ ਕੋ ਆਇ।
ਸ਼੍ਰੀ ਨਾਨਕ ਹ੍ਵੈਂ ਕਜੋਂ ਨ ਸਹਾਇ ॥੫॥
ਸਤਿਗੁਰ ਘਰ ਸੋਂ ਮੇਲ ਜੁ ਅਹੈ।
ਬਡੇ ਤੁਮਾਰੇ ਰਾਖਤਿ ਰਹੇ।
ਕਰਿ ਪ੍ਰਸੰਨ ਬਰ ਲੇਤਿ ਭਲੇਰੇ।
ਗੁਰ ਬਰ ਤੇ ਸੁਖ ਲਹੇ ਘਨੇਰੇ ॥੬॥
ਜਥਾ ਮੁਕਰ[1] ਨਿਰਮਲ ਅਤਿ ਹੋਵੈ। [1]ਸ਼ੀਸ਼ਾ।
ਜਸ ਮੁਖ ਕਰਿ, ਤਸਿ ਤਿਸ ਮਹਿਂ ਜੋਵੈ।
ਕੇਸਰ ਮਲਾਗੀਰ[1] ਜਿਨ ਲਾਯੋ। [1]ਚੰਦਨ [ਮਲਯਾਗਰ]
ਰੰਗ ਸੁਗੰਧਤਿ ਤਥਾ ਦਿਖਾਯੋ ॥੭॥

ਜੇ ਕਾਰਸ ਕੋ ਲਾਇ ਵਿਸ਼ੇਖੈ।
ਕਾਰੋ ਬਨਜੋ ਕੁਰੂਪ ਸੁ ਦੇਖੈ।
ਤਿਮ ਸਤਿਗੁਰ ਕੇ ਮਿਲਨਿ ਮਝਾਰੇ।
ਖੋਟੀ ਭਲੀ ਭਾਵਨਾ ਧਾਰੇ ॥੮॥
ਤੈਸੋ ਫਲ ਅਵਲੋਕਹਿ ਸੋਇ।
ਫਲ ਕੋ ਭੁਗਤਹਿ ਲੋਕਨਿ ਦੋਇ।
ਖੋਟੀ ਕਰਿ ਸਿਰ ਧੁਨਿ ਪਛੁਤਾਵੈ।
ਭਲੀ ਕਰਹਿ ਸੁਖ ਕੋ ਨਿਤ ਪਾਵੈ ॥੯॥
ਰਹੀ ਆਦਿ ਤੇ ਸ਼੍ਰਧਾ ਤੁਮਾਰੇ।
ਕਸੋਂ ਸਹਾਇਤਾ ਗੁਰੂ ਨ ਧਾਰੇਂ।'
ਸ਼੍ਰੀ ਮੁਖ ਤੇ ਇਮ ਬਾਕ ਕਹੰਤੇ।
ਦਾਹਨ ਕਰ ਕੋ ਉਰਧ ਉਠੰਤੇ ॥੧੦॥
ਕਬਹੁਂ ਟਿਕਾਵਤਿ ਊਪਰ ਜ਼ਾਨੂ[1]। — [1]ਗੋਡੇ ਤੇ।
ਬਹੁਰ ਕਰਹਿਂ ਚੰਚਲ ਦੁਤਿਵਾਨੂ।
ਹੁਤੋ ਸਿਮਰਨਾ ਹਾਥ ਕਪੂਰੀ[1]। — [1]ਗੁਰੂ ਜੀ ਦੇ) ਹੱਥ ਵਿਚ ਕਪੂਰਾਂ ਦਾ ਸਿਮਰਨਾ ਸੀ। (ਜਿਸ ਨੂੰ 'ਕਹਿਰੁਬਾ' ਬੀ ਕਹਿੰਦੇ ਹਨ)।
ਰੰਗ ਅਜਾਇਬ ਘਾੜਤਿ ਰੂਰੀ ॥੧੧॥
ਤਿਸਹਿ ਦਿਖਾਇ ਫੇਰਿ ਮਨ[1] ਲੀਨਾ। — [1]ਪਾਤਸ਼ਾਹ ਦਾ) ਮਨ।
ਦੇਖਤਿ ਬੋਲਜੋ ਸ਼ਾਹੁ ਪ੍ਰਬੀਨਾ।
'ਅਜਬ ਸਿਮਰਨਾ ਜਿਸ[1] ਕਰ ਧਾਰਾ। — [1]ਜਿਸ ਨੂੰ (ਆਪ ਨੇ)।
ਨਹਿਂ ਆਗੇ ਅਸ ਹਮਹੁਂ ਨਿਹਾਰਾ ॥੧੨॥
ਬਹੁ ਕੀਮਤ ਕੋ ਪਰਹਿ ਦਿਖਾਈ।
ਦੂਰ ਦੇਸ਼ ਕਿਨ ਦੀਨਿ ਪਠਾਈ।'
ਸੁਨਿ ਗੁਰ ਕਹਜੋ 'ਭਲੈ ਤੁਮ ਜਾਨਾ।
ਦੂਰ ਵਲਾਇਤ ਤੇ ਸਿਖ ਆਨਾ ॥੧੩॥
ਭਾਉ ਰਿਦੇ ਧਰਿ ਅਰਪਜੋ ਆਇ।
ਕਰਜੋ -ਰਾਖੀਅਹਿ ਹਾਥ ਬਨਾਇ-।'
ਭਨਹਿ ਸ਼ਾਹੁ 'ਅਸ ਮਣਕਾ ਏਕ।
ਮੋ ਕਹੁ ਦੀਜੈ ਜਲਧਿ ਬਿਬੇਕ! ॥੧੪॥
ਤਸਬੀ ਊਪਰ ਕਰੋਂ ਇਮਾਮ[1]। — [1]ਮੇਰੂ ਦਾ ਮਣਕਾ।
ਤਰੇ ਰਹੈਂ ਮਣਕੇ ਜੁ ਤਮਾਮ।
ਬਹੁ ਮੇਲੇ ਮੈਂ ਬੀਨ ਮੰਗਾਏ।

ਦੂਰ ਦੂਰ ਤੇ ਸੁੰਦਰ ਲਜਾਏ ॥੧੫॥
ਤੁਮ ਤੇ ਮਣਕਾ ਲੇਵੋਂ ਜੋਇ।
ਤਿਸ ਮਹਿਂ ਗੁਨ ਅਵਲੋਕਹੁ ਦੋਇ।
ਜਬਿ ਹੇਰੋਂ ਮੈਂ ਨੈਨ ਉਘਾਰੀ।
ਤੁਮਹਿ ਚਿਤਾਰੋਂ ਰਿਦੇ ਮਝਾਰੀ ॥੧੬॥
ਦੂਜੇ ਤ੍ਰਾਸ ਨਹੀਂ ਮੈਂ ਪਾਵੋਂ।
ਤੁਮ ਕਰ ਕੋ[1] ਜਬਿ ਅੰਗ ਲਗਾਵੋਂ।
ਜਿਮ ਰੱਖਜਕ ਤੁਮ ਬਨੇ ਹਮਾਰੇ[†]।
ਤਿਮ ਕੀਜਹਿ ਅਬਿ ਤੇ ਪ੍ਰਤਿਪਾਰੇ[†]' ॥੧੭॥
ਸ਼੍ਰੀ ਗੁਰ ਕਹਯੋ 'ਸਿਮਰਨਾ ਸਾਰੋ।
ਹਮ ਤੇ ਲਿਹੁ ਅਪਨੇ ਕਰ ਧਾਰੋ।
ਸ਼੍ਰੀ ਨਾਨਕ ਹੈਂ ਸਦਾ ਸਹਾਇ।
ਨਾਮ ਲੀਏ ਗਨ ਮਿਟੈਂ ਬਲਾਇ ॥੧੮॥
ਸਤਿਗੁਰ ਸ਼ਰਧਾ ਜੇ ਉਰ ਧਰੇ।
ਪੁਨ ਕੋ ਸਕਹਿ ਤ੍ਰਾਸ ਕੋ ਕਰੇ।'
ਹਜ਼ਰਤ ਹਾਥ ਜੋਰਿ ਕਰਿ ਕਹੇ।
'ਇਹ ਤੋ ਤੁਮਹਿਂ ਮੁਮਾਰਖ ਰਹੇ[1] ॥੧੯॥
ਹੋਹਿ ਸਿਮਰਨੇ ਤੇ ਅਧਿਕਾਇ[1]।
ਲੇਉਂ ਸੁ ਤਸਬੀ ਬਿਖੈ ਮਿਲਾਇ।
ਕ੍ਰਿਪਾ ਠਾਨਿ ਖੋਜੋ ਨਿਜ ਕੋਸ਼।
ਨਿਕਸਹਿ ਤਹਿਂ ਸੋ ਦੇਹੁ ਅਦੋਸ਼[1] ॥੨੦॥
ਨਿਸ਼ਚੇ ਬਨਹਿ[1] ਲੇਨਿ ਮੁਝ ਮਨਕਾ।
ਸਿਮਰੇ ਭਲਾ ਹੋਤਿ ਤਨ ਮਨ ਕਾ[†]।'
ਸੁਨਿ ਸਤਿਗੁਰ ਤਬਿ ਜ਼ਿਕਰ ਚਲਾਯੋ।
'ਚੰਦੁ ਦਿਵਾਨ ਜੁ ਤੁਮਹਿਂ ਬਧਾਯੋ ॥੨੧॥
ਤਿਸ ਕੇ ਸਦਨ ਪਠੇ ਗੁਰੁ ਬਡੇ।
ਤਹਿਂ ਹੀ ਨਿਜ ਸ਼ਰੀਰ ਕੋ ਛਡੇ।
ਤਿਨ ਕੇ ਗਰ ਮਹਿਂ ਸੁੰਦਰ ਮਾਲਾ।
ਇਨ ਤੇ ਕੀਮਤਿ ਤਾਂਹਿ ਬਿਸਾਲਾ ॥੨੨॥
ਸੋ ਚੰਦੂ ਕੇ ਘਰ ਮਹਿਂ ਰਹੀ।

[1]ਹੱਥ ਦਾ (ਮਾਣਕਾ)।
[†]ਪਾ:-ਸੁ ਜੋਰੀ।
[†]ਪਾ:-ਨਿਤ ਕੀਜਹਿ ਅਬਿ ਤੇ ਤਿਮ ਮੋਰੀ।
[1]ਸੁਹੰਢਣਾ ਰਹੇ [ਫਾ: ਮੁਬਾਰਕ]
[1]ਵਾਧੂ।
[1]ਪਵਿੱਤ੍ਰ (ਮਣਕਾ) (ਅ) ਹੇ ਦੋਸ਼ ਰਹਿਤ (ਗੁਰੂ ਜੀਓ!)।
[1]ਬਣਦਾ ਹੈ।
[†]ਜਹਾਂਗੀਰ ਵੱਡਾ ਹੋਕੇ ਅਕਸਰ ਰੋਗੀ ਰਹਿੰਦਾ ਸੀ, ਸਰੀਰ ਦੀ ਕੁਸ਼ਲਤਾ ਹਰ ਇਕ ਨੂੰ ਪਿਆਰੀ ਹੁੰਦੀ ਹੈ।

ਬਾਹਰ ਜ਼ਾਹਰ ਕੀਨਸਿ ਨਹੀਂ।
ਛਲਿ ਕਰਿ ਆਇਸੁ ਪਾਇ ਤਿਹਾਰੀ।
ਕਰੀ ਅਜੋਗ ਅਵੱਗਜਾ ਭਾਰੀ ॥੨੩॥
ਅਬਿ ਤਿਸ ਤੇ ਮਾਲਾ ਨਿਕਸਾਵਹੁ।
ਕੈਧੋਂ ਮਨਕਾ ਏਕ ਅਨਾਵਹੁ।
ਤੁਮ ਢਿਗ ਨਹਿਂ ਸੁਧਿ ਪਹੁੰਚਨਿ ਦੀਨਿ।
ਅਨਿਕ ਫਰੇਬ ਬਤਾਵਨਿ ਕੀਨਿ' ॥੨੪॥
ਸਮੁਝ੍ਯੋ ਸ਼ਾਹੁ ਸਕਲ ਭਿਵ[1] ਪਾਇ।
'ਚੰਦੁ ਖੁਟਾਈ ਕਹਤਿ ਸੁਨਾਇ।
ਬਡੇ ਗੁਰੁਨ ਕੀ ਕੀਨਿਸਿ ਚਾਰੀ।
-ਰਾਖਹਿਂ ਚੋਰ ਦੇਸ਼ ਮਹਿਂ ਝਾਰੀ[1]†- ॥੨੫॥
ਮੈਂ ਸੁਨਿ ਕਰੇ ਹਕਾਰਨ ਜਬੈ।
ਆਇ ਦਰਸ ਗੁਰੁ ਦੀਨਸਿ ਤਬੈ।
ਸੰਧ੍ਯਾ ਭਈ ਗਏ ਨਿਜ ਡੇਰੇ।
ਪੁਨ ਮੋ ਕਹੁ ਸੁਧਿ ਨਹਿਂ ਕਿਸ ਬੇਰੇ ॥੨੬॥
ਅਬਿ ਤੁਮਰੀ ਇਹ ਰੀਤਿ ਸੁਨਾਈ।
-ਲਈ ਬਟੋਰ ਚਮੂੰ ਸਮੁਦਾਈ।
ਬੈਠੇ ਤਖਤ ਬਾਕ ਉਚਰੈ ਹੈਂ।
ਗੁਰੂ ਪਿਤਾ ਕੋ ਬਦਲਾ ਲੈ ਹੈਂ- ॥੨੭॥
ਇਮ ਸੁਨਿ ਕੈ ਭ੍ਰਮ ਉਪਜ੍ਯੋ ਮੇਰੇ।
ਪਠ੍ਯੋ ਵਜ਼ੀਰਖਾਨ ਤੁਮ ਡੇਰੇ।
ਕ੍ਰਿਪਾ ਧਾਰਿ ਦਰਸ਼ਨ ਕੋ ਦੀਨਾ।
ਨਹੀਂ ਬਿਕਾਰ ਆਪ ਮੈਂ ਚੀਨਾ ॥੨੮॥
ਮੁਝ ਤੇ ਬਦਲਾ ਕਿਮ ਤੁਮ ਚਾਹੋ।
ਮਨ ਭੀ ਨਹੀਂ ਪਾਪ ਕੇ ਮਾਹੋ।
ਜਿਨਹੁ ਕੀਨਿ ਤਿਨ ਤੇ ਅਬਿ ਲੀਜੈ।
ਮੈਂ ਨਿਸ਼ਪਾਪ, ਕ੍ਰਿਪਾ ਨਿਜ ਕੀਜੈ ॥੨੯॥
ਚਤੁਰ ਘਟੀ ਇਕ ਦਰਸ਼ਨ ਕਰ੍ਯੋ।
ਪੁਨ ਕੁਛ ਕਹ੍ਯੋ ਨ ਮੈਂ ਉਰ ਧਰ੍ਯੋ।'
ਸ਼੍ਰੀ ਹਰਿ ਗੋਵਿੰਦ ਗਿਰਾ ਉਚਾਰੀ।
'ਛੇਰਹੁ ਕਹਾਂ ਜ਼ਿਕਰ ਅਸ ਭਾਰੀ ॥੩੦॥

[1]ਭੇਦ।
[1]ਸਮੂਹ। †ਪਾ:-ਭਾਰੀ।

ਇਹ ਲੇਖਾ ਦਰਗਾਹ ਖ਼ੁਦਾਇ।
ਤਬਿ ਲੈਹੈਂ ਜਬਿ ਕਰਿ ਹੈਂ ਨਜਾਇ।
ਇਹਾਂ ਨ ਨਿਬਰੈ, ਬਾਕੀ ਮਹਾਂ।
ਨਰਕ ਸਜਾਇ ਬਨਤਿ ਹੈ ਜਹਾਂ ॥੩੧॥
ਸੰਕਟ ਪਰਹਿ ਬ੍ਰਿਲਾਪ ਪੁਕਾਰੈਂ।
ਨਹੀਂ ਸਹਾਇਕ ਸੰਗ ਨਿਹਾਰੈਂ।
ਅੰਤਰਜਾਮੀ ਸਭਿ ਕਿਛੁ ਜਾਨਹਿਂ।
ਤਿਸ ਤੇ ਕਹਾਂ ਛਪਾਵਨਿ ਠਾਨਹਿਂ ॥੩੨॥
ਅਬਿ ਮਨਕਾ ਮੰਗਵਾਵੋ ਸੋਇ।
ਬਡੇ ਗੁਰੂ[1] ਕੇ ਗਰ ਮਹਿਂ ਜੋਇ।' [1]ਭਾਵ ਸ੍ਰੀ ਗੁਰੂ ਅਰਜਨ ਦੇਵ ਜੀ।
ਸੁਨਿ ਪਾਤਿਸ਼ਾਹੁ ਤ੍ਰਾਸ ਉਰ ਪਾਵਾ।
ਪਠਿ ਨਰ ਚੰਦੂ ਨਿਕਟ ਬੁਲਾਵਾ ॥੩੩॥
ਗੁਰ ਕਰ ਬਿਖੈ ਸਿਮਰਨੇ ਦਿਸ਼ਿ ਕੋ।
ਕਰਿ ਸ਼ਾਰਤ ਭਾਖ੍ਯੋ ਬਚ ਤਿਸ ਕੋ।
'ਇਨ ਕੇ ਸਮ ਮਣਕਾ ਜੋ ਹੋਇ।
ਹਮ ਕੋ ਆਨਿ ਦੀਜੀਏ ਸੋਇ' ॥੩੪॥
ਸੁਨਿ ਚੰਦੂ ਕਰ ਜੋਰਿ ਉਚਾਰਾ।
'ਲੀਜਹਿ ਇਸ ਤੇ ਕੀਮਤਿ ਭਾਰਾ।
ਜਾਇ ਨਿਕੇਤ ਖੋਜ ਮੈਂ ਆਨਹੁਂ।
ਜਿਸ ਮਹਿਂ ਉਜਲਤਾ ਸੁ ਪਛਾਨਹੁਂ'
॥੩੫॥
ਸੁਨਿ ਹਜ਼ਰਤ ਕੀ ਆਇਸੁ ਗਯੋ।
ਜਾਇ ਸਦਨ ਮਹਿਂ ਪ੍ਰਾਪਤਿ ਭਯੋ।
'ਸ਼੍ਰੀ ਅਰਜਨ ਕੇ ਗਰ ਕੀ ਮਾਲਾ।
ਲਜਾਉ ਨਿਕਾਸ' ਕਹ੍ਯੋ[1] 'ਇਸ ਕਾਲਾ' [1]ਭਾਵ ਚੰਦੂ ਨੇ ਕਿਹਾ ਦਾਸ ਨੂੰ।
॥੩੬॥
ਦਾਸ ਗਯੋ ਜਹਿਂ ਦੁਸ਼ਟ ਖਜ਼ਾਨਾ।
ਖੋਜਤਿ ਭਏ ਨ ਪ੍ਰਾਪਤਿ ਪਾਨਾ।
ਧਰੀ ਹੁਤੀ ਜਿਸ ਥਾਨ ਮਝਾਰੀ।
ਤਹਿਂ ਤੇ ਮੂਖਕ[1] ਕਾਟਿ ਨਿਕਾਰੀ ॥੩੭॥ [1]ਚੂਹੇ ਨੇ।
ਸਭਿ ਮਣਕੇ ਫੋਰਨਿ ਕਰਿ ਡਾਰੇ।
ਪਰੀ ਕਿਰਚ[1] ਕੁਛ ਤਹਾਂ ਨਿਹਾਰੇ। [1]ਮਣਕਿਆਂ ਦੀਆਂ) ਮਿੱਕਰਾਂ, ਟੋਟੇ।

ਆਇ ਦਾਸ ਨੇ ਬਾਤ ਸੁਨਾਈ।
'ਸੋ ਮੂਖਕ ਨੇ ਕਤਰ ਗਵਾਈ ॥੩੮॥
ਸਾਬਤ ਮਨਕਾ ਏਕ ਨ ਰਹਜੋ।
ਖੋਦੀ ਖੁਡ, ਨਹਿਂ ਕੈਸੇ ਲਹਜੋ।'
ਸੁਨਿ ਚੰਦੂ ਕੈ ਚਿੰਤ ਬਿਸਾਲਾ।
-ਕਹਿਂ ਤੇ ਪ੍ਰਾਪਤਿ ਹੁਇ ਇਸ ਕਾਲਾ
॥੩੯॥
ਮਣਕਾ ਇਕ ਦੇਨੋ ਕਰਿ ਆਯੋ[1]।
ਲਖਹਿ ਸ਼ਾਹ, ਇਨ ਕੂਰ ਅਲਾਯੋ।
ਬਿਗਰ ਨ ਜਾਇ ਬਾਰਤਾ ਮੇਰੀ-।
ਪਠੇ ਬਜ਼ਾਰ ਦਾਸ ਤਿਸ ਬੇਰੀ ॥੪੦॥
ਧਨੀ ਬਨਕ ਗਨ ਨਿਕਟਿ ਪਠਾਏ।
'ਦਿਹੁ ਮਨਕਾ ਮੁਲ ਲਿਹੁ ਮਨ ਭਾਏ।'
ਦਿੱਲੀ ਪੁਰਿ ਮਹਿਂ ਨਰ ਗਨ ਫੇਰੇ।
ਆਨਿ ਆਨਿ ਕੇਤਿਕ ਤਹਿਂ ਹੇਰੇ ॥੪੧॥
ਗੁਰੂ ਸਿਮਰਨੇ ਸਮ ਨਹਿਂ ਪਾਵੈ।
ਕਰਹਿ ਸ਼ੀਘ੍ਰਤਾ ਬਹੁਰ ਪਠਾਵੈ।
ਧਨੀ ਨਰਨਿ ਕੈ ਨਿਕਟ ਸਿਧਾਰੈ।
ਘਰਿ ਜਵਾਹਰੀ ਫਿਰਤਿ ਨਿਹਾਰੈ ॥੪੨॥
ਜਹਿਂ ਕਹਿਂ ਧਾਇ ਥਕੇ ਨਰ ਬ੍ਰਿੰਦ।
ਕਿਤਹੁਂ ਨ ਪ੍ਰਾਪਤਿ ਤਿਨ ਮਾਨਿੰਦ।
ਭਯੋ ਸ਼ਾਹੁ ਕੋ ਸ਼ੋਕ ਬਿਸਾਲਾ।
ਕਰਤਿ ਪ੍ਰਤੀਖਨ ਭਾ ਚਿਰ ਕਾਲਾ ॥੪੩॥
ਪਠਜੋ ਅਪਰ ਨਰ 'ਲਜਾਉ ਹਕਾਰੀ।
ਕਿਮ ਚੰਦੁ ਕਹੁ ਲਾਗਿ ਅਵਾਰੀ।
ਅਬਿ ਲੌਂ ਕਜੋਂ ਨਹਿਂ ਆਵਨਿ ਕਿਯੋ।
ਕਜੋਂ ਨ ਸਦਨ ਤੇ ਲਜਾਵਤਿ ਭਯੋ' ॥੪੪॥
ਗਯੋ ਦੌਰ ਤਿਸ ਕੇਰ ਅਵਾਸੇ।
ਕਹਜੋ ਸ਼ਾਹੁ ਕੋ ਕੀਨਿ ਪ੍ਰਕਾਸ਼ੇ।
'ਕਰਤਿ ਸ਼ੀਘ੍ਰਤਾ ਨਿਕਟ ਹਕਾਰਤਿ।
ਤੁਮ ਕਿਮ ਬੈਠੇ ਚਿੰਤ ਨ ਧਾਰਤਿ' ॥੪੫॥

[1]ਦੇਣਾ ਕਰ ਆਇਆ ਹਾਂ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਚੰਦੂ ਸ਼ਾਹੁ ਕੋ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

੩. [ਦੋਖੀ ਚੰਦੂ ਗੁਰੂ ਜੀ ਦੇ ਹਵਾਲੇ]

੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪

ਦੋਹਰਾ:
ਚੰਦੂ ਪੀਛੇ ਗੁਰ ਕਹੀ,
'ਸਭਿ ਮਾਲਾ ਇਸ ਪਾਸ।
ਕਿਤਿਕ ਬਰਖ ਬੀਤੇ ਬਹੁਰ,
ਅਬਿ ਹ੍ਵੈ ਕੈ ਨ ਅਵਾਸ ॥੧॥
ਚੌਪਈ:
ਤਿਸ ਮਾਲਾ ਕੋ ਮਣਕਾ ਆਵੈ।
ਹਮ ਪਛਾਨ ਲੈਹੈਂ ਦੁਤਿ ਪਾਵੈ।
ਜੇ ਇਕ ਲਜਾਵੈ ਲਿਹੁ ਸਭਿ ਮਾਲਾ।
ਨਹਿਂ ਇਸ ਦੇਸ਼ ਜੁ ਮੋਲ ਬਿਸਾਲਾ ॥੨॥
ਇਸ ਪਾਪੀ ਨੇ ਸੁਧਿ ਨ ਜਨਾਈ।
ਕਰੀ ਅਵਗਜਾ, ਉਚਿਤ ਸਜ਼ਾਈ।'
ਸੁਨਤਿ ਸ਼ਾਹੁ ਕਹਿ 'ਲਜਾਵਨਿ ਦੇਹੂ।
ਜਸ ਆਵਹਿ ਤਸ ਪਰਖ ਕਰੇਹੂ ॥੩॥
ਆਗੇ ਸੁਨੀ ਪੀਰ ਤੇ ਬਾਤਿ।
ਜਿਮ ਇਨ ਕਰੇ ਕਪਟ ਕ ਘਾਤਿ।
ਜੇ ਅਪਰਾਧੀ ਅਹੈ ਤੁਮਾਰਾ।
ਆਪ ਸੰਭਾਰਹੁ ਜਸੋਂ ਉਰ ਧਾਰਾ ॥੪॥
ਸੀਸ ਹਮਾਰੇ ਫਰਜ਼ ਨ ਰਹੈ।
ਜਿਮ ਕੀਨੋ ਤਿਮ ਫਲ ਕੋ ਲਹੈ†।'

†ਦੇਖੋ ਇਸੇ ਅੰਸੂ ਦੇ ਅੰਕ ੩੬ ਦੀ ਨਿਸ਼ਾਨ ਵਾਲੀ ਟੂਕ।

ਇਮ ਕਹਿ ਨਰ ਪੁਨ ਔਰ ਪਠਾਯੋ।
'ਚੰਦੁ ਸਦਨ ਕਜੋਂ ਬਿਲਮ ਲਗਾਯੋ ॥੫॥
ਆਨਹੁ ਸ਼ੀਘ੍ਰ' ਗਯੋ ਤਬਿ ਧਾਇ।
'ਉਠਿ ਦਿਵਾਨ! ਕਜੋਂ ਬੈਠਜੋ ਆਇ?
ਸ਼ਾਹੁ ਯਾਦਿ ਕਰਿ ਬਾਰੰਬਾਰੀ।
ਹੈ ਕਿ ਨਹੀਂ, ਦਿਹੁ ਅਰਜ਼ ਗੁਜ਼ਾਰੀ ॥੬॥
ਦੇਖਜੋ ਨਰ ਜਬਿ ਦੁਤਿਯ ਪਠਾਯੋ।
ਚਿੰਤਾ ਬਸੀ ਤ੍ਰਾਸ ਕੁਛ ਪਾਯੋ।
ਘਰ ਤੇ ਚਲਜੋ ਸ਼ੀਘ੍ਰਤਾ ਧਰੀ।
ਅਟਕ ਬਸਤ੍ਰ ਤੇ ਪਗਿਯਾ ਗਿਰੀ ॥੭॥

ਸਨਮੁਖ ਛੀਂਕ[1], ਬਾਮ ਦ੍ਰਿਗ ਫਰਕਾ।
ਜਾਤਿ ਅਚਾਨਕ ਉਰ ਲਗਿ ਧਰਕਾ[1]।
ਸ਼ਾਹੁ ਨਿਕਟ ਤੂਰਨ ਚਲਿ ਗਯੋ।
ਗੁਰ ਬੈਠੇ ਦਿਖਿ ਦੁਖਿ ਅਤਿ ਭਯੋ ॥੮॥
ਹਾਥ ਜੋਰਿ ਬੋਲ੍ਯੋ ਢਿਗ ਸ਼ਾਹੂ।
'ਮਨਕੇ ਹੁਤੇ ਮੋਰ ਘਰ ਮਾਂਹੂ।
ਰਹੇ ਖੋਜਿ ਸੋ ਅਬਿ ਨਹਿਂ ਪਾਏ।
ਪੁਨ ਨਰ ਬ੍ਰਿੰਦ ਬਜ਼ਾਰ ਪਠਾਏ ॥੯॥
ਖੋਜ ਰਹੇ ਨਹਿਂ ਕਿਤ ਹੂੰ ਪਾਏ।
ਸਭਿ ਥਲ ਤੇ ਛੂਛੇ ਨਰ ਆਏ।
ਅਬਿ ਜੇ ਦੇਰ ਕਰੋ ਦਿਨ ਕੋਇ।
ਆਨਹਿਂ ਖੋਜ ਨਗਰ ਜਿਸ ਹੋਇ ॥੧੦॥
ਇਮ ਕਹਿ ਚੰਦੂ ਤੂਸ਼ਨਿ ਹੋਯੋ।
ਸ਼ਾਹੁ ਬਦਨ ਗੁਰੁ ਕੋ ਤਬਿ ਜੋਯੋ।
ਰਿਸ ਕੁਛ ਕਹ੍ਯੋ 'ਪਿਖੋ ਇਤ ਕਹਾਂ[1]।
ਪ੍ਰਭੁ ਦਰਗਾਹ ਏਕ ਸਮ ਜਹਾਂ ॥੧੧॥
ਬਦਲਾ ਪਿਤ ਕੋ ਲੇਵੈਂ ਤਹਾਂ।
ਨਰਕ ਸਜ਼ਾਇ ਪਾਪੀਅਨਿ ਮਹਾਂ।'
ਕਹੀ ਪੀਰ ਕੀ ਇਕ ਉਰ ਬੀਚ[†]।
ਕਰ੍ਯੋ ਕੁਕਰਮ ਜਥਾ ਇਹ ਨੀਚ ॥੧੨॥
ਦੁਤੀਏ ਗੁਰੂ ਕਹ੍ਯੋ ਬਹੁ ਬਾਰ।
ਜਾਨ੍ਯੋ ਨਿਸ਼ਚੈ ਕਰਿ ਨਿਰਧਾਰ।
ਬਿਨਾ ਸੰਦੇਹ ਸ਼ਾਹੁ ਤਬਿ ਕਹ੍ਯੋ।
'ਚੰਦੂ ਅਪਰਾਧੀ ਮਨ ਲਹ੍ਯੋ ॥੧੩॥
ਹਮਰੇ ਸੀਸ ਦੋਸ਼ ਨਹਿਂ ਧਰੀਅਹਿ।
ਕਿਮ ਦਰਗਾਹ ਨ ਬੈਰ ਸੰਭਰੀਅਹਿ।
ਇਹਾਂ ਨਿਬੇਰੋ ਬਦਲਾ ਸਾਰੇ।
ਹਮ ਕੋ ਆਸ਼ਿਖ ਬਚਨ ਉਚਾਰੋ ॥੧੪॥
ਜੇ ਹਮਰੀ ਕੁਛ ਲਖਹੁ ਖੁਟਾਈ।
ਤੌ ਹਮ ਕੌ ਦਿਹੁ ਦੰਡ ਬਨਾਈ।
ਨਾਂਹਿ ਤ ਜਾਂਹਿ ਅਵੱਗ੍ਯਾ ਕਰੀ।

[1]ਨਿੱਛ ਪਈ।

[1]ਧੜਕਾ ਲਗਾ।

[1](ਗੁਰੂ ਜੀ ਨੇ) ਕਹਿਆ, ਹੇ ਬਾਦਸ਼ਾਹ! ਇਧਰ ਕੀ ਦੇਖਦੇ ਹੋ।

[†]ਦੇਖੋ ਇਸੇ ਅੰਸੂ ਦੇ ਅੰਕ ੩੬ ਦੀ ਨਿਸ਼ਾਨ ਵਾਲੀ ਟੂਕ।

ਤਿਸ ਤੇ ਲਿਹੁ ਬਦਲਾ ਇਸ ਘਰੀ ॥ ੧੫ ॥
ਮਮ ਸਿਰ ਤੇ ਅਬਿ ਕਰਜ਼ ਉਤਾਰਹੁ।
ਕਹੋ ਨਿਸੰਗ ਬਾਤਿ ਨਿਰਧਾਰਹੁ।'
ਗੁਰੂ ਕਹੜੋ 'ਬਲ ਪਾਇ ਤੁਮਾਰਾ।
ਜੋ ਕਰਿ ਹੈ ਅਪਰਾਧ ਉਦਾਰਾ ॥ ੧੬ ॥
ਤਿਸ ਕੇ ਫਲ ਭਾਗੀ ਤੁਮ ਅਹੋ।
ਚਲਿ ਦਰਗਾਹ ਬਿਖੈ ਕਿਮ ਕਹੋ।
ਤਹਿਂ ਲੇਖਾ ਸਭਿ ਲੇਨਾ ਦੇਨਾ।
ਹੇਤਿ ਸਭਿਨਿ ਕੋ ਕਿਮਹੁ ਮਿਟੇ ਨਾ ॥ ੧੭ ॥
ਨਿਰਬਲ ਬਲੀ ਰੰਕ ਕੈ ਰਾਊ।
ਇਕ ਸਮ ਹੀ ਸਭਿ, ਬਿਖਮ ਨ ਕਾਊ[1]।'

[1]ਓਥੇ) ਫਰਕ ਕੋਈ ਨਹੀਂ ਪੈਂਦਾ।

ਸੁਨਿ ਕਰਿ ਸ਼ਾਹੁ ਕਹੜੋ ਗੁਰ ਸੰਗ।
'ਹਮ ਨਹਿਂ ਜਾਨੜੋ ਛਲ ਇਸ ਢੰਗ ॥ ੧੮ ॥
ਪੀਰ ਵਜ਼ੀਰ ਖਾਨ ਕੈ ਆਪਿ[1]*।

[1]ਪੀਰ (ਮੀਆਂ ਮੀਰ ਨੇ ਜਾਂ) ਵਜ਼ੀਰਖਾਨ ਨੇ (ਤੇ ਜਾਂ) ਆਪ ਜੀ ਨੇ।

ਸੁਧਿ ਦੀਨਸਿ ਜਿਮ ਕੀਨਿਸਿ ਪਾਪ[1]।

[1]ਜਿਵੇਂ (ਇਸ ਪਾਪੀ ਚੰਦੂ ਨੇ) ਪਾਪ ਕੀਤਾ ਹੈ।

ਸੁਨਿ ਕਰਿ ਮੈਂ ਅਬਿ ਹੋਯੋ ਨਜਾਰੋ।
ਨਿਸ ਅਪਰਾਧੀ ਗਹਹੁ ਕਿ ਮਾਰੋ ॥ ੧੯ ॥
ਹਮ ਸਹਾਇ ਜੇ ਇਸ ਕੀ ਕਰੈਂ।
ਤੁਮ ਦਿਸ਼ਿ ਤੇ ਦੋਸ਼ਨਿ ਕੋ ਧਰੈਂ।
ਆਗਾ ਅਪਨਿ ਸੁਧਾਰਨਿ ਕਾਰਨ।
ਮਿਲਹਿਂ ਨ ਹਮ ਇਸ[1]' ਕੀਨਿ ਉਚਾਰਨਿ ॥ ੨੦ ॥

[1]ਇਸ ਚੰਦੂ ਸਾਥ ਅਸੀਂ ਨਹੀਂ ਮਿਲਾਂਗੇ।

'ਪਾਪ ਕਰੋਰਨਿ ਕੇ ਸਮ ਪਾਪ।
ਕਹੜੋ ਪੀਰ ਨੇ[†] ਮੁਝ ਸੋਂ ਆਪ।

[†]ਦੇਖੋ ਇਸੇ ਅੰਸੂ ਦੇ ਅੰਕ ੩੬ ਦੀ ਨਿਸ਼ਾਨ ਵਾਲੀ ਟੂਕ।

ਜਿਸ ਤੇ ਗੋਰ ਧੂਮ ਨਿਕਸਾਵੈ।
ਇਸ ਬਿਨ ਕੋ ਅਸ ਪਾਪ ਕਮਾਵੈ[1]? ॥ ੨੧ ॥

[1]ਚੰਦੂ ਬਿਨਾਂ (ਅ) ਇਸ (ਪਾਪ ਤੋਂ) ਬਿਨਾਂ ਹੋਰ ਕਿਸੇ ਨੇ ਕੀ ਪਾਪ ਕਮਾਉਣਾ ਹੈ, ਜਿਸ (ਪਾਪ ਦੇ ਕੀਤਿਆਂ) ਕਬਰ ਤੋਂ ਬੀ ਧੂੰਆਂ ਨਿਕਲਦਾ ਰਹਿੰਦਾ ਹੈ। ਭਾਵ ਕਬਰ ਵਿਚ ਜੀਉੜਾ ਸੜਦਾ ਰਹਿੰਦਾ ਹੈ।

ਮਮ ਮਨ ਮੈਂ ਹੁਇ ਤ੍ਰਾਸ ਘਨੇਰਾ।

ਸੁਨ ਅਸ ਪਾਪ ਮੂਢ ਇਸ ਕੇਰਾ।'
ਤਬਿ ਚੰਦੂ ਬੋਲਯੋ 'ਮਮ ਚਾਰੀ।
ਕਿਨ ਕੀਨਸਿ ਤੁਮ ਨਿਕਟ ਉਚਾਰੀ?
॥੨੨॥
ਕਹੈਂ ਆਪ ਕੇ ਮੈਂ ਲੇ ਗਯੋ।
ਕਿਤਿਕ ਦਿਵਸ ਮਹਿਂ ਦੁਖ ਉਪਜਯੋ।
ਜਿਸ ਤੇ ਤਜਾਗਯੋ ਤਿਹ ਠਾਂ ਤਨ ਕੋ।
ਨਹਿਂ ਪੁਨ ਲਯੋ ਦੰਡ ਧਨ ਗਨ ਕੋ' ॥੨੩॥
ਸੁਨਤਿ ਸ਼ਾਹ ਨੇ ਗਿਰਾ ਉਚਾਰੀ।
'-ਰਾਖਹਿ ਚੋਰ[1]- ਕਰੀ ਤੈਂ ਚਾਰੀ।
ਕਹਿ ਕੂਰੇ ਮਮ ਮਨ ਭਰਮਾਯਹੁ।
ਤਿਨ ਸੋਂ ਅਧਿਕ ਬੈਰ ਉਪਜਾਯਹੁ ॥੨੪॥
ਆਰਫ ਕਾਮਲ ਸ਼ਕਤਿ ਬਿਸਾਲਾ।
ਸੋ ਕਿਮ ਐਸੀ ਕਰਹਿ ਕੁਚਾਲਾ।
ਕਿਯ ਕੁਕਰਮ ਜਸ, ਤਸ ਦੁਖ ਭਰੈਂ।
ਹਮਹਿ ਲਿਪਾਇਮਾਨ ਕਿਮ ਕਰੈਂ'
॥੨੫॥
ਬਹੁਰ ਕੁਟਿਲ ਇਮ ਬਾਤਿ ਬਨਾਈ।
'ਕਹਿਤ ਦੇਸ਼ ਮਹਿਂ ਨਰ ਸਮੁਦਾਈ।
ਤਿਨ ਤੇ ਸੁਨਿ ਮੈਂ ਤੁਮਹਿ ਸੁਨਾਈ।
ਲੇ ਆਇਸੁ ਕੋ ਲਿਯੇ ਬੁਲਾਈ' ॥੨੬॥
ਸੁਨਤਿ ਸ਼ਾਹੁ ਕੋਪਯੋ ਕਹਿ ਬਾਨੀ।
'ਰੇ ਮਤਿਮੰਦ! ਨ ਸਕਹਿਂ ਪਛਾਨੀ।
ਸਰਬ ਜਗਤ ਦਰਸ਼ਨ ਕੋ ਜਾਵੈ।
ਧਰਹਿ ਉਪਾਇਨ ਸੀਸ ਨਿਵਾਵੈ ॥੨੭॥
ਰੋਪ ਅਸੰਭਵ ਦੋਸ਼ ਬਿਸਾਲਾ।
ਸਤਿਗੁਰੂ ਕੇ ਸੰਗ ਕੀਨਿ ਕੁਚਾਲਾ।
ਅਬਿ ਲੌਂ ਛਲ ਕੀ ਰਚਿ ਚਤੁਰਾਈ।
ਡਰਤਿ ਨਹੀਂ ਦ੍ਵੈ ਲੋਕ ਸਜ਼ਾਈ ॥੨੮॥
ਮਮ ਪ੍ਰਾਨਨਿ ਕੇ ਗੁਰ ਰਖਵਾਰੇ।
ਪਰਤਿ ਬਿਘਨ ਗਨ ਸਗਲ ਨਿਵਾਰੇ।
ਤਿਨ ਕੇ ਸਾਥ ਬੈਰ ਤੈਂ ਬਾਂਧਾ।

[1](ਗੁਰੂ) ਚੋਰ ਰੱਖਦਾ ਹੈ।

ਪ੍ਰਾਨ ਹਾਨ ਲੌ ਦੀਨਿਸਿ ਬਾਧਾ[1]' ॥੨੯॥ [1]ਪੀੜਾ।
ਇਮ ਕਹਿ ਸਤਿਗੁਰ ਸੋਂ ਪੁਨ ਕਹ੍ਯੋ।
'ਇਹੁ ਅਪਰਾਧੀ ਨਿਰਨੈ ਲਹ੍ਯੋ*।
ਕਰਹੁ ਸੰਭਾਰਨਿ ਬਦਲਾ ਲੀਜੈ।
ਕਰ੍ਯੋ ਕੁਕਰਮ ਤਥਾ ਫਲ ਦੀਜੈ ॥੩੦॥
ਮਿਹਰਵਾਨਗੀ ਮੋ ਪਰ ਧਰੀਅਹਿ।
ਪੁਨਹਿ ਪ੍ਰਲੋਕ ਨ ਬੂਝਨ ਕਰੀਅਹਿ*।'
ਸੁਨਿ ਸ਼੍ਰੀ ਹਰਿਗੋਬਿੰਦ ਬਿਚਾਰੇ।
ਬਿਧੀਆ ਜੇਠਾ ਨਿਕਟਿ ਹਕਾਰੇ ॥੩੧॥
ਕਹ੍ਯੋ 'ਗਹੋ ਅਬਿ ਦ੍ਰਿੜ੍ਹ ਗੁਰਦ੍ਰੋਹੀ।
ਅਪਨੋ ਬੈਰ ਲੇਹੁ ਇਹੁ ਧ੍ਰੋਹੀ।'
ਸੁਨਤਿ ਸ਼ੀਘ੍ਰ ਹੀ ਗਹਿ ਦ੍ਵੈ ਬਾਹੂ।
ਵਹਿਰ ਦੁਰਗ ਤੇ ਆਨ੍ਯੋ ਤਾਂਹੂ ॥੩੨॥
ਖਰੋ ਕਰ੍ਯੋ ਸਿਰ ਪਾਗ ਉਤਾਰੀ।
ਗਾਢੀ ਮੁਸ਼ਕਾਂ ਦੇ ਤਿਸ ਬਾਰੀ।
ਕੂਰ ਕੁਪੱਤਾ ਸੱਦ੍ਰਿਸ਼ ਕੁੱਤਾ।
ਕਾਢਿ ਚਰਨ ਤੇ ਮਾਰ੍ਯੋ ਜੁੱਤਾ ॥੩੩॥
ਜੇ ਉਮਰਾਵ ਸਹਾਇਕ ਹੁਤੇ।
ਚਲ੍ਯੋ ਨ ਬਸਿ ਚਿੰਤਾ ਚਿਤ ਜੁਤੇ।
ਕਹੈਂ ਕਿਤਿਕ 'ਇਹ ਸ਼ਾਹੁ ਦਿਵਾਨ।
ਕਿਮ ਜਾਟਨਿ ਗਹਿ ਲੀਨੋ ਪਾਨ! ॥੩੪॥
ਭਈ ਸ਼ਾਹੁ ਕੀ ਖਫਗੀ[1] ਕੈਸੇ? [1]ਨਾਰਾਜ਼ਗੀ [ਫਾ: ਖ਼ਫ਼ਗੀ]
ਜਿਸ ਤੇ ਕਰੀ ਦਸ਼ਾ ਇਸ ਐਸੇ।'
ਕੋ ਆਛੋ ਮਾਨੈ, ਕੋ ਬੁਰੋ।
ਨਰ ਸਮੁਦਾਇ ਆਨਿ ਕਰਿ ਜੁਰੋ ॥੩੫॥
ਸ਼ਾਹੁ ਸੰਗ ਸਤਿਗੁਰੂ ਬਖਾਨਾ।
'ਅਬਿ ਹਮ ਡੇਰੇ ਕਰਹਿੰ ਪਯਾਨਾ।
ਜੋ ਅਪਰਾਧੀ ਬਡੋ ਹਮਾਰਾ।
ਦੇ ਕਰਿ ਅਪਨੋ ਦੋਸ਼ ਉਤਾਰਾ' ॥੩੬॥

ਉਪਰ ਜਿਸ ਜਿਸ ਥਾਵੇਂ ਇਹ* ਨਿਸ਼ਾਨ ਆਇਆ ਹੈ ਉਹਨਾਂ ਤੋਂ ਪਤਾ ਲੱਗਦਾ ਹੈ ਕਿ ਪੀਰ ਮੀਆਂ ਮੀਰ ਤੇ ਵਜ਼ੀਰ ਖਾਂ ਦੇ ਦੱਸਣੇ ਤੇ ਪਾਤਸ਼ਾਹ ਨੂੰ ਸਚੋ ਸੱਚ ਕਹਿਣੇ ਤੇ ਅਰ ਹੁਣ ਗੁਰੂ ਜੀ ਦੇ ਦਸਣ ਤੇ ਪਾਤਸ਼ਾਹ ਨੂੰ ਨਿਸ਼ਚਾ ਹੋ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਜੋ ਦੂਸ਼ਨ ਲਾਇਆ ਗਿਆ ਸੀ ਸੋ ਗਲਤ ਸੀ, ਇਸ ਕਰਕੇ ਉਸ ਨੇ ਆਪਣੇ ਦਿਤੇ ਗ਼ਲਤ ਹੁਕਮ ਦਾ ਦੋਸ਼ੀ ਚੰਦੂ ਨੂੰ ਕਰਾਰ ਦਿੱਤਾ ਜਿਸ ਨੇ ਝੂਠੀ ਖਬਰ ਦਿੱਤੀ ਸੀ।

ਆਪਣੇ ਆਪ ਨੂੰ ਬੇ-ਗੁਨਾਹ ਦੇ ਖ਼ੂਨ ਤੇ ਦੋਸ਼ ਤੋਂ ਬਚਾਉਣ ਲਈ ਪਾਤਸ਼ਾਹ ਨੇ ਚੰਦੂ ਸਤਿਗੁਰਾਂ ਦੇ ਹਵਾਲੇ ਕੀਤਾ। ਇਹ ਉਸ ਸਮੇਂ ਇਕ ਰਿਵਾਜ ਹੈਸੀ ਕਿ ਹਾਕਮ ਲੋਕ ਭਾਰੇ ਅਪਰਾਧੀ ਨੂੰ, ਜਿਨ੍ਹਾਂ ਦਾ ਉਸ ਦਾ ਅਪਰਾਧ ਕੀਤਾ ਹੋਵੇ, ਉਸ ਦੇ ਹਵਾਲੇ ਕਰ ਦੇਂਦੇ ਸਨ ਤਾਂਕਿ ਜੋ ਦੰਡ ਉਹ ਚਾਹੁਣ ਦੇਕੇ ਜੀ ਠੰਢਾ ਕਰ ਲੈਣ। ਚੰਦੂ ਨੂੰ ਗੁਰੂ ਜੀ ਦੇ ਹਵਾਲੇ ਕਰ ਦੇਣਾ ਕਾਫੀ ਸਬੂਤ ਹੈ ਇਸ ਗੱਲ ਦਾ ਕਿ ਪਾਤਸ਼ਾਹ ਨੂੰ ਗੁਰੂ ਜੀ ਦੇ ਅਦੋਸ਼ ਹੋਣ ਦਾ ਪੱਕਾ ਨਿਸ਼ਚਾ ਹੋ ਗਿਆ। ਤੇ ਹੁੰਦਾ ਕਿਉਂ ਨਾ ਇਕ ਪੀਰ ਮੀਆਂ ਮੀਰ ਦਾ ਕਹਿਣਾ ਦੂਜੇ ਵਜ਼ੀਰ ਖਾਂ ਦਾ ਤੇ ਤੀਜੇ ਗੁਰੂ ਜੀ ਦਾ ਇਸ ਵੇਲੇ ਸਾਰਾ ਹਾਲ ਦੱਸਣਾ ਬੜੇ ਪੱਕੇ ਸਬੂਤ ਸੇ। ਤਦ ਪਾਤਸ਼ਾਹ ਕਹਿੰਦਾ ਹੈਂ 'ਇਹ ਅਪਰਾਧੀ ਨਿਰਨੈ ਲਹਜੋ।' ਪੁਨਾ:- 'ਸੀਸ ਹਮਾਰੇ ਫਰਜ਼ ਨ ਰਹੈ।' ਪੁਨਾ:- 'ਜੋ ਅਪਰਾਧੀ ਬਡੋ ਹਮਾਰਾ। ਦੇ ਕਰਿ ਅਪਨੋ ਦੋਸ਼ ਉਤਾਰਾ।' ਆਦਿ। ਕਵਿ ਜੀ ਜੋ ਪਾਤਸ਼ਾਹ ਵਲੋਂ ਕਤਲ ਦੇ ਹੁਕਮ ਦਾ ਜ਼ਿਕਰ ਨਹੀਂ ਕਰਦੇ ਪਰ ਜੁਰਮਾਨੇ ਲੈਣ ਦਾ ਤੇ ਅਗੋਂ ਵਧੀਕੀ ਚੰਦੂ ਦੀ ਦੱਸਦੇ ਹਨ, ਇਹ ਭੁੱਲ ਉਸ ਸਮੇਂ ਦੇ ਲੇਖਕਾਂ ਦਬਿਸਤਾਨ ਮਜ਼ਾਹਬ ਵਾਲੇ ਵਰਗਿਆਂ ਕੋਲੋਂ ਬੀ ਹੋਈ ਹੈ, ਤੇ ਉਸੇ ਦੀ ਤੋਰੀ ਗੱਲ ਦੇ ਮਗਰ ਲਗਪਗ ਸਾਰੇ ਮਗਰਲੇ ਇਤਿਹਾਸਕਾਰ ਲਕੀਰ ਦੇ ਫਕੀਰ ਬਣੇ ਟੁਰੀ ਗਏ ਹਨ। ਪਾਤਸ਼ਾਹ ਦੇ ਆਪਣੇ ਲਿਖੇ ਨੂੰ ਕਿਸੇ ਨਹੀਂ ਗਉਲਿਆ। ਦੂਸਰੇ ਜਦ ਪਾਤਸ਼ਾਹ ਨੇ ਚੰਦੂ ਹਵਾਲੇ ਕਰਕੇ ਆਪਣੇ ਹੱਥ ਉਸ ਮਹਾਨ ਪਵਿੱਤ੍ਰ ਆਤਮਾ ਦੇ ਖ਼ੂਨ ਤੋਂ ਧੋਤੇ ਤਾਂ ਲੋਕਾਂ ਵਿਚ ਪਾਤਸ਼ਾਹ ਦੀ ਬੇ-ਗੁਨਾਹੀ ਦਾ ਨਿਹਚਾ ਹੋ ਗਿਆ ਤੇ ਇਹ ਟਪਲਾ ਸਿਖ ਲੇਖਕਾਂ ਨੇ ਖਾਧਾ ਜਾਪਦਾ ਹੈ ਕਿ ਪਾਤਸ਼ਾਹ ਮੁੱਢ ਤੋਂ ਹੀ ਬੇ-ਕਸੂਰ ਸੀ। ਜੋ ਟੂਕ ਅਸੀ ਰਾਸਿ ੪ ਅੰਸੂ ੩੭ ਵਿੱਚ -*- ਨਿਸ਼ਾਨ ਵਾਲੀ ਲਿਖ ਆਏ ਹਾਂ ਉਸ ਦੀ ਵਿਚਾਰ ਤੇ ਇਸ ਵੇਲੇ ਪਾਤਸ਼ਾਹ ਦਾ ਚੰਦੂ ਨੂੰ ਸਤਿਗੁਰਾਂ ਦੇ ਹਵਾਲੇ ਕਰ ਦੇਣਾ ਇਸ ਗੱਲ ਦਾ ਸਬੂਤ ਦੇਂਦਾ ਹੈ ਕਿ ਗੁਰੂ ਜੀ ਮੂਲੋਂ ਜ਼ਿੰਮੇਵਾਰ ਨਹੀਂ ਸੇ ਉਸ ਊਜ ਦੇ ਜੋ ਊਜ ਕਿ ਦੋਸ਼ ਬਣਾ ਕੇ ਪਾਤਸ਼ਾਹ ਤੋਂ ਕਹਿਰ ਕਰਵਾਇਆ ਗਿਆ ਸੀ। ਉਹ ਗੁਰ ਦ੍ਰੋਹੀਆਂ ਦੀ ਘੜੀ ਹੋਈ ਸੀ ਤੇ ਪਾਤਸ਼ਾਹ ਨੂੰ ਉਸ ਦੇ ਨਿਸ਼ਚੇ ਦਿਵਾਉਣ ਦਾ ਚੰਦੂ ਜ਼ਿੰਮੇਵਾਰ ਸੀ। ਜੇ ਕਿਹਾ ਜਾਵੇ ਕਿ ਪਾਤਸ਼ਾਹ ਨੇ ਨਿਰਾ ਜੁਰਮਾਨਾ ਕੀਤਾ ਸੀ ਤੇ ਚੰਦੂ ਨੇ ਸ਼ਹੀਦ ਕਰ ਦਿੱਤਾ ਇਸ 'ਤਜਾਵਜ਼ ਸਜ਼ਾ' ਦੇ ਬਦਲੇ ਪਾਤਸ਼ਾਹ ਨੇ ਚੰਦੂ ਨੂੰ ਦੋਸ਼ੀ ਕਰਾਰ ਦਿੱਤਾ ਤਾਂ ਠੀਕ ਨਹੀਂ ਕਿਉਂਕਿ ਪਾਤਸ਼ਾਹ ਨੇ ਆਪ ਲਿਖਿਆ ਹੈ ਕਿ ਮਾਰ ਦੇਣ ਦਾ ਹੁਕਮ ਮੈਂ ਦਿਤਾ ਹੈ। ਇਸ ਸਜ਼ਾ ਨੂੰ ਘਟਾਉਣ ਜਾਂ ਜੁਰਮਾਨੇ ਵਿਚ ਬਦਲਣ ਦਾ ਪਾਤਸ਼ਾਹ ਮੂਲੋਂ ਜ਼ਿਕਰ ਨਹੀਂ ਕਰਦਾ। ਇਸ ਤੋਂ ਸਪੱਸ਼ਟ ਹੋ ਗਿਆ ਕਿ ਪਾਤਸ਼ਾਹ ਨੂੰ ਸਾਬਤ ਹੋ ਗਿਆ ਕਿ ਗੁਰੂ ਜੀ ਪਰ ਲਾਇਆ ਗਿਆ ਇਲਜ਼ਾਮ ਗ਼ਲਤ ਸੀ ਤੇ ਚੰਦੂ ਇਹ ਝੂਠਾ ਇਲਜ਼ਾਮ ਲਾ ਕੇ ਪਾਤਸ਼ਾਹ ਤੋਂ ਗਲਤੀ ਕਰਵਾਉਣ ਦਾ ਜ਼ਿੰਮੇਵਾਰ ਸੀ।

ਜਹਾਂਗੀਰ ਕਹਿ 'ਜਿਮ ਮਨ ਭਾਵੈ।
ਕਰੋ ਆਪ, ਹਮ ਤਿਸ ਸੁਖ ਪਾਵੈਂ*।'
ਖੁਸ਼ੀ ਦੀਨਿ ਉਠਿ ਬਾਹਰ ਆਏ।
ਚਢੇ ਤੁਰੰਗ ਦੁਰਗ ਨਿਕਸਾਏ ॥੩੭॥
ਪਿਖਿ ਜੇਠੇ ਕੋ ਕਹਜੋ ਰਿਸਾਇ।
'ਬਿਚ ਬਜਾਰ ਕੇ ਇਸ ਕੋ ਲਜਾਇ।
ਗੁਰ ਸਿੱਖਨ ਸੰਗ ਹੁਕਮ ਉਚਾਰੋ।
-ਪਨਹੀ ਪਾਂਚ ਪਾਂਚ ਇਸ ਮਾਰੋ- ॥੩੮॥
ਜੂਤਨਿ ਕੀ ਬਰਖਾ ਸਿਰ ਹੋਵੈ।
ਸਨੇ ਸਨੇ ਆਨਹੁ, ਸਭਿ ਜੋਵੈਂ।'
ਇਮ ਕਹਿ ਗੁਰੂ ਤੁਰੰਗ ਚਲਾਯੋ।
ਪੀਛੇ ਜੇਠਾਦਿਕ ਸਮੁਦਾਯੋ ॥੩੯॥

ਨਗਨ ਸੀਸ ਚੰਦੂ ਕੋ ਕਰਿ ਕੈ।
ਡਾਰੀ ਖਾਕ ਮੁਸ਼ਟ ਭਰਿ ਭਰਿ ਕੈ।
ਹਾਥ ਬਿਖੈ ਪਨਹੀ ਗਹਿ ਲੀਨੇ।
ਜਹਾਂ ਨਰਨ ਕੇ ਗਨ ਬਹੁ ਚੀਨੇ ॥੪੦॥
ਤਹਾਂ ਕਹੈਂ ਮੁਖ ਊਚ ਪੁਕਾਰਿ।
'ਇਹ ਗੁਰਦ੍ਰੋਹੀ ਕੈ ਸਿਰ ਮਾਰਿ।
ਜੋ ਸਤਿਗੁਰੁ ਕੋ ਸਿੱਖ ਕਹਾਵੈ।
ਪਨਹੀ ਪੰਚ ਦੁਸ਼ਟ ਕੋ ਲਾਵੈ' ॥੪੧॥
ਜਬਿ ਸੰਗਤਿ ਮਹਿਂ ਸੁਧ ਅਸ ਪਾਈ।
ਗਹਿ ਚੰਦੂ ਕੀ ਮੁਸ਼ਕ ਚਢਾਈ।
ਧਾਏ ਮਨਹੁ ਅਨੰਦ ਕੋ ਲੂਟਨਿ।
ਗੁਰੁ ਦ੍ਰੋਹੀ ਕੇ ਸਿਰ ਕੋ ਕੂਟਨਿ ॥੪੨॥
ਸ਼ਾਹੁ ਦਿਵਾਨ ਜਾਨਿ ਕੁਛ ਡਰੈਂ।
ਪਨਹੀ ਹਾਥ ਛੁਪਾਵਨਿ ਕਰੈਂ।
ਦ੍ਰਿਸ਼ਟਿ ਬਚਾਇ ਕਿ ਹੋਹਿ ਪਿਛਾਰੀ।
ਬਲ ਤੇ ਕਰਹਿਂ ਜੂਤ ਗਨ ਮਾਰੀ ॥੪੩॥
ਆਇ ਚੌਂਪ ਤੇ ਹਰਖ ਕਰੰਤੇ।
ਸਿਰ ਚੰਦੂ ਕੇ ਜੂਤ ਹਨੰਤੇ।
ਤਬਿ ਜੇਠੇ ਨੇ ਕਹ੍ਯੋ ਪੁਕਾਰੇ।
'ਇਸ ਤੇ ਕਹਾ ਤ੍ਰਾਸ ਅਬਿ ਧਾਰੇ ॥੪੪॥
ਸਤਿਗੁਰੁ ਹੁਕਮ ਕਰਹੁ ਇਸ ਮਾਰੇ।'
ਸਨੇ ਸਨੇ ਇਮ ਚਲ ਬਜ਼ਾਰੇ।
ਦੇਖਹਿਂ ਲੋਕ ਹਜ਼ਾਰੋਂ ਖਰੇ।
ਪਹੁੰਚੇ ਸਿੱਖ ਮਾਰ ਸਿਰ ਕਰੇ ॥੪੫॥
ਸ਼ਮਸ ਸੇਤ ਤਨ ਬੈਸ ਬਿਸਾਲਾ।
ਪਰਹਿ ਮਾਰ ਨਹਿਂ ਰਹੈ ਸੰਭਾਲਾ।
ਪੁਰਿ ਕੀ ਨਾਰਿ ਅਰੂਢੀ ਉਚੇ।
ਕੌਤਕ ਹੋਵਤਿ ਜਹਾਂ ਪਹੁੰਚੇ ॥੪੬॥
ਕਰਤਿ ਬਿਲੋਕਨ ਨਰ ਗਨ ਨਾਰੀ।
ਕੋ ਮਾਰਹਿ ਕੋ ਦੇਵਤਿ ਗਾਰੀ।
ਕੋ ਮੁਖ ਊਪਰ ਜੂਤ ਬਜਾਵੈ।
ਕੋ ਭਰਿ ਮੁਸ਼ਟ ਖਾਕ ਕੀ ਪਾਵੈ ॥੪੭॥

ਮੁਸ਼ਕਾਂ ਦੇ ਕਰਿ ਪਗੀਆ ਸਾਥ।
ਪੀਛੇ ਗਹੀ ਸੁ ਜੇਠੇ ਹਾਥ।
ਆਗੇ ਕਰਯੋ ਚਲਤਿ ਪੁਰਿ ਮਾਂਹੀ।
ਭਰਯੋ ਧੂਰ ਪਰਖਯੋ ਨਹਿਂ ਜਾਹੀ ॥੪੮॥
ਦੌਰਿ ਦੌਰਿ ਬਾਲਕ ਗਨ ਆਵੈਂ।
ਅੰਜੁਲ ਭਰਹਿਂ ਖਾਕ ਕੇ ਪਾਵੈਂ।
'ਇਹ ਭਰੂਵਾ ਗੁਰੁਦ੍ਰੋਹੀ ਮਹਾਂ।'
ਜਾਹਿਂ ਪ੍ਰਵਾਰਤਿ[1] ਬਹੁ ਜਹਿਂ ਕਹਾਂ ॥੪੯॥ [1]ਘੇਰੀ ਜਾਂਦੇ ਹਨ।
'ਹਤਨਿ ਪਵਿੱਤ੍ਰ' ਕਹਹਿ ਨਰ ਕੋਈ।
'ਇਹ ਗੁਰੁਦ੍ਰੋਹੀ ਦੋਖ ਨ ਕੋਈ।'
ਇਸ ਪ੍ਰਕਾਰ ਮਾਰਤਿ ਲੇ ਗਏ।
ਡੇਰੇ ਬਿਖੈ ਪਹੁਚਤਿ ਭਏ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਚੰਦੂ ਗਹਿਨ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੂ ॥੩॥

ਉੱਪਰ ਆਇਆ ਹੈ ਕਿ ਗੁਰੂ ਜੀ ਨੇ ਜੇਠੇ ਆਦਿ ਸਿੱਖਾਂ ਨੂੰ ਹੁਕਮ ਦਿਤਾ ਕਿ ਚੰਦੂ ਨੂੰ ਬੰਨ੍ਹ ਕੇ ਡੇਰੇ ਲੈ ਚਲੋ ਤੇ ਆਪ ਡੇਰੇ ਚਲੇ ਗਏ। ਜੋ ਦੁੱਖ ਸਿਖਾਂ ਦੇ ਜੀ ਵਿਚ ਗੁਰੂ ਅਰਜਨ ਦੇਵ ਜੀ ਵਰਗੀ ਅਰਸ਼ੀ ਵਜਕਤੀ ਨੂੰ ਕਸ਼ਟਾਂ, ਖੇਦਾਂ ਤੇ ਹੈਵਾਨੀ ਤਸੀਹਿਆਂ ਦੇ ਦਿੱਤੇ ਜਾਣ ਦਾ ਸੀ, ਉਸ ਦਾ ਅੰਦਾਜ਼ਾ ਕਰਨਾ ਕਠਨ ਹੈ। ਨਾ ਕੇਵਲ ਸਿੱਖ ਬਲਕੇ ਸਾਰੀ ਪ੍ਰਜਾ ਨਾਰਾਜ਼ ਸੀ। ਫਿਰ ਚੰਦੂ ਦੇ ਹੱਥੋਂ ਆਮ ਲੋਕੀਂ ਬੀ ਉਸ ਦੀ ਸਖਤੀ ਤੇ ਹੈਂਕੜ ਕਰਕੇ ਤੰਗ ਸਨ। ਜਦੋਂ ਸਿੱਖ ਚੰਦੂ ਦੇ ਹੱਥਾਂ ਨੂੰ ਮੁਸ਼ਕਾਂ ਪਾ ਕੇ ਸ਼ਹਿਰ ਦੇ ਵਿਚ ਦੀ ਲੰਘੇ ਹਨ ਤਾਂ ਨਾ ਕੇਵਲ ਸਿੱਖ ਸੰਗਤਾਂ ਬਲਕੇ ਹਰ ਪ੍ਰਜਾ ਦਾ ਆਦਮੀ ਹਿੰਦੂ ਮੁਸਲਮਾਨ ਟੁੱਟ ਕੇ ਪਿਆ ਹੋਊ। ਇਹ ਖਬਰ ਬਿਜਲੀ ਵਾਂਙੂ ਫੈਲੀ ਤੇ ਇਡੇ ਵੱਡੇ ਜ਼ਾਲਮ ਦਾ ਗਿਰਾਉ ਸਰਬ ਸਧਾਰਣ ਵਿਚ ਚਾਉ ਤੇ ਵਹਿਸ਼ਤ ਭਰਨ ਵਿਚ ਇਕ ਅੱਗ ਦਾ ਅਲਾਂਬਾ ਹੋਇਆ ਹੋਊ। ਸੋ ਆਮ ਖਲਕਤ ਦੇ ਟੁੱਟ ਪੈਣ ਨਾਲ ਚੰਦੂ ਸਿੱਖਾਂ ਦੇ ਕਬਜ਼ੇ ਵਿਚ ਬੀ ਨਹੀਂ ਰਹਿ ਸਕਿਆ ਤੇ ਲੋਕਾਂ ਦੇ ਹੱਥੋਂ ਮਾਰੀਦਾ ਮਾਰੀਦਾ ਮਰ ਗਿਆ ਹੋਊ, ਡੇਰੇ ਤਕ ਅੱਪੜ ਨਹੀਂ ਸਕਿਆ ਹੋਣਾ। ਡੇਰੇ ਅੱਪੜਨਾ ਲਾਹੌਰ ਪਹੁੰਚਣਾ ਤੇ ਓਥੇ ਜਾਕੇ ਮਰਨਾ ਕਿਆਸ ਵਿਚ ਘਟ ਆਉਂਦਾ ਹੈ। ਅੱਜ ਕਲ੍ਹ ਦੇਖੋ ਅਮਰੀਕਾ ਵਿਚ ਕਈ ਵੇਰ ਕਿਸੇ ਹਬਸ਼ੀ ਪਰ ਲੋਕੀਂ ਨਾਰਾਜ਼ ਹੋਕੇ ਟੁੱਟ ਕੇ ਪੈਂਦੇ ਹਨ ਤਾਂ ਉਹ ਬਜ਼ਾਰ ਵਿਚੋਂ ਜੀਉਂਦਾ ਬਚ ਕੇ ਨਿਕਲ ਨਹੀਂ ਸਕਦਾ, ਪੁਲੀਸ, ਫੌਜੀ ਪ੍ਰਬੰਧ ਤੇ ਚੋਟੀ ਦੀ ਸਭਜਤਾ ਕੁਛ ਨਹੀਂ ਸਾਰ ਸਕਦੀ, ਉਥੇ ਇਸ ਨੂੰ 'ਲਿੰਚ' ਕਰਨਾ ਆਖਦੇ ਹਨ। ਜਿੰਨੀਆਂ ਜੁਤੀਆਂ ਕਵਿ ਜੀ ਸਿੱਖਾਂ ਦੀਆਂ ਤੇ 'ਨਰ ਗਨ' ਆਮ ਲੋਕਾਂ ਦੀਆਂ ਪਾਈਆਂ ਦੱਸਦੇ ਹਨ ਓਹੀ ਕਾਫੀ ਹਨ ਮਾਰ ਦੇਣ ਲਈ। ਨਮੂਨੇ ਲਈ ਦੇਖੋ ਅੰਸੂ ੫ ਅੰਕ ੧੦, ਹਜ਼ਾਰਾਂ ਆਦਮੀਆਂ ਦੀਆਂ ਜੁੱਤੀਆਂ ਤੇ ਲੱਤਾਂ ਹੇਠ ਕੌਣ ਬਚ ਸਕਦਾ ਹੈ? ਜੇ ਚੰਦੂ ਲਾਹੌਰ ਪਹੁੰਚ ਕੇ ਬਜ਼ਾਰ ਵਿਚ ਦੀ ਜਾਂਦਾ ਲੋਕਾਂ ਦੀ ਮਾਰ ਕੁੱਟ ਤੇ ਭੜਭੂੰਜੇ ਦੇ ਕੜਛੇ ਨਾਲ ਮੋਇਆ ਹੈ ਤਾਂ ਦਿੱਲੀ ਵਿਚ ਉਸ ਉੱਤੇ ਹਜ਼ਾਰਾਂ ਆਦਮੀਆਂ ਦਾ ਟੁੱਟ ਕੇ ਪੈਣਾ ਨਾ ਠੀਕ ਮੰਨਣਾ ਪਵੇਗਾ। ਫਿਰ ਦਿੱਲੀ ਮਾਮੂਲੀ ਹੱਤਕ ਹੋਈ ਹੋਊ ਤੇ ਉਸ ਦੀ ਰਾਖੀ ਤੇ ਜਿੰਦ ਨੂੰ ਸਹੀ ਸਲਾਮਤ ਰੱਖਣ ਦੇ ਪ੍ਰਬੰਧ ਕਰਕੇ ਲਾਹੌਰ ਪੁਚਾਇਆ ਹੋਊ। ਲਾਹੌਰ ਦੇ ਬਜ਼ਾਰਾਂ ਵਿਚ ਖ਼ਲਕਤ ਦਾ ਟੁੱਟ ਕੇ ਪੈਣਾ ਉਸ ਲਈ ਕਾਫੀ ਸੀ, ਕਿਉਂਕਿ ਲਾਹੌਰ ਦੇ ਲੋਕਾਂ ਵਿਚ ਰੰਜ ਹੋਰ ਵੀ ਵਧੇਰੇ ਸੀ ਕਿ ਜਿੱਥੇ ਸਾਕਾ ਵਰਤਿਆ ਸੀ। ਖ਼ਲਕਤ ਟੁੱਟ ਕੇ ਪਈ ਹੋਈ ਲੰਮਾ ਚਿਰ ਨਹੀਂ ਕਿਸੇ ਨੂੰ ਜੀਵਣ ਦਿਆ ਕਰਦੀ, ਪਰੰਤੂ ਵਧੇਰੇ ਨਿਸ਼ਚਿਤ ਹੋਣ ਲਈ ਹੋਰ ਖੋਜ ਦੀ ਲੋੜ ਹੈ।

੪. [ਸ੍ਰੀ ਅੰਮ੍ਰਿਤਸਰ ਸੁੱਖਸਾਂਦ ਦੀ ਖਬਰ ਭੇਜੀ]

੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫

ਦੋਹਰਾ:

[1]'ਸ਼੍ਰੀ ਗੁਰੁ ਹਰਿ ਗੋਬਿੰਦ ਜੀ, ਜਸ ਬਿਸਾਲ ਕੋ ਪਾਇ।
ਲਿਯੋ ਬੈਰ ਪਿਤ ਕੋ ਭਲੇ, ਗਹਜੋ ਦੁਸ਼ਟ ਦੁਖਦਾਇ ॥੧॥

[1]ਦਿੱਲੀ ਦੇ ਲੋਕ ਆਪੋ ਵਿਚ ਵੀ ਕਹਿੰਦੇ ਹਨ, ਦੇਖੋ ਅੰਕ ੮।

ਚੌਪਈ:

ਬਡ ਅਪਰਾਧ ਕਰਜੋ ਜਿਨ ਜੈਸੇ।
ਦਈ ਸਜ਼ਾਇ ਦੀਰਘਾ ਤੈਸੇ।
ਇਮ ਹੋਏ ਬਿਨ ਜੇ ਮਰਿ ਜਾਤੋ।
ਕਰਤਿ ਕਲੰਕਤਿ ਜਸ ਅਵਦਾਤੋ[1]- ॥੨॥

[1]ਗੁਰੂ ਜੀ ਦੇ) ਉੱਜਲ ਜੱਸ ਨੂੰ ਕਲੰਕਤ ਕਰਦਾ, ਉਸ ਕਲੰਕ ਦਾ ਰੂਪ ਅੱਗੇ ਦੱਸਦੇ ਹਨ:-

-ਲਿਯੋ ਨ ਗਯੋ ਬੈਰ ਪਿਤਾ ਕੇਰਾ।
ਕਜੋਂ ਸੁਤ ਜਨਮਜੋ ਮੰਦ ਬਡੇਰਾ[†]।

[†]ਗੁਰੂ ਜੀ ਦੀ ਸ਼ਾਨ ਵਿਚ ਇਹ ਵਾਕ ਕਵਿ ਜੀ ਨਹੀਂ ਵਰਤ ਰਹੇ, ਪਰ ਚੌਥੇ ਅੰਕ ਦੀ ਦੂਜੀ ਸਤਰ ਵਿਚ ਦੱਸਦੇ ਹਨ, 'ਕਹਿ ਅਪਵਾਦ ਅਜਾਨ ਬਡੇਰਾ' ਕਿ ਬੜੇ ਅਜਾਨ ਪੁਰਖ ਇਸ ਤਰ੍ਹਾਂ ਦੇ ਬੇਅਦਬੀ ਭਰੇ ਵਾਕਾਂ ਵਿਚ ਸਤਗਿਰੂ ਜੀ ਦੀ ਨਿੰਦਾ ਕਰਦੇ।

ਗੁਰੂ ਅਵੱਗਜਕ ਥਿਰਤਾ ਪਾਵੈ।
ਮਹਾਂ ਪਾਤਕੀ ਪਾਪ ਕਮਾਵੈ- ॥੩॥
ਸਤਿਗੁਰ ਸੁਤ ਅਰੁ ਸੰਗਤਿ ਕੇਰਾ।
ਕਹਿਂ[1] ਅਪਵਾਦ ਅਜਾਨ ਬਡੇਰਾ।

[1]ਕਹਿੰਦੇ।

ਸ਼੍ਰੀ ਹਰਿਗੋਵਿੰਦ ਅਬਿ ਸਭਿ ਕੇਰੀ।
ਰਾਖਿ ਲਈ ਪਤ ਲਾਜ ਘਨੇਰੀ ॥੪॥
ਉਪਜਨਿ ਤਿਨ ਕੋ ਧੰਨ ਮਹਾਨਾ।
ਕਰਜੋ ਕਾਜ ਛੱਤ੍ਰੀਨਿ ਸੁਜਾਨਾ[1]।

[1]ਸੁਜਾਨ ਛੱਤ੍ਰੀਆਂ ਵਾਲਾ।

ਦਾਵੇ ਦਾਰ[1] ਰਿਦਾ ਅਸ ਜਿਨ ਕੋ।

[1]ਭਾਵ ਦਾਈਏ ਵਾਲੇ।

ਆਯੁਧ ਧਰਨਿ ਧੰਨ ਹੈ ਤਿਨ ਕੋ ॥੫॥
ਪੂਰਬ ਸੰਤ ਰੂਪ ਗੁਰ ਅਹੇ।
ਤਿਨ ਕੋ ਛਿਮਾ ਕਰਨਿ ਹੀ ਚਹੇ।
ਇਹ ਬਡ ਬੀਰ ਸੁ ਬਾਹੁ ਬਿਸਾਲਾ।
ਬਸਹਿ ਬੀਰ ਰਸ ਜਹਾਂ ਸੁਖਾਲਾ ॥੬॥
ਮਨਹੁ ਸੂਰਤਾ ਰੂਪ ਸੁਹਾਵੈ।

ਦਰਸ਼ਨ ਤੇ ਉਤਸਾਹੁ ਬਧਾਵੈ।
ਸਤਿਗੁਰੁ ਪਿਤ ਕੋ ਸ਼ੱਤ੍ਰੂ ਚੰਦੂ।
ਜਿਨ ਕੀਨਸਿ ਅਪਰਾਧ ਬਿਲੰਦੂ ॥੭॥
ਪੁਰਿ ਮਹਿਂ ਫੇਰਜੋ ਕਰਿ ਅਸ ਹਾਲਾ।
ਇਹ ਸ਼ੁਭ ਕਾਰਜ ਕੀਨਿ ਬਿਸਾਲਾ।'
ਇਮ ਦਿੱਲੀ ਪੁਰਿ ਬਿਖੈ ਬ੍ਰਿਤੰਤ।
ਕਹਤਿ ਪਰਸਪਰ ਲੋਕ ਮਿਲੰਤਿ ॥੮॥
'ਹੁਤੋ ਪਕਰਨੋ ਕਠਨ ਮਹਾਨ।
ਸ਼ਾਹ ਅਗਾਰੀ ਵਧਜੋ ਦਿਵਾਨ।
ਸਭਿ ਉਮਰਾਵ ਸਹਾਇਕ ਜਾਂਹੀ।
ਬ੍ਰਿੰਦ ਦਰਬ ਕਿਛੁ ਗਿਨਤੀ ਨਾਂਹੀ ॥੯॥
ਸਗਲ ਜਗਤ ਪਰ ਹੁਕਮ ਕਰੰਤਾ।
ਹਤਹਿ ਚਹਿਤਿ ਚਿਤ ਕੈ ਬਖ਼ਸ਼ੰਤਾ[1]।

[1]ਚਿੱਤ ਚਾਹੇ (ਕਿਸੇ ਨੂੰ) ਮਾਰੇ ਯਾ ਬਖਸ਼ੇ।

ਰਿਸ਼ਵਤ ਦੇ ਸਭਿ ਕੋ ਅਪਨਾਵਤਿ।
ਕੋ ਚਾਰੀ ਕੋ ਕਰਨਿ ਨ ਪਾਵਤਿ ॥੧੦॥
ਬਿਨ ਸ਼੍ਰੀ ਹਰਿ ਗੋਵਿੰਦ ਵਿਸ਼ੇਖ।
ਕੌਨ ਸਕੈ ਇਸ ਕੀ ਦਿਸ਼ਿ ਦੇਖਿ।
ਪਾਤਸ਼ਾਹ ਨੇ ਕਿਮ ਪਕਰਾਯੋ।
ਹੁਤੋ ਪੁਰਾਤਨ ਮੁੱਖਜ[1] ਬਨਾਯੋ' ॥੧੧॥

[1]ਮੁਖੀਆ।

ਮਿਲਿ ਮਿਲਿ ਲੋਕ ਕਰਹਿਂ ਇਮ ਬਾਤ।
ਪੁਰਿ ਮਹਿਂ ਘਰ ਘਰ ਚੰਦੁ ਬ੍ਰਿਤਾਂਤ।
ਸੁਨਤਿ ਸੁਜਸ ਗੁਰ ਆਵਤਿ ਡੇਰੇ।
ਬੰਦਨ ਕਰਹਿਂ ਸਿੱਖ ਹੁਇ ਨੇਰੇ ॥੧੨॥
ਆਇ ਬਿਰਾਜੇ ਨਿਜ ਇਸਥਾਨ।
ਸ਼੍ਰੀ ਸਤਿਗੁਰੂ ਰੂਪ ਭਗਵਾਨ।
ਪਠਜੋ ਹੁਤੋ ਇਕ ਨਰ ਬਡ ਭੋਰ।
ਚਮੂੰ ਸਮੇਤ ਬ੍ਰਿੱਧ ਕੀ ਓਰ ॥੧੩॥
'ਹਮ ਪਹੁਚੇ ਪੁਰਿ ਮਹਿਂ ਅਬਿ ਆਇ।
ਤੁਮ ਭੀ ਮਿਲਹੁ ਮੋਦ ਉਪਜਾਇ।'
ਬ੍ਰਿਧ ਕੇ ਸਹਤ ਚਮੂੰ ਭਟ ਹਰਖੇ।
ਪਾਇ ਜ਼ੀਨ ਹਯ ਪਰ ਤੰਗ ਕਰਖੇ[1] ॥੧੪॥

[1]ਤੰਗ ਖਿੱਚੇ।

ਚਢਿ ਧੌਂਸਾ ਦੇ ਕਰਿ ਸਭਿ ਸੈਨ।

ਸਤਿਗੁਰ ਆਇ ਬਿਲੋਕੇ ਨੈਨ।
ਸ਼ਾਹੁ ਨਿਕਟ ਤੇ ਜਬਿ ਚਲਿ ਆਏ।
ਤਬਿ ਹੀ ਬ੍ਰਿਧ ਜੁਤਿ ਭਟ ਸਮੁਦਾਏ
॥੧੫॥
ਪਦ ਅਰਬਿੰਦਨਿ ਬੰਦਨ ਕਰਿ ਕੈ।
ਦਰਸ ਬਿਲੋਕਤਿ ਆਨੰਦ ਧਰਿ ਕੈ।
ਬ੍ਰਿਧ ਜੁਤ ਸਭਿ ਸਨਮਾਨ ਬਿਠਾਏ।
ਇਤਨੇ ਮਹਿਂ ਚੰਦੂ ਕਹੁ ਲਜਾਏ ॥੧੬॥
ਗੁਰ ਪ੍ਰਯੰਕ ਪਰ ਥਿਰੇ ਨਿਹਾਰਹਿਂ।
ਬਾਰ ਬਾਰ ਨਰ ਪਨਹੀ ਮਾਰਹਿਂ।
ਖਾਕ ਸੀਸ ਅਰੁ ਮੁਖ ਪਰ ਡਾਰੀ।
ਸੂਜਯੋ ਸਿਰ ਪਨਹੀ ਗਨ ਮਾਰੀ ॥੧੭॥
ਮੁਸ਼ਕੈਂ ਬਾਂਧੀ ਪਗਿਯਾ ਸਾਥ।
ਜੇਠੇ ਗਹਿ ਰਾਖਯੋ ਨਿਜ ਹਾਥ।
ਬਡ ਜੈਕਾਰ ਸ਼ਬਦ ਤਬਿ ਭਯੋ।
'ਧੰਨ ਗੁਰੂ ਬਡ ਰਿਪੁ ਗਹਿ ਲਯੋ' ॥੧੮॥
ਸ਼੍ਰੀ ਹਰਿ ਗੋਬਿੰਦ ਊਚ ਉਚਾਰਾ।
'ਇਹ ਕੂਕਰ ਹੈ ਭਉਂਕਨ ਹਾਰਾ।
ਜਹਾਂ ਤੁਰੰਗ ਸਮੂਹ ਪਛਾਰੀ।
ਇਹੀ ਸ੍ਵਾਦ ਪਾਯੋ, ਮਨ ਜਾਨਿ ॥੨੨॥
ਸਿੱਖੀ ਬੇਲ ਲਈ ਜਿਨ ਏਹੀ।
ਏਹੀ ਸਿੱਖ ਹੈਂ ਗੁਰੂ ਸਨੇਹੀ।
ਸੇ ਗੁਰਮੁਖ ਸੇ ਪਰਉਪਕਾਰੀ।
ਸੇ ਗ੍ਯਾਨੀ ਸੇ ਭਗਤਿ ਬਿਚਾਰੀ ॥੨੩॥
ਸੇ ਜਗ ਕੇ ਸਿਰਮੌਰ ਉਦਾਰਾ।
ਜੀਤ ਗਯੋ ਸੋ ਕਬਹੁਂ ਨ ਹਾਰਾ।'
ਸੁਨਿ ਚੂਹੜ ਸਤਿਗੁਰੁ ਕੇ ਬੈਨ।
ਗਯੋ ਸਰਾਹਤਿ ਅਪਨੇ ਐਨ ॥੨੪॥
ਸਨਮੁਖ ਸਿੱਖ ਨਾਮ ਇਕ ਭਾਨਾ।
ਤੀਰਥ ਰਾਜ ਪ੍ਰਯਾਗ ਸਥਾਨਾ।
ਤਹਾਂ ਬਸਤਿ ਬੀਤ੍ਯੋ ਚਿਰਕਾਲਾ।
ਸਤਿਗੁਰੁ ਕੇ ਦਰਸ਼ਨ ਕੋ ਚਾਲਾ ॥੨੫॥
ਜਥਾ ਸ਼ਕਤਿ ਧਰਿ ਭੇਟ ਅਗਾਰੀ।
ਹਾਥ ਜੋਰਿ ਕਰਿ ਬੰਦਨ ਧਾਰੀ।
ਕੁਸ਼ਲ ਪ੍ਰਸ਼ਨ ਕੀਨਸਿ ਜਬਿ ਤਾਂਹੂ।
ਅਰਜ਼ ਕਰਿਤ ਭਾ ਸਤਿਗੁਰੁ ਪਾਹੂ ॥੨੬॥
'ਰਿਦੇ ਕਾਮਨਾ ਕਰਿ ਕੱਲ੍ਯਾਨ।
ਆਨਿ ਪਰ੍ਯੋ ਤੁਮ ਸ਼ਰਨਿ ਮਹਾਨ।
ਨਿਜ ਉਪਦੇਸ਼ ਬਤਾਵਹੁ ਮੋਹੀ।
ਜਿਸ ਤੇ ਜਨਮ ਮਰਨ ਨਹਿਂ ਹੋਹੀ'
॥੨੭॥
ਸ਼੍ਰੀ ਗੁਰੁ ਹਰਿਗੋਵਿੰਦ ਬਖਾਨਾ।
'ਕਿਰਤ ਧਰਮ ਕੀ ਕਰਹੁ ਸੁ ਜਾਨਾ।
ਵਾਹਿਗੁਰੂ ਕੋ ਨਾਮ ਲਈਜੈ।
ਰਸਨਾ ਸਿਮਰਹੁ ਨਹਿਂ ਬਿਸਰੀਜੈ'
॥੨੮॥
ਤਬਿ ਭਾਨੇ ਸੁਨਿ ਕੈ ਨਿਰਧਾਰਾ।
ਪੁਨ ਪੂਛਨਿ ਕੋ ਬਾਕ ਉਚਾਰਾ।
'ਅਪਰ ਮਤਨਿ ਕੇ ਨਰ ਹੁਇ ਨੇਰੇ।
ਤਰਕਹਿਂ ਮੋਹਿ[1] ਬਾਦ ਕੋ ਛੇਰੇ ॥੨੯॥

[1]ਮੈਨੂੰ।

-ਪੁਰਸ਼ ਮਹਾਨ ਸਭਿਨਿ ਤੇ ਜੋਇ।
ਬਾਰੰਬਾਰਿ ਹਕਾਰਹਿ[1] ਕੋਇ।
[1]ਜੇ) ਕੋਈ ਬੁਲਾਵੇ।
ਖੀਝਹਿ ਸੋ[1], ਝਿਰਕਹਿ ਦੇ ਤ੍ਰਾਸ।
[1]ਤਦ ਉਹ) ਖਿਝਦਾ ਹੈ।
ਨਹਿਂ ਰਾਖਤਿ ਹੈ ਤਿਨ ਕੋ ਪਾਸ ॥੩੦॥
ਰਾਮ ਰਾਮ ਨਿਤ ਪਰੇ ਪੁਕਾਰੋ[1]।
[1]ਤੁਸੀਂ) ਪੁਕਾਰਦੇ ਹੋ।
ਨਹਿਂ ਰੀਝੈ, ਖੀਝੈ ਨਿਰਧਾਰੋ।
ਕਹਾ ਫਲ ਤੁਮ ਕੋ ਆਵੈ ਹਾਥ?
ਰਿਸਹਿ ਮਹਾਂ ਫਲ ਦਾਤਾ ਨਾਥ[1]-' ॥੩੧॥
[1]ਮਹਾਂ ਫਲ ਦਾਤਾ ਸ੍ਵਾਮੀ ਗੁੱਸੇ ਹੋਏਗਾ।
ਸ਼੍ਰੀ ਸਤਿਗੁਰ ਕਹਿਂ- 'ਲਖਹੁ ਨ ਐਸੇ।
ਸ਼ਰਧਾ ਧਰਹੁ ਕਹੈਂ ਹਮ ਜੈਸੇ।
ਜਿਮ ਕੋਈ ਆਜਿਜ਼ ਹ੍ਵੈ[1] ਦੀਨ।
[1]ਆਤੁਰ ਹੋਕੇ।
ਸ਼ੱਤ੍ਰੁ ਬ੍ਰਿੰਦ ਨੇ ਜਿਸ ਦੁਖ ਦੀਨਿ ॥੩੨॥
ਸਭਿ ਤੇ ਹੁਇ ਨਿਰਾਸ ਨਿਰਧਾਰੇ।
ਲੇ ਅਧਿਪਤਿ ਕੋ ਨਾਮ ਪੁਕਾਰੇ।
ਜਬਿ ਲਗਿ ਸੁਨੀਯਤਿ ਨਹੀਂ ਪੁਕਾਰ।
ਬਾਰਿ ਬਾਰਿ ਸੋ ਕਰਹਿ ਉਚਾਰ ॥੩੩॥
ਸੁਨਹਿ ਪੁਕਾਰ ਤ ਰਿਪੁ ਜਨ ਜੇਈ।
ਸੇ ਹਟਿ ਜਾਤਿ ਕਸ਼ਟ ਨਹਿਂ ਦੇਈ।
ਨਿਜ ਬਲ ਹੋਕਹਿਂ ਤਿਸ ਤੇ ਫੇਰਿ[1]।
[1]ਉਹ ਵੈਰੀ) ਆਪਣਾ ਬਲ ਉਸ ਵਲੋਂ ਰੋਕ ਲੈਂਦੇ ਹਨ।
ਭੈ ਕਰਿ ਹੋਇ ਸਕਹਿਂ ਨਹਿਂ ਨੇਰ[1] ॥੩੪॥
[1]ਉਹ ਵੈਰੀ) ਨੇੜੇ ਨਹੀਂ ਹੋ ਸਕਦੇ।
ਜੇ ਅਧਿਪਤਿ ਕੇ ਚਾਕਰ ਅਹੈਂ।
ਦੀਨ ਦੁਖੀ ਰਿਪੁ ਗਨ ਤੇ ਲਹੈਂ[1]।
[1]ਦੇਖ ਲੈਣ ਤਾਂ।
ਕ੍ਰਿਪਾ ਕਰਹਿ ਸੇ ਬਨਹਿਂ ਸਹਾਇ।
ਸਭਿ ਸ਼ੱਤ੍ਰੁਨਿ ਕੋ ਦੇਤਿ ਹਟਾਇ ॥੩੫॥
ਜੇ ਅਧਿਪਤਿ ਭੀ ਸੁਨਹਿ ਪੁਕਾਰਾ।
ਜਾਨਹਿਂ -ਮੇਰੋ ਨਾਮ ਉਚਾਰਾ-।
ਕ੍ਰਿਪਾ ਕਰੈ ਨਿਰਭੈ ਕਰਿ ਲੇਤਿ।
ਰਿਪੁ ਗਨ ਨਾਸ਼, ਮਹਾਂ ਸੁਖ ਦੇਤਿ ॥੩੬॥
ਤਿਮ ਏ ਕਾਮ ਕ੍ਰੋਧ ਤੇ ਆਦਿ।
ਲੂਟਤਿ ਨਿਤਪ੍ਰਤਿ ਕਰਿ ਕਰਿ ਬਾਦ।
ਪਾਪ ਰੂਪ ਭੈ ਦੇਤਿ ਸਦੀਵ।

ਦੁਖਦ ਸ਼ੱਤ੍ਰ ਗਨ ਲਖਹਿ ਜਿ ਜੀਵ[1] ॥੩੭॥

[1]ਜੀਵ ਜੇ ਸਾਰੇ ਸ਼ੱਤ੍ਰੂਆਂ ਨੂੰ ਦੁਖ ਦਾਤੇ ਲਖਕੇ (ਰਾਮ ਰਾਮ ਉਚਾਰਨ ਕਰੇ)।

ਰਾਮ ਰਾਮ ਤਬਿ ਕਰਹਿ ਉਚਾਰਨ†।

†ਸਿਖਾਂ ਦੀ ਭਗਤ ਮਾਲ ਵਿਚ ਏਥੇ ਦ੍ਰਿਸ਼ਟਾਂਤ ਵਾਲੀ ਪਹਿਲੀ ਗੱਲ ਇਉਂ ਦਿਤੀ ਹੈ-ਤੈਸੇ ਜੋ ਪੁਰਖ ਕਾਮ ਕ੍ਰੋਧ ਆਦਿ ਵੈਰੀਆਂ ਭੀ ਭੈ ਮਾਨ ਹੋ ਕਰ ਮਹਾਰਾਜ ਦਾ ਨਾਮ ਉਚਾਰਨ ਕਰਦਾ ਹੈ, ਤਾਂ ਪਾਪ ਉਸ ਨੂੰ ਤਿਆਗ ਕਰ ਜਾਂਦੇ ਹਨ, ਨਹੀਂ ਤਾਂ ਸੰਤਾਂ ਨੂੰ ਮਿਲਦਾ ਹੈ ਓਹ ਉਹਨਾਂ ਨੂੰ ਨਿਹਚਾ ਦੇਕੇ ਪਾਪਾਂ ਥੀਂ ਰਹਿਤ ਕਰਦੇ ਹੈਨ।

ਮਿਲਹਿਂ ਜਿ ਸੰਤ ਸੁ ਕਰਹਿਂ ਉਧਾਰਨਿ।
ਕਾਮ ਕ੍ਰੋਧ ਰਿਪੁ ਪਾਪ ਸਮੇਤਿ।
ਇਨ ਤੇ ਅਭੈ ਤੁਰਤ ਕਰਿ ਲੇਤਿ ॥੩੮॥
ਸੁਨਿ ਪਰਮੇਸ਼ੁਰ ਕਰੁਨਾ ਧਰੈ।
ਜਾਨਹਿ-ਮੇਰੋ ਸਿਮਰਨਿ ਕਰੈ।
ਪਰਜੋ ਸ਼ਰਨ ਮੇਰੀ ਹੁਇ ਆਰਤਿ।
ਰਿਪੁ ਗਨ ਮਿਲੇ ਇਸੇ ਨਿਤ ਮਾਰਤਿ- ॥੩੯॥
ਬਿਰਦ ਕ੍ਰਿਪਾਲ ਆਪਨੋ ਜਾਨਾ।
ਕਰਹਿ ਮੁਕਤਿ ਸਭਿ ਬੰਧਨ ਹਾਨਾ।
ਅਬਚਲਿ ਸੁਖ ਪ੍ਰਭੁ ਦਾਤ ਕਰੰਤੇ।
ਇਹ ਫਲ ਹੋਤਿ ਨਾਮ ਸਿਮਰੰਤੇ ॥੪੦॥
ਸਤਿਗੁਰ ਕਹਜੋ 'ਤੋਹਿ ਜੋ ਤਰਕੈ[1]।

[1]ਤਰਕਾਂ ਕਰੇ।

ਪ੍ਰਭੁ ਸਿਮਰਨ ਤੇ ਪਾਇ ਜੁ ਫਰਕੈ।
ਨਿੰਦਕ ਪਾਮਰ ਸ਼ੱਤ੍ਰੂ ਸੋਇ।
ਤਿਨ ਸਮਦੁਖਦ ਅਪਰ ਨਹਿਂ ਕੋਇ ॥੪੧॥
ਤਿਨ ਕੋ ਸੰਗਨ ਕਰੋ ਕਦਾਈ।
ਮਿਲਨਿ ਬੋਲਨੇ ਪਾਪ ਉਪਾਈ।
ਕਹਿ ਤਰਕਾਂ ਨਿਸ਼ਚੇ ਤੇ ਗੇਰਤਿ।
ਅਪਰ ਜਿ ਮੰਦਮਤੀ ਮਹਿਂ ਪ੍ਰੇਰਤਿ[1] ॥੪੨॥

[1]ਹੋਰ ਜੋ ਖੋਟੀ ਮਤ ਵਿਚ ਪ੍ਰੇਰਦੇ ਹਨ।

ਤਜਹਿ ਨ ਬਿਸ਼ਯ, ਰਹੈ ਮਨ ਲਾਗਿ[1]।

[1]ਮਨ ਲਗਾ ਰਹਿੰਦਾ ਹੈ (ਵਿਸ਼ਿਆਂ ਵਿਚ)।

ਤੌਂ ਬਿਸ਼ਿਯਨ ਕੇ ਸੰਗੀ ਤਜਾਗ।
ਤਿਨ ਕੀ ਸੰਗਤਿ ਕਬਹਿ ਨ ਕਰੈ।
ਤਿਨ ਕੋ ਤਜਹਿ ਸਦਾ ਹਿਤ ਧਰੈ' ॥੪੩॥
ਸੁਨਿ ਭਾਨੇ ਪੂਛਜੋ 'ਇਹ ਕਹਾਂ?

ਬਿਸ਼ਯਨਿ ਤੇ ਬਿਸ਼ਈ ਰਿਪੁ ਮਹਾਂ।
ਕਾਰਨ ਬਿਸ਼ਯ ਪਰਤਿ ਹੈਂ ਜਾਨੇ[1]।
ਬਿਸ਼ਯਨਿ ਭੁਗਤਾ ਕਾਜ ਸਮਾਨੇ[1]†' ॥੪੪॥
ਸੁਨਿ ਸ਼੍ਰੀ ਹਰਿਗੋਬਿੰਦ ਉਚਾਰੇ।
'ਕਾਰਨ ਅਗਨਿ ਦੇਇ ਤਨ ਜਾਰੇ।
ਤਿਸ ਅਗਨੀ ਤੇ ਲੋਹ ਤਪਾਵਾ।
ਲਾਲ ਬਿਸਾਲ ਭਯੋ ਝਲਕਾਵਾ ॥੪੫॥
ਅਗਨੀ ਤੇ ਹੁਇ ਤੇਜ ਮਹਾਨੇ।
ਸਹਿ ਨਹਿਂ ਸਕੀਅਤਿ ਨੇਰ ਨ ਠਾਨੇ।
ਤਜੋਂ ਬਿਸ਼ਈ ਬਿਸ਼ਯਨਿ ਤੇ ਭਯੋ।
ਬੰਧਮਾਨ, ਕਿਮ ਨਹਿਂ ਮੁਕਤਯੋ ॥੪੬॥
ਤਿਨ ਕੀ ਸੰਗਤਿ ਦੇਤਿ ਗਿਰਾਇ।
ਸ਼ੁਭ ਪਦ ਕੋ ਨ ਅਰੂਢਨਿ ਪਾਇ।
ਜਿਮ ਤਰੁਵਰ ਕੋ ਬਹੁ ਫਲ ਲਾਗੇ।
ਬਾਉ ਲਗੇ ਜਿਨਿ† ਸ਼ਾਖਾ ਤਜਾਗੇ ॥੪੭॥
ਸੋਗੰਦਾ ਹੁਇ ਜਾਇ ਨ ਪਾਕੇ।
ਕਾਚੇ ਗਿਰਜੋ ਨ ਰਸ ਪਰਿ ਵਾਕੇ[1]।
ਬਾਯੁ ਆਦਿ ਜਿਨ ਬਿਘਨ ਨ ਭਯੋ।
ਦਿਢ ਸ਼ਾਖ਼ਾ ਕੈ ਸੰਗੀ ਰਹਜੋ ॥੪੮॥
ਸੋ ਤਰੁਵਰ ਤੇ ਰਸ ਕੋ ਪਾਵੈ।
ਪਾਕੇ ਨੀਕ ਮਧੁਰ ਹੁਇ ਜਾਵੈ।
ਗੁਰੁਬਾਨੀ ਸ਼ਾਖਾ ਤਿਮ ਲਾਗੇ†।
ਤਰਕੈ ਨਿੰਦਕ ਸੁਨਿ ਜੋ, ਤਜਾਗੇ ॥੪੯॥
ਪਰਮੇਸ਼ੁਰ ਤਰੁ ਕੋ ਰਸ ਪਾਇ ਨ।
ਗੰਦੇ ਜਨਮ ਮਰਨ ਦੁਖ ਆਇਨ[1]।
ਲਗੇ ਰਹੇ ਸੋ ਲੇ ਰਸ ਗਜਾਨ।
ਮਧੁਰ ਮੁਕਤਿ ਹੁਇ ਬੰਧਨ ਹਾਨਿ ॥੫੦॥
ਤਜੋਂ ਭਾਨਾ ਤੁਮ ਸੁਨਿ ਕੈ ਤਰਕ।
ਪਰਮੇਸੁਰ ਸੋਂ ਕਰਹੁ ਨ ਫਰਕ[1]।
ਨਹਿਂ ਤਜਾਗਹੁ ਸਤਿਨਾਮੁ ਸੁਖੇਨਾ।

[1]ਵਿਸ਼ੇ 'ਕਾਰਣ' ਜਾਣ ਪੈਂਦੇ ਹਨ।
[1]ਤੇ ਵਿਸ਼ਿਆਂ ਦਾ ਭੋਗਤਾ ਸੋ 'ਕਾਰਜ' ਦੇ ਸਮਾਨ ਹੈ।
†ਪਾ:-ਮਹਾਨੇ।
†ਪਾ:-ਨਿਜ।
[1]ਨਾਂ ਰਸ ਹੀ ਪਿਆ ਉਸ ਨੂੰ।
†ਨਾਮ ਵਿਚ ਲਗੇ ਰਹਿਣਾ ਪਰਮੇਸ਼ੁਰ ਰੂਪ ਬ੍ਰਿੱਛ ਨਾਲ ਲਗੇ ਰਹਿਣਾ ਹੈ, ਜੋ ਮਿਠਿਆਂ ਕਰਦਾ ਤੇ ਪਕਾਉਂਦਾ ਹੈ।
[1]ਜਨਮ ਮਰਨ ਦੁਖ ਦਾ ਘਰ ਇਹ ਗੰਦੇ ਹੋਣਾ ਹੈ।
[1]ਵਿੱਥ।

ਜੇ ਅਨੰਦ ਅਭਿਲਾਖਹੁ ਲੇਨਾ' ॥੫੧॥
ਸੁਨਿ ਭਨੇ ਮਾਨੀ ਗੁਰਬਾਨੀ।
'ਸੱਤਜ ਸੱਤ, ਐਸੇ ਗੁਨ ਖਾਨੀ?'
ਦ੍ਰਿਢ ਸ਼ਰਧਾ ਧਰਿ ਸਿਮਰਨ ਕਰਜੋ।
ਭਉਜਲ ਤਰਜੋ ਪਾਰ ਸੋ ਪਰਜੋ ॥੫੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਚਤੁਰ ਚਤਵਾਰਿੰਸਤੀ ਅੰਸੂ ॥੪੪॥

੪੫. [ਸਿੱਖਾਂ ਦੇ ਪ੍ਰਸੰਗ]

੪੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਬਸਹਿ ਜੌਨਪੁਰ ਕੇ ਬਿਖੈ,
ਜੱਟੂ ਤਪਾ ਮਹਾਨ।
ਸ਼੍ਰੀ ਗੁਰ ਹਰਿਗੋਬਿੰਦ ਕੋ,
ਆਯਹੁ ਦਰਸ਼ਨ ਠਾਨਿ ॥੧॥

ਚੌਪਈ:

ਬੰਦਨ ਕਰੀ ਜੋਰਿ ਜੁਗ ਪਾਨ।
ਬੈਠਿ ਕਰੀ ਅਰਦਾਸ ਬਖਾਨ।
'ਸੁਨਜੋ ਸੁਜਸੁ ਰਾਵਰ ਕੋ ਭਾਰੀ।
ਲਾਖਹੁਂ ਮਾਨੁਖ ਕੁਮਤਿ ਬਿਦਾਰੀ ॥੨॥
ਪਰਜੋ ਸ਼ਰਨਿ ਮੈਂ, ਕ੍ਰਿਪਾ ਨਿਧਾਨ!
ਦਿਹੁ ਉਪਦੇਸ਼ ਹੋਇ ਕਲਿਆਨ।'
ਸੁਨਿ ਕਰਿ ਸ਼੍ਰੀ ਸਤਿਗੁਰੂ ਉਚਾਰਾ।
'ਕਰਹੁ ਸ਼ਾਂਤਿਕੀ ਤਪ ਨਿਰਧਾਰਾ ॥੩ ॥
ਰਾਮ ਨਾਮ[1] ਨਿਤ ਨਾਮ ਉਚਰੀਅਹਿ।

[1]ਭਾਵ, ਪ੍ਰਮੇਸ਼ਰ ਦਾ ਨਾਮ, ਅੰਕ ਛੇ ਵਿਚ 'ਵਾਹਿਗੁਰੂ' ਦੱਸਦੇ ਹਨ।

ਇੰਦ੍ਰੈ ਰੋਕਿ ਨਾਮ ਮਨ ਧਰੀਅਹਿ।'
ਬਹੁਰ ਤਪੇ ਬੂਝਨਿ ਗੁਰੁ ਕੀਨੇ।
'ਕੇਤਿਕ ਕਹਿਤੇ ਸੁਮਤ ਪ੍ਰਬੀਨੇ ॥੪॥
ਬਿਨਾ ਗਜਾਨ ਤੇ ਗਤਿ ਕਬਿ ਨਾਂਹੀ।
ਬੇਦ ਪ੍ਰਮਾਣ ਦੇਤਿ ਇਸ ਮਾਂਹੀ।'
ਸੁਨਿ ਗੁਰ ਭਨਜੋ 'ਲਖਹੁ ਇਸ ਰੀਤਿ।
ਜੇ ਗਤਿ ਕੇ ਅਭਿਲਾਖੀ ਚੀਤ[1] ॥੫॥

[1]ਜੋ ਚਿੱਤ ਵਿਚ ਮੁਕਤੀ ਦੇ ਲੋੜਕੂ ਹਨ।

ਵਾਹਿਗੁਰੂ ਜਬਿ ਨਿਸ ਦਿਨ ਜਾਪਤਿ।
ਚਾਰਹੁਂ ਦ੍ਵਾਰ ਹੋਇ ਤਬਿ ਪ੍ਰਾਪਤਿ।
ਜਿਨਿ ਦਰ ਅੰਦਰ ਹੁਇ ਪ੍ਰਵਿਸਾਇ[1]।

[1]ਜਿਸ ਨੂੰ (ਮੁਕਤੀ ਦੇ) ਦਰਵਾਜ਼ਿਆਂ ਅੰਦਰ ਪ੍ਰਵੇਸ਼ ਹੋਵੇ।

ਮਿਲਹਿ ਜਾਇ ਕਰਿ, ਪਦ ਕੋ ਪਾਇ ॥੬॥
ਜਿਮਿ ਹਰਿਮੰਦਰ ਕੇ ਦਰ ਚਾਰ।
ਜਿਸ ਦਰ ਬਰਹਿ ਸੁ ਤਿਸਹਿ ਉਦਾਰ[1]।

[1]ਤੇ ਉਸ ਨੂੰ ਉਹੋ ਹੀ ਚੰਗਾ ਹੈ।

ਜੋਗ, ਵਿਰਾਗ, ਭਗਤਿ ਅਰੁ ਗਜਾਨ।

ਸਿਮਰੇ ਨਾਮ ਆਇੰ ਚਹੁ ਪਾਨ[1] ॥੭॥
ਬ੍ਰਿੱਤਿ ਇਕਾਗਰ ਕਰਿ ਅਭਿਰਾਮ।
ਪ੍ਰੇਮ ਸਹਤ ਸਿਮਰੇ ਸਤਿਨਾਮ।
ਤਬਿ ਫਲ -ਜੋਗ- ਕਰੇ ਕੋ ਪਾਵੈ।
ਸਿਮਰਨ ਕਰਿ ਤਿਸ ਮਨ ਟਿਕ ਜਾਵੈ ॥੮॥
ਤਬਿ ਬਿਸ਼ਿਯਨਿ ਤੇ ਲਹੈ -ਵਿਰਾਗ-।
ਮੂਲ -ਭਗਤਿ- ਕੋ ਸਿਮਰਨਿ ਲਾਗਿ[1]।
ਪ੍ਰਭੁ ਮਹਿਂ -ਪ੍ਰੇਮ- ਮਹਾਂ ਉਪਜਾਯੋ।
ਨਿਸ ਦਿਨ ਮਨ ਮੈਂ ਏਕ ਬਸਾਯੋ ॥੯॥
ਕ੍ਰਿਪਾ ਕਰਹਿ ਜਿਸ ਮਹਿਂ ਲਿਵਲਾਈ[1]।
ਰਿਦੇ ਪੁਨਹਿਂ ਦੇ -ਗਜਾਨ- ਉਪਾਈ।
ਏਕ ਆਤਮਾ ਪੂਰਨ ਜਾਨਹਿ।
ਨਿਜ ਸਰੂਪ ਲਖਿ ਬੰਧਨ ਹਾਨਹਿ ॥੧੦॥
ਇਮ ਸਤਿਨਾਮ ਆਸਰੈ ਚਾਰੇ।
ਸਿਮਰਤਿ ਪ੍ਰਾਪਤਿ ਹੋਵਤਿ ਸਾਰੇ।
ਯਾਂ ਤੇ ਜੇ ਬਾਂਛਹਿਂ ਇਨ ਚਾਰਨਿ।
ਨਾਮ ਨਿਰੰਤਰ ਕਰਹਿਂ ਸੰਭਾਰਨ ॥੧੧॥
ਧਰਮਸਾਲ ਕੈ ਸਤਿਗੁਰ ਦ੍ਵਾਰੇ।
ਚਲਤਿ ਲਹਹਿ ਫਲ ਪਗ ਪਗ ਭਾਰੇ[1]।
ਸ਼ਬਦ ਸੁਨਹਿ ਤਜਿ ਹੰ, ਮਨ ਨੀਵਾ।
ਪ੍ਰਭੁ ਉਪਾਸਨਾ ਪ੍ਰਾਪਤਿ ਥੀਵਾ ॥੧੨॥
ਪਾਛਲਿ ਰਾਤਿ ਉਠਠਿ ਇਸ਼ਨਾਨ।
ਅਹੈ ਸ਼ਾਂਤਕੀ ਤਪੁ ਸੁ ਮਹਾਨ।
ਸੱਤਿਨਾਮ ਸਿਮਰਨਿ ਫਲ ਪਾਵੈ।
-ਮੈਂ ਤਨ ਨਹਿਂ- ਨਿਸ਼ਚੈ ਠਹਿਰਾਵੈ ॥੧੩॥
-ਤਨ ਜਨਮੇ ਤੇ ਜਨਮ ਨ ਮੇਰੋ।
ਬਿਨਸਨਿ ਤੇ ਬਿਨਸਨਿ ਨਹਿਂ ਹੇਰੋ।
ਸਤਿ ਚੇਤਨ ਮੈਂ ਰੂਪ ਅਨੰਦ।
ਸਨੈ ਸਨੈ ਐਸੇ ਸੁਖ ਕੰਦ-' ॥੧੪॥

[1]ਚਾਰੇ (ਜੋਗ, ਵਿਰਾਗ, ਭਗਤਿ, ਤੇ ਗਿਆਨ) ਹੱਥਾਂ ਵਿਚ ਆਂਵਦੇ ਹਨ।

[1]ਭਗਤੀ ਦਾ ਮੂਲ ਜੋ ਸਿਮਰਨ ਹੈ ਤਿਸ ਵਿਚ ਲੱਗਾ ਤਾਂ।

[1]ਜਿਸ ਦੇ (ਰਿਦੇ ਵਿਚ) ਲਿਵ ਲਾ ਦੇਵੇ।

[1]ਪੈਰ ਪੈਰ ਤੇ ਭਾਰੀ ਫਲ ਲੈਂਦਾ ਹੈ।

ਨਵਲਾ ਸਿੱਖ ਨਿਹਾਲਾ ਦੋਇ।
ਪਟਣੇ ਨਗਰ ਬਸਹਿਂ ਘਰ ਸੋਇ।
ਸਚ ਬੋਲਹਿਂ ਸਚੁ ਕਾਰ ਕਮਾਵੈਂ।
ਸਾਚੇ ਕੀ ਸੰਗਤਿ ਨਿਤ ਭਾਵੈ ॥੧੫॥
ਜੇ ਸਿਖ ਭਜਨ ਕਰਤਿ ਧਰਿ ਪ੍ਰੇਮ।
ਤਿਨ ਕੋ ਸੇਵਤਿ ਨਿਤ ਹਿਤ ਛੇਮ।
ਸ਼੍ਰੀ ਗੁਰ ਕੇ ਦਰਸ਼ਨ ਕੋ ਆਏ।
ਜਥਾ ਸ਼ਕਤਿ ਧਰਿ ਸੀਸ ਨਿਵਾਏ ॥੧੬॥
ਕਿਤਿਕ ਦਿਵਸ ਬਸਿ ਕਰਿ ਗੁਰ ਪਾਸ।
ਹੁਇ ਥਿਤ ਕਰਤਿ ਭਏ ਅਰਦਾਸ।
'ਗੁਰੂ ਗਰੀਬ ਨਿਵਾਜ ਮੁਕੰਦ!
ਦਿਹੁ ਐਸੋ ਉਪਦੇਸ਼ ਬਿਲੰਦ ॥੧੭॥
ਜਿਸ ਕੇ ਕਰੇ ਸਰਬ ਕੁਛ ਹੋਈ।
ਬਹੁਰੋ ਕਰਤਬ ਰਹਹਿ ਨ ਕੋਈ।'
ਸ਼੍ਰੀ ਗੁਰੁ ਹਰਿ ਗੋਬਿੰਦ ਅਭਿਰਾਮੂ।
ਕਹਜੋ 'ਉਪਾਸਹੁ ਨਿਤ ਸਤਿਨਾਮੂ'
॥੧੮॥
ਭਨਜੋ ਨਿਹਾਲੇ ਸੁਨਿ ਤਿਸ ਕਾਲ।
'ਕਿਤਿਕ ਸੁਮਤਿ ਜੁਤਿ ਕਹਿਂ ਇਸ ਢਾਲ।
-ਜਬਿ ਲੌ ਦ੍ਵੈਤ ਹੋਤਿ ਜਿਨ ਰਿਦੇ।
ਤ੍ਰਿਪਟੀ[1] ਬਨੀ ਰਹਤਿ ਹੈ ਤਦੇ ॥੧੯॥

[1]ਤ੍ਰਿਪੁਟੀ = ਤਿੰਨ ਵਸਤਾਂ ਦਾ ਇਕੱਠ, ਜੈਸੇ, ਉਪਾਸਕ, ਉਪਾਸਨਾ, ਉਪਾਸਜ, ਧਜਾਤਾ, ਧਜਾਨ ਧੇਯ; ਗਜਾਤਾ ਗਜਾਨ ਗੇਯ।

ਦੋਹਰਾ:
ਏਕ ਉਪਾਸਿ ਉਪਾਸਨਾ, ਤ੍ਰਿਤੀ ਉਪਾਸਕ ਸੇਯ।
ਧਜਾਤਾ ਧੇਯ ਰੁ ਧਜਾਨੁ ਤਿਮ, ਗਜਾਤਾ ਗਜਾਨ ਰੁ ਗੇਯ[2] ॥੨੦॥

ਚੌਪਈ:
ਜਬਿ ਪ੍ਰਾਪਤੀ ਅੱਦ੍ਵੈਤੀ[1] ਹੋਇ।
ਤਹਿਂ ਤੀਨਹੁ ਕੋ ਬਨਨਿ ਨ ਜੋਇ[1]।
ਪਾਰਬ੍ਰਹਮ ਕੋ ਬਨਹਿ ਸਰੂਪ।
ਜਿਮ ਸਾਗਰ ਹੁਇ ਬੰਦੂ ਅਨੂਪ ॥੨੧॥

[1]ਅਦ੍ਵੈਤਤਾ ਦੀ ਹਾਲਤ, ਜਿੱਥੇ ਨਾ ਤ੍ਰਿਪੁਟੀ ਨਾ ਦੂਆ ਰਹਿੰਦਾ ਹੈ।

[1]ਨਹੀਂ ਦੇਖਦਾ ਹੈ।

ਨਾਮੀ, ਨਾਮ, ਨ ਜਾਪਕ ਜਬੈ।
ਅਪਨਿ ਸਰੂਪ ਸਰਬ ਲਖਿ ਤਬੈ।'
ਸ਼੍ਰੀ ਗੁਰੁ ਸੁਨਿ ਕੈ ਬਹੁਰ ਉਚਾਰਾ।
'ਭਗਤਿ ਹੋਤਿ ਹੈ ਚਾਰਿ ਪ੍ਰਕਾਰਾ ॥੨੨ ॥
ਬ੍ਰਿੰਦ ਕਾਮਨਾ ਕਰਿ ਕਰਿ ਮਨ ਮੈਂ।
ਸੱਤਿਨਾਮ ਸਿਮਰਤਿ ਨਿਸ ਦਿਨ ਮੈਂ।
ਅਰੁ ਸੰਤਨ ਕੀ ਸੇਵਾ ਠਾਨਤਿ।
ਕਹੇ ਬਚਨ ਸੰਤਨਿ ਕੇ ਮਾਨਤਿ ॥੨੩॥
ਤਿਨ ਕੋ ਹੋਤਿ ਕਾਮਨਾ ਪੂਰੀ।
ਪੁਨ ਪ੍ਰਭੁ ਪ੍ਰੀਤਿ ਉਪਜਿ ਉਰ ਰੂਰੀ।
ਦੁਤੀਏ -ਆਰਤਿ- ਭਗਤ ਬਨੰਤੇ।
ਜੇ ਸ਼ਤ੍ਰੁਨਿ ਤੇ ਹੁਇ ਦੁਖਵੰਤੇ ॥੨੪॥
ਕੈ ਰੋਗਾਤੁਰ ਦੁਖ ਕੋ ਪਾਵੈਂ।
ਪ੍ਰਭੁ ਕੇ ਸਿਮਰਨਿ ਮਹਿਂ ਮਨ ਲਾਵੈਂ।
ਸ਼ੱਤ੍ਰੁਨਿ ਤੇ ਹੁਇ ਜਾਤਿ ਸੁਖਾਰੋ।
ਰੋਗ ਨਸ਼ਟ ਤੇ ਹੁਇ ਬਲ ਭਾਰੋ[1] ॥੨੫॥
ਆਗੇ ਕੋ ਸ਼ਰਧਾ ਵਧਿ ਪਰੈ।
ਲਾਲਚ ਤੇ ਸਦ ਸਿਮਰਨਿ ਕਰੈ।
ਤੀਜੇ ਨਿਤ -ਉਪਾਸਨਾ- ਧਾਰੀ।
ਸਿਮਰਹਿਂ ਸੱਤਿਨਾਮ ਅਘਹਾਰੀ ॥੨੬॥
ਲਖਹਿਂ ਦਾਸ ਨਿਜ, ਪ੍ਰਭੁ ਕੋ ਕਰਤਾ।
-ਹਮ ਤ੍ਰਿਯ ਸਮ, ਪਰਮੇਸ਼ੁਰ ਭਰਤਾ-।
ਅੰਤਹਕਰਨ ਬਿਮਲ ਹੁਇ ਜਾਤਿ।
ਪੁਨ ਤਿਸਿ ਬ੍ਰਹਮ ਗਜਾਨ ਉਪਜਾਤਿ ॥੨੭॥
ਚੌਥੇ ਗਜਾਨੀ ਭਗਤ ਬਿਸਾਲੇ।
ਏਕ ਪ੍ਰਮੇਸੁਰ ਸਭਿ ਮਹਿਂ ਭਾਲੇ।
ਘਟ ਮਠ ਮਹਿਂ ਜਿਮ ਬਜਾਪਿ ਅਕਾਸ਼।
ਤਿਮ ਸਭਿ ਮਹਿਂ ਇਕ ਬ੍ਰਹਮ ਪ੍ਰਕਾਸ਼ ॥੧੮॥
ਇਮ ਲਖਿ ਵਾਹਿਗੁਰੂ ਨਿਤ ਸਿਮਰਹਿਂ।
ਦ੍ਰਿਢ ਹੁਇ ਆਤਮ ਗਜਾਨ ਸੁ ਉਰ ਮਹਿਂ।

[1]ਅਰੋਗ ਹੋਕੇ ਬਲ ਵਾਲਾ (ਤਕੜਾ) ਹੋ ਜਾਂਦਾ ਹੈ।

ਚਤੁਰ ਭੂਮਿਕਾ ਤੇ ਚਢਿ ਜਾਇ।
ਸਪਤਮ ਬਿਖੈ ਸਥਿਰਤਾ ਪਾਇ[1] ॥੨੯॥

[1]ਭਾਵ ਚੌਥੀ ਤੋਂ ਚੜ੍ਹਕੇ ਪੰਜਵੀਂ ਛੇਵੀਂ ਲੰਘਕੇ, ਸਤਵੀਂ ਵਿਚ ਟਿਕਾਉ ਪਾਉਂਦਾ ਹੈ।

ਯਾਂ ਤੇ ਸਿਮਰਹੁ ਤੁਮ ਸਤਿਨਾਮ।
ਸੰਤਨ ਕੇ ਸੇਵਹੁ ਨਿਸ਼ਕਾਮ।
ਮਨ ਨੀਵਾਂ ਰਾਖਹੁ ਤਜਿ ਮਾਨ।
ਹੋਇ ਸੁਖੇਨ ਤੁਮਹੁ ਕੱਲਜਾਨ' ॥੩੦॥
ਸੁਨਿ ਉਪਦੇਸ਼ ਭਲੋ ਤਿਸ ਕਾਲਾ।
ਗੁਰਮੁਖ ਭੇ ਨਵਲਾ ਰੁ ਨਿਹਾਲਾ।
ਜੋਧਾ ਜੈਤ ਸੇਠ ਮਲ ਭਾਰੀ।
ਪੌਰਦਾਰ ਗੁਰੁ ਪੌਰ ਅਗਾਰੀ ॥੩੧॥
ਸਦਾ ਦ੍ਵਾਰ ਪਰ ਰੱਛਾ ਕਰਿ ਹੀਂ।
ਬਿਨ ਬੂਝੇ ਨਹਿਂ ਅੰਤਰਿ ਬਰਿਹੀਂ।
ਇਕ ਦਿਨ ਬੈਠੇ ਸਹਿਜ ਸੁਭਾਇ।
ਸਤਿਗੁਰੁ ਸੋਂ ਬੂਝਯੋ ਇਸ ਭਾਇ ॥੩੨॥
'ਕੇਤਿਕ ਕਹਤਿ ਗ੍ਯਾਨ ਜਬਿ ਲਹਾ।
ਤਬਹਿ ਭਗਤਿ ਕੋ ਕਰਿਬੋ ਕਹਾਂ।
ਦੇਤਿ ਗ੍ਯਾਨ ਹੀ ਕੈਵਲਿ ਏਕ।
ਜਿਸ ਕੇ ਉਪਜਯੋ ਰਿਦੇ ਬਿਬੇਕ' ॥੩੩॥
ਸ਼੍ਰੀ ਮੁਖ ਤੇ ਸ਼ੁਭ ਪੰਥ ਬਤਾਵੈਂ।
'ਬਿਨਾ ਭਗਤਿ ਨਹਿਂ ਗ੍ਯਾਨ ਸੁਹਾਵੈ।
ਜਥਾ ਘ੍ਰਿੱਤਿ ਹੈ ਅਤਿ ਬਲਿਵਾਨ।
ਭੋਜਨ ਮਿਲਹਿ ਜਿ ਸ੍ਵਾਦ ਮਹਾਨ ॥੩੪॥
ਕਫੀ ਜਿ ਘ੍ਰਿੱਤਿ ਪਾਨ ਕੋ ਕਰੈ।
ਛਾਤੀ ਬੋਝ ਰੋਗ ਸੋ ਧਰੈ।
ਫੀਕਾ ਬਦਨ ਰਹੇ ਦਿਨ ਰਾਤਿ।
ਖਾਂਸੀ ਹੋਤਿ, ਅਹਾਰ ਨ ਖਾਤਿ ॥੩੫॥
ਜੇ ਸੁਭਾਉ ਤਨ ਪੇਤੀ ਹੋਇ[1]।

[1]ਗਰਮੀ ਵਾਲਾ ਹੋਵੇ। ਪਿੱਤ = ਸੁਫਰਾ।

ਪੀਵਹਿ ਨਿਰੋ ਘ੍ਰਿੱਤਿ ਜੇ ਸੋਇ।
ਤਿਨ ਕੋ ਲਗਹਿਂ ਅਧਿਕ ਅਤਿਸਾਰ[1]।

[1]ਦਸਤ।

ਉਪਜਹਿ ਤਨ ਮਹਿਂ ਰੋਗ ਬਿਕਾਰ ॥੩੬॥
ਜੇ ਮਿਲਾਇ ਮਿਸਰੀ ਸੋ ਖਾਇਂ।

ਦੁਹੂੰਅਨਿ ਕੇ ਤਨ ਸੁਖ ਉਪਜਾਇ।
ਤਥਾ ਗ੍ਯਾਨ ਜਹਿਂ ਏਕੋ ਹੋਇ।
-ਅਹੰਬ੍ਰਹਮ- ਕਹਿ ਸੁਭਹਿ ਨ ਸੋਇ
॥੩੭॥
ਸੁਨਿਬੇਹਾਰ ਬਿਗਰ ਬਹੁ ਜਾਇਂ।
ਪਰੈਂ† ਨਰਕ, ਨਹਿਂ ਸੁਰਗ ਲਖਾਇ। †ਪਾ:-ਭਰੇ।
ਜੇ ਹੰਕਾਰੀ ਨਰ ਉਰ ਧਾਰੈ।
ਅਪਨਿ ਆਪਿ ਕੋ ਬਡੋ ਬਿਚਾਰੈ ॥੩੮॥
ਨਹਿਂ ਸਤਿਸੰਗਤਿ ਸੇਵਾ ਕਰੈ।
ਨੰਮ੍ਰਿਤਾ ਨ ਕਿਸ ਆਗੈ ਧਰੈ।
ਛਾਤੀ ਬੋਝ ਰੋਗ ਇਹ ਹੋਇ।
ਨਰਕ ਪਰਹਿ ਲਹਿ ਸੰਕਟ ਸੋਇ ॥੩੯॥
ਜੇ ਬਿਸ਼ਈ ਸੁਨਿ ਕੇਵਲ ਗ੍ਯਾਨ।
ਭੋਗਹਿ ਨਾਰਿ ਬਿਰਾਨੀ[1] ਜਾਨਿ। [1]ਪਰਾਈ।
ਇੱਤ੍ਯਾਦਿਕ ਬਿਸ਼ਿਯਨਿ ਲਗਿ ਜਾਇ।
ਅਤੀਸਾਰ ਸਮ, ਨਰਕ ਸੁ ਪਾਇ ॥੪੦॥
ਯਾਂ ਤੇ ਭਗਤਿ ਸੰਗ ਬ੍ਰਹਮ ਗ੍ਯਾਨ।
ਸਭਿਹਿਨਿ ਕੀ ਕਰਤਾ ਕੱਲ੍ਯਾਨ।
ਸ਼ੋਭਹਿ ਮੁਖ ਤੇ ਕਹਿ -ਪ੍ਰਭੁ ਦਾਸ[1]-। [1]ਆਪ ਨੂੰ ਪ੍ਰਭੂ ਦਾ ਦਾਸ ਕਹੇ।
ਗ੍ਯਾਨ ਅਹੰਬ੍ਰਹਮ ਰਿਦੇ ਪ੍ਰਕਾਸ਼ ॥੪੧॥
ਯਾਂ ਤੇ ਸਭਿ ਕੋ ਸਿਮਰਨਿ ਨਾਮੁ।
ਕਰਹਿ ਪ੍ਰੇਮ ਤੇ ਲਹਿ ਸੁਖ ਧਾਮ।
ਖੁਸ਼ਕ ਗ੍ਯਾਨ ਯਾਂ ਤੇ ਨਹਿਂ ਨੀਕੋ†। †ਇਹ ਗੱਲ ਚੇਤੇ ਰੱਖਣ ਵਾਲੀ ਹੈ, ਖਾਸ ਕਰ ਖੁਸ਼ਕ ਵੇਦਾਂਤੀਆਂ ਨੂੰ।
ਸਿਮਰੇ ਨਾਮ ਸ਼੍ਰੇਯ ਹੁਇ ਜੀਕੋ' ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨ' ਪ੍ਰਸੰਗ ਬਰਨਨੰ ਨਾਮ ਪੰਚ ਚਤਵਾਰਿੰਸਤੀ ਅੰਸੂ ॥੪੫॥

੪੬. [ਸਿੱਖਾਂ ਦੇ ਪ੍ਰਸੰਗ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਰਾਜਿ ਮਹਲ ਪੁਰਿ ਕੇ ਬਿਖੈ, ਭਾਨੂ ਬਹਲ
ਬਸੰਤਿ।
ਭਾਉ ਭਗਤਿ ਸਿੱਖੀ ਧਰੀ, ਬਰਤਹਿ ਗੁਰੂ
ਮਤੰਤ[1] ॥੧॥

ਚੌਪਈ:

ਸਿਮਰਹਿ ਵਾਹਿਗੁਰੂ ਸਤਿਨਾਮੁ।
ਵੰਡਿ ਖਾਇ ਜੋ ਹੋਵਹਿ ਧਾਮ।
ਸ਼੍ਰੀ ਹਰਿਗੋਵਿੰਦ ਕੇ ਢਿਗ ਆਯੋ।
ਧਰਿ ਅਕੋਰ ਕੋ ਸੀਸ ਨਿਵਾਯੋ ॥੨॥
ਬੂਝਨਿ ਕੀਨੇ ਜਲਧਿ ਬਿਬੇਕ[1]।
'ਸ਼ਾਸਤ੍ਰਾਨਿ ਮਤ[1] ਅਹੈਂ ਅਨੇਕ।
ਕੋ ਤਪ ਤੀਰਥ ਮਹਿਮਾ ਗਾਵੈ।
ਕੋ -ਬ੍ਰਤ ਨੇਮਨਿ ਕਰਹੁ- ਬਤਾਵੈ ॥੩॥
-ਜੱਗ ਹੋਮ- ਕੋ ਕਰੈ ਬਿਸਾਲ।
ਕੋ ਕਹਿ -ਦਾਨ ਕਰਹੁ ਬਿਧਿ ਨਾਲ-।
ਬਡਿਆਈ ਸਤਿਗੁਰ ਕੇ ਧਾਮ।
ਕੇਵਲ ਸਿਮਰਨਿ ਕੋ ਸਤਿਨਾਮ ॥੪॥
ਅੰਤਰ ਇਨ ਮਹਿਂ ਕਿਤਿਕ ਬਤਾਵਹੁ।
ਕਿਮ ਮਹਿਮਾ ਸਤਿਨਾਮ ਬਧਾਵਹੁ?'
ਸ਼੍ਰੀ ਮੁਖ ਤੇ ਸੁਨਿ ਬਾਕ ਬਖਾਨਾ।
'ਜੁਗਤਿ ਬਤਾਵਨਿ ਕੀਨਿ ਮਹਾਨਾ ॥੫॥
ਸੱਤਿਨਾਮ ਏਕਾਂਗ[1] ਪਛਾਨ।
ਅਪਰ ਕਰਮ ਸਭਿ ਸ਼ੂੰਨ[1] ਸਮਾਨ।
ਜੇ ਇਕਾਂਗ[1] ਪੂਰਬ ਲਿਖਦੇਯ।
ਸ਼ੂਨ ਲਗੇ ਦਸ ਗੁਨੋ ਬਧੇਯ ॥੬॥
ਜੇ ਇਕਾਂਗ ਪੂਰਬ ਲਿਖਿ ਨਾਂਹੀ।
ਕੇਵਲ ਸ਼ੂੰਨ ਲਿਖਤਿ ਹੀ ਜਾਹੀਂ।
ਸੋ ਸਭਿ ਖਾਲੀ ਕੁਛ ਨਹਿਂ ਸਰੈ।
ਗਿਨਤੀ ਮਹਿਂ ਕੋਊ ਨਹਿਂ ਧਰੈ ॥੭॥

[1]ਗੁਰੂ ਮਤ ਅਨੁਸਾਰ।
[1]ਭਾਵ ਗੁਰੂ ਜੀ ਤੋਂ ਪੁੱਛਿਆ।
[1]ਸ਼ਾਸਤ੍ਰਾਂ ਤੇ ਮਤ।
[1]ਏਕਾ।
[1]ਬਿੰਦੀ।
[1]ਏਕਾ।

ਤਿਮ ਸਤਿਨਾਮ ਬਿਨਾ ਸਭਿ ਬਾਦਿ।
ਜਿਨਿ ਕੋ ਫਲ ਯੁਤਿ ਅੰਤ ਰੁ ਆਦਿ[1]। — [1]ਜਿਨ੍ਹਾਂ (ਪੁੰਨ) ਕਰਮਾਂ ਦਾ ਫਲ ਆਦਿ ਅੰਤ ਵਾਲਾ ਹੈ, ਭਾਵ ਸ਼ੁਰੂ ਬੀ ਹੁੰਦਾ ਹੈ ਤੇ ਮੁਕ ਬੀ ਜਾਂਦਾ ਹੈ।
ਜੇ ਇਕਾਂਗ ਪਰ ਸ਼ੂੰਨ ਲਿਖਾਇ ਨ[1]। — [1]ਬਿੰਦੀ ਨਾ ਲਿਖੀਏ।
ਹੋਇ ਨ ਦਸ ਗੁਨ ਤੌ ਇਕ ਜਾਇ ਨ[1] ॥੮॥ — [1]ਤਾਂ ਏਕਾ) ਦਸ ਗੁਣਾਂ ਨਹੀਂ ਹੋਵੇਗਾ, (ਪਰ) ਏਕਾ (ਬਣਿਆ ਰਹੇਗਾ) ਜਾਏਗਾ ਨਹੀਂ।
ਅਪਰ ਜੁਗਨਿ ਕੇ ਧਰਮ ਸਰਬ ਹੈਂ।
ਬਲੀ ਬਿਸਾਲ ਸਮੂਹ ਦਰਬ ਹੈ[1]। — [1]ਤਾਂ ਹੋ ਸਕਦੇ ਹਨ) ਜੇ ਬਹੁਤਾ ਬਲੀ ਤੇ ਸਮੂਹ ਧਨ ਵਾਲਾ ਹੋਵੇ।
ਕਲਿ ਮਹਿਂ ਕੇਵਲ ਹੈ ਸਤਿਨਾਮ।
ਇਸ ਤੇ ਲਹੈ ਸ਼੍ਰੇਯ ਸੁਖਧਾਮ ॥੯॥
ਬਿਨਾਂ ਨਾਮ ਤੇ ਨਹਿਂ ਛੁਟਕਾਰਾ।
ਅਪਰ ਕਰਮ ਤੇ ਵਧੈ ਹੰਕਾਰਾ।
ਨੰਮ੍ਰਿ ਹੋਨਿ ਸਿਮਰਨਿ ਹਰਿਨਾਮ।
ਲਹੈ ਅੰਤ ਕੋ ਸੁਖ ਬਿਸਰਾਮ ॥੧੦॥
ਅੰਤਰ ਇਤੋ ਜਾਨਿ ਮਨ ਮਾਹਿ।
ਸੋ ਹੰਤਾ ਜੁਤਿ[1], ਇਸ ਮਹਿਂ ਨਾਂਹਿ[2]।' — [1]ਓਹ (ਕਰਮ) ਹੰਕਾਰ ਨਾਲ (ਹੁੰਦੇ ਹਨ)। [2]ਇਸ (ਨਾਮ) ਵਿਚ (ਹੰਕਾਰ) ਨਹੀਂ ਹੁੰਦਾ।
ਭਾਨੂ ਬਹਲ ਸੁਨਤਿ ਸੁਖ ਪਾਯੋ।
ਗੁਰ ਕੋ ਕਹਿਬੋ ਰਿਦੇ ਬਸਾਯੋ ॥੧੧॥
ਬਦਲੀ ਸੋਢੀ ਸੇਠ ਗੁਪਾਲ।
ਸ਼੍ਰੀ ਹਰਿਗੋਬਿੰਦ ਕੇ ਨਿਤ ਨਾਲ।
ਰਹਹਿਂ ਸਦਾ ਘਾਲਹਿ ਬਹੁ ਘਾਲ।
ਗੁਰੁ ਢਿਗ ਕਰਜੋ ਪ੍ਰਸ਼ਨ ਇਕ ਕਾਲ ॥੧੨॥
'ਕੀਜਹਿ ਕੁਛ ਉਪਦੇਸ਼ ਬਖਾਨ।
ਜਿਸ ਤੇ ਹੋਹਿ ਪਰਮ ਕੱਲਜਾਨ।
ਸ਼੍ਰੀ ਮੁਖ ਕਹਜੋ 'ਬਿਸਾਲ ਸੁਖਾਰੇ[1]। — [1]ਬੜੇ ਸੁਖੀ ਹੋਵੋਗੇ ਜੇ।
ਨਿਵਿ ਕਰਿ ਗਮਨਹੁ ਸਕਲ ਅਗਾਰੇ[1] ॥੧੩॥ — [1]ਸਭ ਦੇ ਅੱਗੋ।
ਜਥਾ ਫੁਹਾਰੇ ਕੋ ਜਲ ਹੇਰੇ।
ਜਿਤੋ ਨੀਵ[1] ਚਢਿ ਤਿਤੋ ਉਚੇਰੇ। — [1]ਜਿੰਨਾ ਨੀਵਾਂ ਜਾਂਦਾ ਹੈ।
ਧੂਰਿ ਸਰਬ ਕੇ ਪਾਇਨ ਤਰੇ[1]। — [1]ਪੈਰਾਂ ਦੇ ਤਲੇ ਹੁੰਦੀ ਹੈ।

ਇਸ ਗੁਨ ਕੇ ਸਭਿ ਕੈ ਸਿਰ ਚਰੇ ॥੧੪॥
ਕਰ ਅੰਗੁਰੀ ਜਿਸ ਛੋਟਿ ਕਹਾਯੋ[1]। [1]ਭਾਵ ਚੀਚੀ।
ਰੁਚਿਰ ਬਿਭੂਖਨ[1] ਤਿਸ ਕੇ ਪਾਯੋ। [1]ਭਾਵ ਮੁੰਦਰੀ।
ਸਭਿ ਤਰੁ ਤੇ ਛੋਟਾ ਤਰੁ ਚੰਦਨ।
ਕਰਹਿ ਸੁਗੰਧਤਿ ਨਿਕਟ ਜਿ ਬ੍ਰਿੰਦਨਿ ॥੧੫॥
ਜੇਤਿਕ ਊਚੇ ਪਦ ਅਭਿਲਾਖਹਿਂ।
ਤੇਤਿਕ ਨੰਮ੍ਰਿ ਅਪਨਿ ਮਨ ਰਾਖਹਿਂ।
ਸਭਿ ਤੇ ਅਧਿਕ ਬਿਸ਼ਨੁ ਬਡਿਆਈ।
ਤਿਮ ਸਭਿ ਤੇ ਮਨ ਨੰਮ੍ਰਿ ਸਦਾਈ ॥੧੬॥
ਭ੍ਰਿਗੂ ਲਾਤ ਸਹਿ ਨੰਮ੍ਰੀ ਹੋਏ।
ਪਾਂਡਵ ਮਖ ਮਹਿਂ[1] ਰਿਖਿ ਪਗ ਧੋਏ। [1]ਪਾਂਡਵਾਂ ਦੇ ਜੱਗ ਵਿਚ।
ਅਪਰ ਜਿ ਕਰਮ ਕਰਤਿ ਭਗਵਾਨ।
ਹੁਇ ਨੰਮ੍ਰੀ ਹੰਕਾਰ ਨ ਠਾਨਿ ॥੧੭॥
ਊਚੇ ਪਦ ਦੇਬੇ ਕੀ ਕਾਰਨ।
ਅਹੈ ਨੰਮ੍ਰਤਾ ਉਰ ਹੰਕਾਰ ਨ।
ਗੁਰ ਸਿੱਖਨਿ ਤੇ ਹਾਰਨਿ ਸਦਾ।
ਇਨ ਤੇ ਜੀਤ ਨ ਚਾਹਹਿ ਕਦਾ ॥੧੮॥
ਜੋ ਜੀਤਹਿ ਸੋ ਹਾਰਹਿ ਅੰਤਿ।
ਜੋ ਹਾਰਜੋ ਸੋ ਜੀਤ ਨਿਵੰਤਿ।
ਜਿਮ ਫਿਰੰਗ ਕੀ ਪੌਰੀ[1] ਹੋਇ। [1]ਜਾਦੂ ਦੀ ਪੌੜੀ।
ਐਸੀ ਕਲਾ ਸਹਤ ਬਨਿ ਸੋਇ ॥੧੯॥
ਲਖਹਿ ਜੁ -ਚਢਤਿ ਜਾਤਿ ਮੈਂ ਊਚਾ-।
ਸੋ ਤੌਂ ਉਤਰਤਿ ਗਮਨਤਿ ਨੀਚਾ।
ਜੋ ਜਾਨਹਿ -ਮੈਂ ਗਮਨੌਂ ਨੀਚੇ-।
ਸੋ ਚਢਿ ਜਾਤਿ ਅਚਾਨਕ ਊਚੇ ॥੨੦॥
ਜੀਤਤਿ ਹਾਰਜੋ, ਹਾਰਤਿ ਜੀਤੇ।
ਇਮ ਹੋਵਤਿ ਸਿੱਖਨਿ ਬਿਪਰੀਤੇ[1]। [1]ਸਿੱਖਾਂ ਵਿਚ ਇਹ ਉਲਟ ਰੀਤ ਹੁੰਦੀ ਹੈ।
ਸਤਿ ਸੰਗਤਿ ਮਹਿਂ ਨੀਵੇ ਚਲਹੁ।
ਮਧੁਰ ਗਿਰਾ ਕਹਿ ਸਿੱਖਨਿ ਮਿਲਹੁ' ॥੨੧॥
ਇਮ ਸੁਨਿਕੈ ਸਤਿਗੁਰ ਕੋ ਕਹਜੋ[1]। [1]ਸਤਿਗੁਰੂ ਦਾ ਕਹਿਆ ਸੁਣ ਕੇ।

ਨੰਮ੍ਰੀ ਹੋਇ ਪਰਮਪਦ ਲਹਜੋ।
ਇਕ ਚੱਢਾ[1] ਸੁੰਦਰ ਜਿਸ ਨਾਮ। — [1]ਜਾਤ।
ਗੁਰਸਿਖ ਹੁਤੋ ਆਗਰੇ ਧਾਮ ॥੨੨॥
ਮਿਲਹਿਂ ਸਿੱਖ ਧ੍ਰਮਸਾਲਾ ਮਾਂਹਿ।
ਕਿਰਤਨ ਕਰਹਿ ਨਾਮ ਸਿਮਰਾਹਿ।
ਜਹਾਂ ਭਜਨ ਕੋ ਕਰਤੇ ਦੇਖਹਿ।
ਤਹਿਂ ਸੇਵਾ ਨਿਤ ਕਰਤਿ ਵਿਸ਼ੇਖਹਿ ॥੨੩॥
ਸ਼੍ਰੀ ਗੁਰ ਹਰਿ ਗੋਬਿੰਦ ਢਿਗ ਆਵਹਿ।
ਤਥਾ ਭਾਉ ਧਰਿ ਸੇਵ ਕਮਾਵਹਿ।
ਇਕ ਦਿਨ ਬੈਠਜੋ ਹਿਤ ਕਰਿ ਪਾਸ।
ਹਾਥ ਬੰਦਿ ਬੋਲਜੋ ਅਰਦਾਸਿ ॥੨੪॥
'ਸਤਿਗੁਰ! ਕਿਸਿ ਬਿਧਿ ਸਿੱਖ ਉਧਾਰੈਂ?
ਅਵਗੁਨ ਪਰਹਰਿ[1] ਗੁਨ ਨਿਸਤਾਰੈਂ[2]?' — [1]ਦੂਰ ਕਰਕੇ। [2]ਗੁਣ (ਦੇ ਕੇ) ਮੁਕਤ ਕਰਦੇ ਹਨ।
ਸੁਨਿ ਸ਼੍ਰੀ ਹਰਿਗੋਬਿੰਦ ਉਚਾਰਾ।
'ਹੋਤਿ ਸਤਿਗੁਰੂ ਚਾਰਿ ਪ੍ਰਕਾਰਾ ॥੨੫॥
ਸ਼੍ਰੀ ਨਾਨਕ ਚਾਰਹੁਂ ਮਹਿਂ ਬਡੇ।
ਜਿਨ ਕੇ ਨਾਮ ਸੁਨਤਿ ਜਮ ਛਡੇ।
ਇਕ ਗੁਰ ਭ੍ਰਿੰਗੀ ਕੇ ਸਮ ਹੋਇ।
ਕਿਸੀ ਜਾਤਿ ਕੋ ਲੇ ਕ੍ਰਿਮ[1] ਸੋਇ ॥੨੬॥ — [1]ਕੀੜੇ।
ਨਿਜ ਘਰ ਧਰਿ ਦਰ ਪਰ ਥਿਰ ਘਨੈ।
ਕਿਰਮ ਧਜਾਨ ਕਰਿ ਭ੍ਰਿੰਗੀ ਬਨੈ।
ਕਿਸੀ ਜਾਤਿ ਕ੍ਰਿਮ ਨਿਜ ਸਮ ਕਰੈ[1]। — [1]ਕ੍ਰਿਸੀ (ਖਾਸ) ਜਾਤ ਦਾ ਕੀੜਾ ਹੋਵੇ ਆਪਣੇ ਵਤ ਕਰ ਲੈਂਦੀ ਹੈ।
ਨਹਿਂ ਸਭਿ ਬਨਹਿਂ ਸੁ ਜਾਨੀ ਪਰੈ[1] ॥੨੭॥ — [1]ਸਾਰੀ (ਕਿਸਮ ਦੇ) ਭੀੜੇ ਭ੍ਰਿੰਗੀ ਨਹੀਂ ਬਣਦੇ ਇਹ ਪਤਾ ਲੱਗਦਾ ਹੈ, ਭਾਵ ਕਿਸੇ ਇਕ ਜਾਤ ਦੇ ਕੀੜੇ ਨੂੰ ਆਪਣੇ ਵਰਗਾ ਕਰਦੀ ਹੈ।
ਇਕ ਗੁਰ ਪਾਰਸ ਕੇ ਸਮ ਅਹੈਂ।
ਕਿਸ ਧਾਤੁ ਕੇ ਸੰਗ[1] ਜਿ ਛੁਹੈਂ। — [1]ਕਿਸੇ ਇਕ ਧਾਤੂ ਨਾਲ।
ਤਿਸ ਕੋ ਕੰਚਨ ਦੇਤਿ ਬਨਾਇ।
ਨਿਜ ਗੁਨ ਦੇਤੇ ਨਹੀਂ ਕਦਾਇ[1] ॥੨੮॥ — [1]ਕਦੇ ਬੀ। ਭਾਵ ਪਾਰਸ ਕਿਸੇ ਧਾਤ ਨੂੰ ਪਾਰਸ ਨਹੀਂ ਬਣਾ ਸਕਦਾ।
ਇਕ ਬਾਵਨ ਚੰਦਨ ਸਮ ਹੋਤਿ।

ਜਬਿ ਤਿਸ ਪਰ ਰਿਤੁ ਹਿਤੂ ਉਦੋਤਿ[1]।
ਨਿਕਟ ਬ੍ਰਿੱਛ ਚੰਦਨ ਕਰਿ ਲੇਤਿ।
ਬਿਨ ਰੁਤਿ ਨਹਿਂ ਸੁਗੰਧਿਤਾ ਦੇਤਿ ॥੨੯॥
ਇਕ ਸਤਿਗੁਰ ਹੈਂ ਦੀਪ ਸਮਾਨ।
ਤਿਨ ਸੋਂ ਮਿਲਹਿ ਜਿ ਦੀਪਕ ਆਨ[1]।
ਅਪਨੇ ਸਮ ਹੀ ਲੇਤਿ ਬਨਾਇ।
ਬਾਤੀ ਤੇਲ ਜਿ ਸਹਤਿ ਮਿਲਾਇ[1] ॥੩੦॥
ਸ੍ਰੀ ਗੁਰ ਨਾਨਕ ਪਰਮ ਕ੍ਰਿਪਾਲ।
ਹੋਇ ਜਿ ਸਿਖ ਸ਼ਰਧਾ ਕੇ ਨਾਲ।
ਸੁਨਹਿ ਪਠਹਿ ਸਤਿਗੁਰ ਕੀ ਬਾਨੀ।
ਸਨੇ ਸਨੇ ਹੋਵੈ ਬ੍ਰਹਮ ਗਜਾਨੀ ॥੩੧॥
ਅਨੰਦ ਆਤਮਾ ਸੋ ਬਨਿ ਜਾਇ।
ਚਹੈ ਸੁ ਅਪਰਨਿ ਤਥਾ ਬਨਾਇ।
ਨਹੀਂ ਸਾਧਨਾ ਚਹੀਯਤਿ ਕੋਇ।
ਮੇਲੀ ਸਤਿਸੰਗਤਿ ਕੋ ਹੋਇ ॥੩੨॥
ਇਸ ਤੇ ਹੀ ਪ੍ਰਾਪਤਿ ਕੱਲਜਾਨ।
ਜਨਮ ਮਰਨ ਕੇ ਬੰਧਨ ਹਾਨਿ।'
ਸੁਨਿ ਸੁੰਦਰ ਸੁੰਦਰ ਉਪਦੇਸ਼ੁ।
ਸਤਿ ਸੰਗਤਿ ਭਾ ਪ੍ਰੇਮ ਵਿਸ਼ੇਸ਼ ॥੩੩॥
ਮੋਹਨ ਸਿਖ ਢਾਕੇ ਮਹਿਂ ਰਹੈ।
ਗੁਰੁ ਸਿੱਖੀ ਕੇ ਗੁਨ ਮਨ ਚਹੈ।
ਦਰਸ਼ਨ ਹੇਤੁ ਦੂਰਿ ਤੇ ਆਯੋ।
ਜਥਾ ਸ਼ਕਤਿ ਭੇਟਨਿ ਅਰਪਾਯੋ ॥੩੪॥
ਮਸਤਕ ਟੇਕਤਿ ਧਰਤਿ ਅਨੰਦ।
ਗੁਰੁ ਢਿਗ ਰਹਜੋ ਸੁ ਪ੍ਰੇਮ ਬਿਲੰਦ।
ਇਕ ਦਿਨ ਬੈਠਿ ਕਰੀ ਅਰਦਾਸਿ।
ਸਾਚੇ ਪਾਤਸ਼ਾਹ ਕੇ ਪਾਸ ॥੩੫॥
'ਜਨਮ ਮਰਨ ਕੋ ਕਸ਼ਟ ਬਿਸਾਲ।
ਕਰਹੁ ਮਿਟਾਵਨਿ, ਦੀਪ ਕ੍ਰਿਪਾਲੁ!'
ਸ੍ਰੀ ਮੁਖ ਕਹਜੋ 'ਨ ਆਪ ਪਛਾਨਾ।
ਬਿਨ ਨਿਜ ਜਾਨੇ ਕਸ਼ਟ ਮਹਾਨਾ ॥੩੬॥
ਕਹਹੁ ਸਰੂਪ ਕਵਲ ਤੈਂ ਜਾਤਾ?

[1]ਹਿਤ ਵਾਲੀ ਰਿਤੂ ਉਦੇ ਹੁੰਦੀ ਹੈ, ਭਾਵ ਖਾਸ ਰੁਤ।

[1]ਦੀਵੇ ਹੋਰ।

[1]ਉਸ ਵਿਚ ਜੇ ਤੇਲ ਤੇ ਵੱਟੀ ਹੋਵੇ ਤਾਂ।

ਜਿਸ ਕੇ ਹਿਤ ਮਹਿਂ ਨਿਤ ਚਿਤ ਰਾਤਾ।'
'ਹਮ ਮਾਨੁਖ ਤਨ ਰੂਪ ਸੁ ਹੇਰੇ।
ਸਾਚੇ ਪਾਤਿਸ਼ਾਹ! ਸਿਖ ਤੇਰੇ' ॥੩੭॥
ਸੁਨਿ ਗੁਰੁ ਕਹਯੋ 'ਸਰੀਰ ਜਿ ਸਾਰੇ।
ਪੰਚ ਤੱਤ ਕੇ ਲੇਹੁ ਬਿਚਾਰੇ।
ਤਨ ਜਨਮੇ ਤੇ ਪੂਰਬ ਅਹੈ।
ਬਿਨਸੇ ਤੇ ਪੁਨ ਪਾਛੇ ਰਹੈ ॥੩੮॥
ਸੋ ਤਨ ਗੁਰੁ ਅਰੁ ਸਿਖ ਕੋ ਸਮ ਹੈ[1]।

[1]ਗੁਰੂ ਤੇ ਸਿੱਖ ਦਾ ਸਰੀਰ (ਉਪਜਨ ਬਿਨਸਨ ਕਰਕੇ) ਸਮ ਹੈ। (ਉਂਞ ਦਸਾਂ ਪਾਤਸ਼ਾਹੀਆਂ ਦਾ ਸਰੀਰ ਮਾਯਾ ਦੀ ਸ਼ੁੱਧ ਅਤੇ ਗੁਣ ਪ੍ਰਧਾਨ ਅੰਸ਼ ਤੋਂ ਬਣਿਆਂ ਸੀ, ਤੇ ਜੀਵਾਂ ਦਾ ਸਰੀਰ ਤਮੋਗੁਣ ਪ੍ਰਧਾਨ ਪ੍ਰਕ੍ਰਿਤੀ ਤੋਂ ਬਣਦਾ ਹੈ। ਕਵਿ ਜੀ ਦੀ ਮੁਰਾਦ ਏਥੇ ਗੁਰਮਤ ਅਰਥਾਤ ਮੁਰਸ਼ਦ ਤੋਂ ਹੈ, ਦਸਾਂ ਪਾਤਸ਼ਾਹੀਆਂ ਤੋਂ ਨਹੀਂ ਜੋ ਕਾਰਕ ਤੇ ਅਵਿਤਾਰ ਸ਼ਿਰੋਮਣਿ ਸਨ)।

ਤਿਮ ਪ੍ਰਮਾਤਮਾ ਨਹਿਂ ਕਿਮਿ[†] ਕਮ ਹੈ[1]।

[1]ਤਿਵੇਂ ਪ੍ਰਮਾਤਮਾ ਬੀ (ਦੁਹਾਂ ਵਿਚ) ਕਿਸੇ ਤਰ੍ਹਾਂ ਘੱਟ ਨਹੀਂ, ਭਾਵ ਜਿਵੇਂ ਗੁਰ ਸਿੱਖ ਦੁਹਾਂ ਦੇ ਸਰੀਰ ਪੰਜਾਂ ਤੱਤਾਂ ਦੇ ਹਨ, ਤਿਵੇਂ ਵਜਾਪਕ ਪ੍ਰਮਾਤਮਾ ਬੀ ਦੁਹਾਂ ਵਿਚ ਸਮ ਹੈ, ਅੱਗੇ ਖੁਹਲਦੇ ਹਨ। [†]ਪਾ:-ਕਿਤ।

ਨਹਿਂ ਜਨਮਤਿ ਨਹਿਂ ਮਰਤਾ ਸੋਇ[1]।

[1]ਭਾਵ ਪ੍ਰਮਾਤਮਾ।

ਸਾਖੀ ਰੂਪ ਏਕ ਸਮ ਹੋਇ ॥੩੯॥
ਗੁਰ ਸਿਖ ਮਨ ਕੋ ਭੇਦ ਬਿਸਾਲਾ[1]।

[1]ਪ੍ਰਸ਼ਨ-ਫੇਰ ਫਰਕ ਕੀ ਹੈ? ਉੱਤਰ) ਗੁਰੂ ਅਤੇ ਸਿੱਖ ਦੇ ਮਨ ਦਾ ਬੜਾ ਭੇਦ ਹੈ।

ਗੁਰ ਕੋ ਉੱਜਲ, ਸਿਖ ਕੋ ਕਾਲਾ।
ਇਕ ਹੈ ਸ਼ੁੱਧ ਅਸ਼ੁੱਧ ਸੁ ਦੂਜਾ।
ਆਇ ਸ਼ਰਨਿ ਜਬਿ ਕਰਿ ਹੈ ਪੂਜਾ ॥੪੦॥
ਗੁਰ ਕੋ ਸ਼ਬਦ ਸ਼੍ਰਵਨ ਮਗ[1] ਜਾਇ।

[1]ਕੰਨਾਂ ਰਾਹੀਂ।

ਰਿਦੇ ਪ੍ਰਵੇਸ਼ਹਿ ਥਿਰਤਾ ਪਾਇ।
ਸਨੈ ਸਨੈ ਸਿਖ ਮਨ ਜੁ ਮਲੀਨ।
ਉੱਜਲ ਕਰਹਿ, ਬਨਹਿ ਮਲ ਹੀਨ ॥੪੧॥
ਪੁਨ ਅਪਨੋ ਸਿਖ ਰੂਪ ਪਛਾਨੈ।
ਦੇਹ ਅਹੰਤਾ ਸਗਰੀ ਹਾਨੈ।
ਲੱਖ ਜੀਵ ਅਰੁ ਈਸ਼ਰੁ ਕੇਰਾ।
ਸਤਿਚਿਤ ਆਨੰਦ ਏਕਹਿ ਹੇਰਾ[1] ॥੪੨॥

[1]ਜੀਵ ਤੇ ਈਸ਼੍ਵਰ ਦਾ ਲਕਸ਼ ਇਕੋ ਸਤ ਚਿਤ ਆਨੰਦ

ਹੈ।

ਵਾਚ ਦੁਹਨਿ ਕੋ ਭਿੰਨ ਪਛਾਨੋ।
ਜੀਵ ਵਾਚ ਅਲਪੱਗ ਮਹਾਨੋ।
ਈਸ਼ੁਰ ਵਾਚਜ ਅਹੈ ਸਰਬੱਗਜ[1]।
ਜਾਨਤਿ ਨੀਕੇ ਜੋਇ ਤਤੱਗਜ ॥੪੩॥

[1]ਜੀਵ ਦਾ ਵਾਚਜ ਅਲਪੱਗਜ ਹੈ ਬ੍ਰਹਮ ਦਾ ਸਰਬੱਗਜ ਹੈ।

ਇਕ ਉੱਜਲ ਇਕ ਤਾਲ[1] ਮਲੀਨ।

[1]ਤਲਾਉ।

ਰਵਿ, ਪ੍ਰਤਿਬਿੰਬ ਦੁਹਿਨ ਮਹਿਂ ਚੀਨ[1]।

[1]ਵੇਖੋ।

ਜਲ ਮਲੀਨ ਮਹਿਂ ਮੈਲੋ ਭਾਸੈ।
ਉੱਜਲ ਹੁਇ, ਉੱਜਲ ਜਲ ਆਸ਼ੈ[1] ॥੪੪॥

[1]ਉੱਜਲ ਜਲ ਵਾਲੇ ਥਾਂ ਪ੍ਰਤਿਬਿੰਬ ਉੱਜਲ ਹੁੰਦਾ ਹੈ।

ਸ਼ੁੱਧ ਸਤੋਗੁਨ ਮਾਯਾ ਮਾਂਹਿ।
ਬ੍ਰਹਮ ਪ੍ਰਤਿਬਿੰਬ[1] ਸੁ ਈਸ਼੍ਵਰ ਆਹਿ†।

[1]ਬ੍ਰਹਮ (ਦਾ) ਅਕਸ। †ਨਿਰਮਲ ਜਲ ਵਾਂਙੂ ਸੁਧ ਮਾਇਆ ਵਿਚ ਜੋ ਬ੍ਰਹਮ ਦਾ ਪ੍ਰਤਿਬਿੰਬ ਪੈਂਦਾ ਹੈ ਸੋ 'ਈਸ਼੍ਵਰ' ਹੈ, ਮਲੀਨ ਮਾਯਾ ਅਰਥਾਤ ਅਵਿੱਦਜਾ ਤਮੋਗੁਣ ਵਿਚ ਬ੍ਰਹਮ ਦਾ ਪ੍ਰਤਿਬਿੰਬ 'ਜੀਵ' ਹੈ।

ਮਲਿਨ ਅਵਿੱਦਜਾ ਤਮ ਗੁਣ ਬਿਖੈ।
ਬ੍ਰਹਮ ਪ੍ਰਤਿਬਿੰਬ ਜੀਵ ਤਿਹ ਪਿਖੈ† ॥੪੫॥

†ਏਹ ਈਸ਼੍ਵਰ ਦੇ ਗੁਣ ਕਹੇ ਹਨ। 'ਸਿੱਖਾਂ ਦੀ ਭਗਤਮਾਲ' ਵਿਚ ਏਹ ਛੇ ਗੁਣ ਐਉਂ ਗਿਣੇ ਹਨ:-ਧਰਮ, ਜਸ, ਗਿਆਨ, ਵੈਰਾਗ, ਸ਼੍ਰਿਆ, ਸਮਤਾ। ਆਮ ਪ੍ਰਸਿੱਧ ਇੰਞ ਹਨ:-ਬਲ, ਐਸ਼੍ਵਰਜ, ਅਰ ਲੱਛਮੀ, ਯਸ, ਵੈਰਾਗ, ਗਜਾਨ। ਇਸਤ੍ਰੀ ਮੇਂ ਹੁਇੰ ਭਗਵਤੀ, ਪੁਰਖ ਹੋਇੰ ਭਗਵਾਨ।

ਈਸ਼ੁਰ ਮਹਿਂ ਖਟ ਗੁਨ ਕੋ ਜਾਨਿ।
ਜਾਂਤੇ ਕਹੀਅਤਿ ਹੈ ਭਗਵਾਨ।
ਖਟ ਬਿਕਾਰ ਜੁਤ ਜੀਵ ਰਹੰਤਿ[1]।
ਭਿੰਨ ਭਿੰਨ ਸੁਨਿ ਸਭਿ ਬਿਰਤੰਤ ॥੪੬॥

[1]ਰਹਿੰਦੇ ਹਨ।

ਜਸੁ, ਐਸ਼੍ਵਰਜ, ਵਿਰਾਗ, ਉਦਾਰ[1]।

[1]ਉਦਾਰਤਾ

ਲਛਮੀ, ਗਜਾਨ ਸੁ ਪੂਰਨ ਧਾਰਿ++।
ਖਟ ਬਿਕਾਰ -ਜਨਮਨਿ ਅਰੁ ਮਰਨੇ-।
ਇਹ ਸਰੀਰ ਕੋ ਦੋਨਹੁ ਬਰਨੇ ॥੪੭॥
-ਛੁਧਾ, ਤ੍ਰਿਖਾ- ਦੁਇ ਪ੍ਰਾਨਨਿ ਕੇਰ[1]।

[1]ਦੋਵੇਂ ਪ੍ਰਾਣਾਂ ਦੇ ਵਿਕਾਰ ਹਨ।

-ਹਰਖ, ਸ਼ੋਕ- ਮਨ ਤੇ ਜੁਗ ਹੇਰਿ।
ਸਾਖੀ ਰੂਪ ਬ੍ਰਹਮ ਨਿਰਲੇਪ।
ਮੁਕਤਿ ਹੋਤਿ ਲਖਿ ਬਿਨਾ ਵਿਖੇਪ'

॥੪੮॥
ਸੁਨਿ ਸਿੱਖਨਿ ਪੁਨ ਪ੍ਰਸ਼ਨ ਉਠਾਯੋ।
'ਤੁਮਨੇ ਸੱਤਿਨਾਮ ਹੀ ਗਾਯੋ।'
ਸਤਿਗੁਰੁ ਕਹਯੋ 'ਲਖਹੁ ਮਨ ਮਾਂਹੁ।
ਜਥਾ ਮਹਾਨ ਬੇਗ ਪਰਵਾਹੁ[1] ॥੪੯॥
ਇਕ ਭੁਜ ਬਲ ਤੇ ਪਰਤੇ ਪਾਰ।
ਐਸੇ ਬਿਰਲੇ ਰਿਦੇ ਬਿਚਾਰ।
ਚਢਿ ਬੇਰੇ ਪਰ ਸਭਿ ਕੋ ਤਰੈ।
ਸੁਖ ਕੇ ਸਾਥ ਪਾਰ ਸੋ ਪਰੈ ॥੫੦॥
ਤਿਮ ਜਾਨਹੁ ਸਤਿਨਾਮ ਜਹਾਜੂ।
ਜਪਤਿ ਪੁਰਹਿ ਸਭਿ ਮਨ ਤੇ ਕਾਜੂ।
ਅੰਤ ਸਹਾਇਕ ਬਨਹਿ ਬਿਸਾਲਾ।
ਨਾਸਹਿ ਕਸ਼ਟ ਸਰਬਦਾ ਕਾਲਾ ॥੫੧॥
ਕਲਿ ਮਹਿਂ ਇਸ ਕੇ ਸਮ ਨਹਿਂ ਦੂਜਾ।
ਸਿਮਰਹਿ ਨਾਮ ਰਿਦੇ ਨਿਤ ਪੂਜਾ।
ਜੇ ਨਿਤ ਜਪਹਿਂ ਸਿ ਮਾਨਵ ਧੰਨ।
ਲਿਵ ਲਾਗੇ ਪ੍ਰਭੁ ਹੋਹਿ ਪ੍ਰਸੰਨ ॥੫੨॥
ਗ੍ਰਿਹਸਤੀ ਰਹੈ ਕਿ ਹੁਇ ਸੰਨਯਾਸੀ।
ਜਪੈ ਨਾਮ ਨਹਿਂ ਜਮ ਕੀ ਫਾਸੀ।
ਊਚ ਨੀਚ ਹੁਇ ਰੰਕ ਕਿ ਰਾਊ।
ਸਿਮਰਹਿ ਨਾਮ ਜਿ ਸਹਿਜ ਸੁਭਾਊ ॥੫੩॥
ਤਿਨ ਕੇ ਸਮ ਕੋ ਹੋਤਿ ਨ ਆਨ।
ਦਿਜ ਤਪ ਬ੍ਰਤ ਜੋ ਕਰਹਿ ਮਹਾਨ।
ਯਾਂ ਤੇ ਸਦਾ ਨਾਮ ਉਰ ਧਾਰਹਿ।
ਆਪ ਤਰਹਿ ਅਰੁ ਪਿਤਰਨਿ ਤਾਰਹਿ' ॥੫੪॥
ਸੁਨਿ ਸਗਰੇ ਸਿਖ ਆਨੰਦ ਪਾਯੋ।
ਸੱਤਿਨਾਮ ਕੋ ਰਿਦੇ ਬਸਾਯੋ।
ਸਿਮਰਤਿ ਉਧਰੇ ਸਿੱਖ ਕਰੋਰ।
ਬਰਨਤਿ ਕੌਨ ਲਹੈ ਤਿਨ ਓਰਿ[1] ॥੫੫॥
ਸਿੱਖਨਿ ਕੋ ਗੁਰਮਤਿ ਹਿਤ ਦੈਬੇ।

[1]ਜਿਵੇਂ ਪ੍ਰਵਾਹ ਦਾ ਵੇਗ ਬੜਾ (ਤ੍ਰਿੱਖਾ) ਹੋਵੇ।

[1]ਓੜਕ, ਅੰਤ।

ਸਿੱਖੀ ਕੇ ਹਿਤ ਗ੍ਰਹਨ ਕਰੈਬੇ।
ਕੁਛ ਸਿੱਖਨਿ ਕੀ ਕਥਾ ਸੁਨਾਈ।
ਜਿਨ ਮਹਿਂ ਬਰਨੇ ਗੁਨ ਸਮੁਦਾਈ ॥੫੬॥

ਦੋਹਰਾ:

ਬਡੇ ਭਾਗ ਜਿਸ ਕੇ ਅਹੈਂ ਲੇ ਗੁਰਮਤਿ ਕੋ
ਪਾਇ।
ਆਪ ਤਰੈ ਸੰਗੀ ਤਰੈਂ ਕਸ਼ਟ ਸਮਸਤ
ਨਸਾਇ ॥੫੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤਵਾਰਿੰਸਤੀ ਅੰਸੂ ॥੪੬॥

੪੭. [ਮਾਈ ਭਾਗਭਰੀ ਦਾ ਪ੍ਰੇਮ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:
ਸ਼੍ਰੀ ਅਰਜਨ ਕਸ਼ਮੀਰ ਮਹਿਂ, ਸੋਢੀ ਮਾਧੋ
ਦਾਸ।
ਪਠਜੋ ਤਹਾਂ ਤਿਸ ਨੇ ਕਰੀ, ਸਿੱਖੀ ਮਹਿਦ
ਪ੍ਰਕਾਸ਼ ॥੧॥
ਚੌਪਈ:
ਜੋ ਜਿਸ ਨੇ ਬਸ ਬਾਂਛਾ ਕਰੀ।
ਪਾਇ ਸੁ ਗੁਰੁ ਮਹਿਂ ਸ਼ਰਧਾ ਧਰੀ।
ਪਾਹੁਲ ਪਦ ਪਖਾਰ ਕਰਿ ਲੀਨੀ।
ਗੁਰੁ ਸਿੱਖੀ ਕੀ ਮਹਿਮਾ ਚੀਨੀ ॥੨॥
ਪਠਹਿਂ ਸ਼ਬਦ ਪੰਚਾਂਮ੍ਰਿਤ ਕਰਹਿਂ।
ਗੁਰ ਹਿਤ ਬਰਤਾਵਹਿਂ ਅਘ ਹਰਹਿਂ।
ਮੇਲਿ ਕਰਹਿਂ ਸਿਖ ਆਪਸਿ ਮਾਂਹੀ।
ਸੁਨਿ ਹੈਂ ਕਿਰਤਨ ਬਹੁ ਸੁਖ ਪਾਹੀਂ ॥੩॥
ਗੁਰ ਕੀ ਕਾਰ ਇਕੱਤ੍ਰੈ ਕਰਿ ਕੈ।
ਅਰਪਹਿਂ ਬੰਦਹਿਂ ਸ਼ਰਧਾ ਧਰਿ ਕੈ।
ਸਿੱਖੀ ਕੋ ਹੋਯਹੁ ਬਿਸਤਾਰ।
ਸਿਮਰਨ ਲਗੇ ਨਾਮ ਕਰਤਾਰ ॥੪॥
ਇਤ ਤੌਂ ਮਨ ਬਾਂਛਤਿ ਕੋ ਪਾਵੈਂ।
ਦੁਤੀਏ ਮਗ ਸੁਖੇਨ ਦਰਸਾਵੈਂ।
ਤ੍ਰਿਤੀਏ ਦੋਨਹੁਂ ਲੋਕ ਭਲੇਰਾ।
ਸਭਿ ਤੇ ਗੁਰਮਤਿ ਜਾਨਿ ਉਚੇਰਾ ॥੫॥
ਬਿਪ੍ਰ ਆਦਿ ਸਭਿ ਅੰਗੀਕਾਰਾ।
ਦੇਂ ਦਸਵੰਧ ਗੁਰੂ ਕੀ ਕਾਰਾ।
ਭਏ ਹਜ਼ਾਰਹੁਂ ਘਰ ਸਿੱਖ ਗੁਰੁ ਕੇ।
ਜੀਵਤਿ ਹੀ ਹੋਏ ਸਮ ਸੁਰ ਕੇ[1] ॥੬॥
ਸੇਵਾ ਦਾਸ ਬਿੱਪ੍ਰ ਇਕ ਤਹਾਂ।
ਸਿਦਕ ਕਰਹਿ ਸਿੱਖੀ ਮਹੁਂ ਮਹਾਂ।
ਪੰਚਾਂਮ੍ਰਿਤ ਕਰਾਇ ਬਹੁ ਬਾਰੀ।
ਕਰਹਿ ਮੇਲਿ ਸੰਗਤਿ ਕੋ ਭਾਰੀ ॥੭॥
ਪਠਹਿ ਸੁਨਹਿ ਗੁਰ ਸ਼ਬਦ ਮਹਾਨਾ।

[1]ਦੇਵਤਿਆਂ ਜੇਹੇ।

ਪ੍ਰੇਮ ਕਰਹਿ ਸਤਿਸੰਗਿ ਸੁਜਾਨਾ।
ਨਿਜ ਸੁਤ ਕੀ ਦਿਸ਼ਿ ਜਨਨੀ ਹੇਰਾ।
ਉਪਜਯੋ ਰਿਦੇ ਪ੍ਰੇਮ ਬਡੇਰਾ ॥ ੮ ॥
ਸਤਿ ਸੰਗਤਿ ਕੀ ਪੰਕਤਿ ਜਹਾਂ।
ਸੁਨਤਿ ਸ਼ੀਘ੍ਰ ਹੀ ਪਹੁੰਚਹਿ ਤਹਾਂ।
ਸਤਿਗੁਰ ਕੇ ਗੁਨ ਸੁਨਹਿ ਅਛੇਰੇ।
-ਹੇਰਹਿਂ ਪ੍ਰੇਮ ਏਕ ਜਨ ਕੇਰੇ[1] ॥ ੯ ॥

[1]ਦਾਸ ਦਾ (ਕੇਵਲ) ਇਕ ਪ੍ਰੇਮ ਹੀ ਦੇਖਦੇ ਹਨ (ਗੁਰੂ ਜੀ)।

ਧਨ ਆਦਿਕ ਜੇ ਅਪਰ ਬਡਾਈ।
ਤਿਨਹੁਂ ਨ ਮਾਨਹਿਂ ਮਨ ਸੁਖਦਾਈ।
ਸ਼ਰਧਾ ਕਰੇ ਭਾਵਨਾ ਠਾਨਹਿਂ।
ਉਰ ਸੇਵਕ ਕੇ ਪ੍ਰੇਮ ਪਛਾਨਹਿਂ- ॥ ੧੦ ॥
ਬੂਝਤਿ ਰਹਹਿ ਪੁੱਤ੍ਰ ਕੇ ਪਾਸ।
'ਕਿਮ ਸੁਭਾਵ? ਕਹੁ ਸੇਵਾ ਦਾਸ!
ਬਸਹਿਂ ਦੂਰਿ ਕਿਮ ਦਰਸ਼ਨ ਦੇਹਿਂ?
ਜਾਨਹਿਂ ਨਹੀਂ ਕਿ ਜਨਨਿ ਸਨੇਹ[1]? ॥ ੧੧ ॥

[1]ਦਾਸਾਂ ਦਾ ਪ੍ਰੇਮ ਜਾਣਦੇ ਹਨ ਕਿ ਨਹੀਂ?

ਬਿਨ ਦਰਸ਼ਨ ਤੇ ਤ੍ਰਿਪਤਿ ਨ ਮੋਹੀ।
ਮਿਲਹਿਂ ਜਬਹਿ, ਨਹਿਂ ਸੰਸੈ ਹੋਹੀ[1]।

[1]ਜਦੋਂ ਮਿਲਨਗੇ ਫਿਰ ਸੰਸੈ ਨਹੀਂ ਰਹੇਗਾ?

ਤੀਨ ਲੋਕਪਤਿ ਕੇਰ ਸੁਭਾਊ।
ਦਾਸਨਿ ਸੰਗਿ ਫਿਰਹਿਂ ਹਰ ਥਾਊ ॥ ੧੨ ॥
ਨਾਮਦੇਵ ਅਰੁ ਭਗਤ ਕਬੀਰ।
ਰਹੇ ਸੰਗ ਇਨ ਗੁਨੀ ਗਹੀਰ।
ਬਾਂਧੀ ਛਪਰੀ ਕਾਰਜ ਕੀਨਾ।
ਬਿਠੁਲ[1] ਦੇਹੁਰਾ ਫੇਰਿ ਸੁ ਦੀਨਾ ॥ ੧੩ ॥

[1]ਵਯਾਪਕ ਪਰਮੇਸ਼ੁਰ ਨੇ। [ਬੀ = ਉਤਪਤੀ। ਠ = ਠਹਰਾਉਣਾ। ਲ = ਲੈਤਾ ਕਰਨਾ, ਨਾਸ਼ ਕਰਨਾ। ਉਤਪਤੀ, ਪਾਲਨਾ ਤੇ ਲੇਤਾ ਕਰਨ ਵਾਲਾ ਪ੍ਰਮੇਸ਼੍ਵਰ] (ਅ) (ਬਿਨ =) ਇਟ ਦਾ ਜਿਸ ਨੇ ਆਸਣ ਲਿਆ ਹੋਵੇ (= ਪੁੰਡਰੀਕ)। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਉਂ ਦੱਸਿਆ ਹੈ:-ਈਭੈ ਬੀਠਲੁ ਊਭੈ ਬੀਠਲ........ ਭਾਵ ਵਿਆਪਕ ਭਗਵਾਨ।

ਕੇਤਿਕ ਗਿਨੀਅਹਿ ਗੁਨ ਤਿਸ ਕੇਰੇ।
ਭਗਤਨਿ ਕਾਜ ਕਰੇ ਫਿਰ ਫੇਰੇ[1]।

[1]ਕਈ ਵਾਰ। (ਅ) ਫਿਰ ਫਿਰ ਕੇ।

ਸਤਿਗੁਰ ਹੈਂ ਤਿਨ ਕੈ ਅਵਿਤਾਰ[1]।

[1]ਭਾਵ ਤੀਨ ਲੋਕ ਪਤੀ ਪ੍ਰਮੇਸ਼ੁਰ ਦੇ ਅਵਤਾਰ ਹਨ।

ਸਿੱਖਜਨਿ ਕਾਜ ਸੁਧਾਰਣਿਹਾਰਿ ॥੧੪॥
ਸ਼੍ਰੀ ਨਾਨਕ ਆਦਿਕ ਗੁਰੁ ਭਏ।
ਦੇਖਿ ਪ੍ਰੇਮ ਸਿੱਖਜਨਿ ਕੋ ਗਏ।
ਸੁਨਿਯਤਿ ਅਹੈ ਸ਼ਾਹਦੀ ਸਾਰੇ[1]।
ਆਦਿ ਸੰਗਲਾਦੀਪ ਸਿਧਾਰੇ ॥੧੫॥
ਦੇਖਯੋ ਨ੍ਰਿਪ ਕੋ ਪ੍ਰੇਮ ਬਡੇਰੇ।
ਕਰਯੋ ਨਿਹਾਲ ਗਏ ਤਿਸ ਡੇਰੇ।
ਮੈਂ ਐਸੇ ਗੁਨ ਸਿਮਰਨ ਕਰੌਂ।
ਹੇਰਨਿ ਹੇਤੁ ਪ੍ਰੇਮ ਉਰ ਧਰੌਂ' ॥੧੬॥
ਸੇਵਾਦਾਸ ਪੁਤ੍ਰ ਸੁਨਿ ਕਾਨ।
ਕਹਯੋ 'ਜਿ ਹਮਰੇ ਭਾਗ ਮਹਾਨ।
ਜਾਨਹਿਂ ਪ੍ਰੇਮ ਰਿਦੇ ਕੋ ਜਬੈ।
ਦੇਹਿਂ ਦਰਸ ਆਵਹਿਂ ਗੁਰੁ ਤਬੈ' ॥੧੭॥
ਇਮ ਕਹਿ ਸੁਨਿਕੈ ਬ੍ਰਿਧਾ ਮਹਾਨੀ।
ਗੁਰ ਦੇਖਨਿ ਹਿਤ ਪ੍ਰੀਤੀ ਠਾਨੀ।
ਇੱਤਜਾਦਿਕ ਗੁਨ ਕਰਹਿ ਬਿਚਾਰਨਿ।
ਅਪਰ ਕਹਾਂ ਲਗਿ ਕਰੌਂ ਉਚਾਰਨਿ ॥੧੮॥
ਨਿਤਪ੍ਰਤਿ ਗੁਰੁ ਗੁਨ ਨਏ ਬਿਚਾਰਹਿ।
ਦਰਸ਼ਨ ਕੋ ਸਨੇਹ ਉਰ ਧਾਰਹਿ।
ਪੁਨ ਉਪਾਇ ਇਕ ਰਚਯੋ ਨਵੀਨ।
ਦੁਰਲਭ ਤੂਲ[1] ਮੋਲ ਬਡਿ ਲੀਨਿ ॥੧੯॥
ਨਿਜ ਹਾਥਨਿ ਤੇ ਤੁੰਬਨ ਕਰਿ ਕੈ।
ਬੀਨਿ ਬੀਨਿ ਤਿਹ ਭਲੋ ਸੁਧਰਿ ਕੈ।
ਗੁਰੁ ਗੁਨ ਗਾਵਤਿ ਕਰਤਿ ਸੁ ਕਾਰ।
ਕਾਤਹਿ ਸੂਖਮ ਸੂਤ ਸੁਧਾਰਿ ॥੨੦॥
ਇਕ ਸਮ ਕਰਿ ਕੈ ਬਟੋ ਚਢਾਵਹਿ[1]।
ਚਰਖਾ ਫੇਰਹਿ ਸੂਤ ਬਨਾਵਹਿ।
ਸਹਤ ਪ੍ਰੀਤ ਕੇ ਕਰਹਿ ਅਟੇਰਨਿ।
ਦਿਨ ਪ੍ਰਤਿ ਅਭਿਲਾਖਤਿ ਗੁਰੁ ਹੇਰਨਿ ॥੨੧॥
'ਹੇ ਪ੍ਰਭੁ ! ਮੈਂ ਬਿਰਧਾ ਬਹੁ ਹੋਈ।

[1]ਸਭ ਥਾਂ ਤੋਂ ਸਾਫ (ਉਗਾਹੀ) ਸੁਣੀਂਦੀ ਹੈ।

[1]ਰੂਈ।

[1]ਵਟ ਚੜ੍ਹਾਂਵਦੀ ਹੈ (ਅਥਵਾ ਪੂਣੀਆਂ ਕੱਤਦੀ ਹੈ)।

ਨਹੀਂ ਸਮਰਥ ਗਮਨਿ ਕੀ ਕੋਈ।
ਪੰਥ ਪਹਾਰਨਿ ਕੋ ਬਹੁ ਦੂਰਿ[1]।
ਊਚ ਨੀਚ ਥਲ ਲਖੀਯਤਿ ਭੂਰ ॥੨੨॥
ਨਾਂਹਿ ਤ ਮੈਂ ਅੰਮ੍ਰਿਤਸਰ ਆਵਤਿ।
ਨਿਜ ਕਰ ਸੋਂ ਅੰਬਰ[1] ਪਹਿਰਾਵਤਿ।
ਸ਼ਕਤੀ ਹੀਨ ਕਿਮ ਗਮਨੌਂ ਸ੍ਵਾਮੀ।
ਸਭਿ ਘਟ ਬ੍ਯਾਪਕ ਅੰਤਰਜਾਮੀ!
॥੨੩॥
ਦਾਸਨਿ ਕਰਹੁ ਕਾਮਨਾ ਪੂਰਨ।
ਹੇਰਿ ਪ੍ਰੇਮ ਕੋ ਪਹੁੰਚਹੁ ਤੂਰਨ।
ਸ਼ਾਸਤ੍ਰ ਬੇਦ ਸ਼੍ਰੀ ਗ੍ਰਿੰਥ ਮਝਾਰਾ।
ਸੁਨਜੋ ਆਪ ਕੋ ਬਿਰਦ ਉਦਾਰਾ' ॥੨੪॥
ਇਸ ਪ੍ਰਕਾਰ ਚਿਤਵਨਿ ਚਿਤ ਧਰਿਤੀ।
ਬਸਤ੍ਰ ਬੁਨਾਵਨਿ ਕੀ ਕ੍ਰਿਤ ਕਰਿਤੀ।
ਗ੍ਰਹਿ ਕੁਬਿੰਦ[1] ਕੇ ਤਬਿ ਚਲਿ ਗਈ।
ਸੂਤ ਬੁਨਾਵਨਿ ਦੇਤਿ ਸੁ ਭਈ ॥੨੫॥
ਅਧਿਕ ਮਜੂਰੀ ਦੇ ਕਰਿ ਤਾਂਹਿ।
ਮੁਖ ਤੇ ਮ੍ਰਿਦੁਲ ਗਿਰਾ ਕੋ ਪ੍ਰਾਹਿ।
'ਅਤਿ ਪ੍ਰਿਅ ਪਟ ਕੋ ਕਾਰਜ ਮੇਰਾ।
ਕਰਹਿਂ ਨੀਕ, ਉਪਕਾਰਹਿ ਤੇਰਾ[1]'
॥੨੬॥
ਕਹਿ ਬਹੁ ਬਾਰਿ ਭਲੋ ਬੁਨਿਵਾਯੋ।
ਪੁਨ ਮਿਹਨਤ ਬਹੁ ਦੀਨਿ ਧੁਵਾਯੋ।
ਘਰ ਮਹਿਂ ਏਕ ਸਥਾਨ ਸੁਧਾਰਾ।
ਗੁਰੁ ਹਿਤ ਕਲਪਜੋ ਰਿਦੇ ਮਝਾਰਾ ॥੨੭॥
ਲਿੰਪਨਿ ਕਰਿ ਤਹਿਂ ਧੂਪ ਧੁਖਾਵਹਿ।
ਅਧਿਕ ਸੁਗੰਧਤਿ ਪੁਸ਼ਪ ਚਢਾਵਹਿ।
ਘ੍ਰਿਤ ਕੋ ਦੀਪਕ ਰਾਖਹਿ ਬਾਰ।
ਚੰਦਨ ਕੋ ਚਰਚੈ ਮਹਿਕਾਰ ॥੨੮॥
ਇਕ ਚੌਂਕੀ ਤਹਿਂ ਕੀਨਿ ਡਸਾਵਨਿ।
ਬਹੁ ਪਾਵਨ ਕਰਿ ਨਈ ਬਨਾਵਨਿ।
ਤਿਸ ਪਰ ਰਾਖਜੋ ਬਸਤ੍ਰ ਸੁਧਾਰਿ।

[1]ਪਹਾੜਾਂ ਦਾ ਰਾਹ ਤੇ ਬਹੁਤ ਦੂਰ (ਦਾ ਪੈਂਡਾ ਹੈ)।
[1]ਕੱਪੜਾ।
[1]ਜੁਲਾਹੇ।
[1]ਤਾਂ ਤੇਰਾ ਉਪਕਾਰ ਹੈ।

ਕਰਿ ਨੀਕੇ ਫੂਲਨਿ ਬਿਸਤਾਰ ॥੨੯॥
ਸਤਿਗੁਰੁ ਸਮ ਪੂਜਹਿ ਕਰ ਬੰਦਿ।
ਦਿਨ ਪ੍ਰਤਿ ਸ਼ਰਧਾ ਵਧਹਿ ਬਿਲੰਦ।
ਬਿਨੈ ਬਖਾਨਹਿ ਖਰੀ ਅਗਾਰੀ।
ਨਏ ਬੇਦ[1] ਅਰਪੈ ਹਿਤ ਧਾਰੀ ॥੩੦॥
ਦੋਨਹੁ ਸਮੈਂ ਅਰਚਨਾ ਕਰਿਹੀ।
ਗੁਰੁ ਸਮਸਰ ਕੀ ਸ਼ਰਧਾ ਧਰਿਹੀ।
ਕਰਹਿ ਅਰਾਧਨਿ ਉਰ ਕਰ ਬੰਦਿ।
'ਗੁਰ ਅਰਜਨ ਸੁਤ ਹਰਿਗੋਵਿੰਦ!
॥੩੧॥
ਪੂਰਨਿ ਕਰਹੁ ਜਾਨਿ ਮਮ ਆਸ਼ਾ।
ਪਗ ਪੰਕਜ ਕੋ ਹੈ ਭਰਵਾਸਾ।
ਮੈਂ ਕੁਚੀਲ[1] ਇਸਤ੍ਰੀ ਕੋ ਜਾਮਾ।
ਤਊ ਆਸਰਾ ਲੀਨਸਿ ਨਾਮਾ' ॥੩੨॥
ਸੁਤ ਜੁਤਿ ਭਾਗਭਰੀ[1] ਦ੍ਵੈ ਸਮੈ।
ਸ਼੍ਰੀ ਗੁਰੁ ਹਰਿਗੋਵਿੰਦ ਕੋ ਨਮੈ।
ਸੁਨਿ ਨਰ ਅਪਰ ਕਰਹਿਂ ਉਪਹਾਸ।
'ਤੁਵ ਜਨਨੀ ਹੇ ਸੇਵਾਦਾਸ! ॥੩੩॥
ਬਸਤ੍ਰ ਬੁਣਾਇ ਇਹਾਂ ਹੀ ਰਾਖਾ।
ਪੁਰਿ ਆਵਹਿਂ ਗੁਰ ਧਰਿ ਅਭਿਲਾਖਾ।
ਸੋ ਕਿਮ ਆਵਨਿ ਤਿਨ ਕੋ ਹੋਇ?
ਸੈਨਾ ਘਨੀ ਸੰਗ ਮਹਿਂ ਜੋਇ ॥੩੪॥
ਦੁਰਗਮ ਮਾਰਗ ਆਵਨਿ ਕੇਰਾ।
ਅਹੈ ਦੂਰਿ, ਕੁਛ ਨਾਂਹਿ ਨ ਨੇਰਾ।
ਇਕ ਸ਼੍ਰੀ ਨਾਨਕ ਬਿਚਰੇ ਸਾਰੇ।
ਅਪਰ ਗੁਰੂ ਰਹਿ ਦੇਸ਼ ਮਝਾਰੇ ॥੩੫॥
ਨਹਿਂ ਬਿਚਰਤਿ ਪਰਦੇਸ਼ਨਿ ਮਾਂਹੀ।
ਸੰਗਤਿ ਸਕਲ ਤਹਾਂ ਚਲਿ ਜਾਹੀ।
ਅਸਮੰਜਸ ਇਸ ਥਲ ਗੁਰ ਆਵਨਿ।
ਸੈਨ ਸਮੇਤ ਕਰਹਿਂ ਇਤ† ਪਾਵਨ[1]
॥੩੬॥
ਮਹਾਂ ਪ੍ਰੇਮ ਤੇ ਬਸਤ੍ਰ ਬੁਨਾਯੋ।

[1]ਭੇਟਾ। ਅਰਪਿਆ ਪਦਾਰਥ। [ਸੰਸ: ਨੈਵੇਦ੍ਯ]

[1]ਮੈਲਾ।

[1]ਨਾਮ ਹੈ ਮਾਈ ਦਾ।

[1]ਸੈਨਾ ਸਮੇਤ ਇਧਰ (ਆਕੇ ਦੇਸ਼ ਨੂੰ) ਪਵਿੱਤ੍ਰ ਕਰਨ (ਇਹ ਗਲ ਕਠਨ ਹੈ)। †ਪਾ:-ਤਹਿਂ।

ਸੋ ਤਿਸ ਹੀ ਥਲ ਦੇਹੁ ਪਠਾਯੋ।'
ਸੇਵਾਦਾਸ ਮਾਤ ਸਮੁਝਾਈ।
'ਹਠ ਛੋਰਹੁ ਦਿਹੁ ਤਹਾਂ ਪਠਾਈ ॥੩੭॥
ਬਹੁਤ ਲੋਕ ਸਮੁਝਾਵਤਿ ਮੋਹੀ।
-ਗੁਰ ਆਗਵਨ ਕਹਹੁ ਕਿਮ ਹੋਹੀ?
ਸ਼੍ਰੀ ਨਾਨਕ ਬਿਨ ਅਪਰ ਨ ਆਯੋ।
ਬਡ ਸਮਾਜ ਗੁਰੁ ਸੰਗ[1] ਸੁਹਾਯੋ- ॥੩੮॥
ਸਿਮਰਹੁ ਨਾਮ ਧਯਾਨ ਕੋ ਕੀਜੈ।
ਜਿਮ ਹਜ਼ੂਰ ਤਿਮ ਹੀ ਫਲ ਲੀਜੈ।'
ਭਾਗਭਰੀ ਸੁਨਿ ਕੈ ਸੁਤ ਬੈਨ।
ਪਰਮ ਪ੍ਰੇਮ ਜਲ ਛੋਰਤਿ ਨੈਨ ॥੩੯॥
'ਸੁਨਹੁ ਪੁੱਤ੍ਰ! ਮਮ ਬੈਸ ਬਿਹਾਈ।
ਗੁਰ ਦਰਸ਼ਨ ਇਛ ਹੈ ਅਧਿਕਾਈ।
ਮਰਨਿ ਪ੍ਰਯੰਤ ਆਸ ਮੈਂ ਕਰਿਹੌਂ।
ਨਿਸ ਬਾਸੁਰ ਸਿਮਰਨਿ ਮਨ ਧਰਿਹੌਂ ॥੪੦॥
ਅੰਤਰਜਾਮੀ ਸਭਿ ਥਲ ਬਯਾਪਾ।
ਸਰਬ ਸ਼ਕਤਿ ਧਰਿ ਸੰਕਟ ਖਾਪਾ।
ਤਿਨ ਆਗਵਨ ਕਠਨ ਕੁਛ ਨਾਂਹੀ।
ਨਹਿ ਥਲ ਅਸ ਜਹਿਂ ਨਹਿਂ ਚਲਿ ਜਾਹੀਂ ॥੪੧॥
ਕਰਨਿ ਤਰਕਨਾ[1] ਅਸ ਮਨ ਮਾਂਹੀ।
ਨਿਸ਼ਚਾ ਰਿਦੈ ਟਿਕਨਿ ਦੇ ਨਾਂਹੀ।
ਮਮ ਅਨਾਥ ਕੀ ਦਿਸ਼ਾ ਨਿਹਾਰਹਿਂ।
ਬਿਰਦ ਗ਼ਰੀਬ ਨਿਵਾਜ ਸੰਭਾਰਹਿਂ ॥੪੨॥
ਛਿਨ ਮਹਿਂ ਆਇ ਦਰਸ ਕੋ ਦੈਹੈਂ।
ਮਮ ਕਰ ਤੇ ਅੰਬਰ ਪਹਿਰੈਹੈਂ।
ਹੁਤੀ ਭੀਲਨੀ ਭਗਤਨਿ ਹਰਿ ਕੀ।
ਕਰਤਿ ਪ੍ਰਤੀਖਨਿ ਸ਼ਰਧਾ ਉਰ ਕੀ ॥੪੩॥
ਬਦਰੀ ਫਲ ਸੰਚਤਿ ਸੋ ਰਹੀ।
ਮਿਲੇ ਪ੍ਰਭੁ ਇਮ ਆਗਮ ਕਹੀ[1]।
ਮੈਂ ਤਿਹ ਸਮ ਹੀ ਕਰਤਿ ਉਡੀਕਾ।

[1]ਭਾਵ ਸ਼੍ਰੀ ਗੁਰੂ ਹਰਿਗੋਬਿੰਦ ਜੀ ਦੇ ਨਾਲ।

[1]ਹੁੱਜਤਾਂ।

[1]ਇਉਂ ਸ਼ਾਸਤ੍ਰਾਂ ਨੇ ਕਿਹਾ ਹੈ।

ਦੇਹਿਂ ਦਰਸ ਲਖਿ ਪ੍ਰੇਮ ਸੁ ਹੀ ਕਾ ॥੪੪॥
ਮਿਲਹਿਂ ਅਵੱਸਜ, ਮੋਹਿ ਬਿਸਵਾਸਾ।
ਜੀਵਤਿ ਮੈਂ ਨਹਿਂ ਤਜਾਗੌਂ ਆਸਾ।
ਨਾਂਹਿ ਤ ਮਰਿ ਕੈ ਮਿਲਿ ਹੌਂ ਜਾਇ।
ਮੈਂ ਨ ਪ੍ਰਤੱਗਜਾ ਤਜੌਂ ਕਦਾਇ' ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਸ਼ਮੀਰ ਪ੍ਰੇਮਨਿ ਸਿੱਖਨੀ ਬ੍ਰਿਤਾਂਤ' ਬਰਨਨੰ ਨਾਮ ਸਪਤ ਚਤਵਾਰਿੰਸਤੀ ਅੰਸੂ ॥੪੭॥

੪੮. [ਸਤਿਗੁਰੂ ਜੀ ਸ੍ਰੀ ਨਗਰ ਪੁੱਜੇ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਸ਼੍ਰੀ ਗੁਰੁ ਹਰਿ ਗੋਵਿੰਦ ਜੀ, ਜਾਨੀ ਸਭਿ ਮਨ ਮਾਂਹਿ।
-ਮਮ ਪ੍ਰਤੀਖਨਾ ਕਰਤਿ ਹੈ, ਨਿਸ ਬਾਸੁਰ ਸੁਖ ਨਾਂਹਿ ॥੧॥

ਚੌਪਈ:

ਦੇਸ਼ ਪਹਾਰਨਿ ਕੋ ਮਗ ਅਹੈ।
ਮਮ ਸਿਖਨੀ ਨਿਜ ਜਾਚਤਿ ਰਹੈ।
ਬਸਹਿਂ ਗਿਰਨਿ ਮਹਿਂ ਸਿੱਖਜ ਘਨੇਰੇ।
ਨਿਤ ਚਾਹਤਿ ਜੋ ਮੋ ਕਹੁ ਹੇਰੇ ॥੨॥
ਤਿਨ ਸਭਿਹਿਨਿ ਕੀ ਪੁਰਵੌਂ ਆਸਾ।
ਜੋ ਹਮੇਸ਼ ਰਹਿਂ ਮਮ ਭਰਵਾਸਾ।
ਬਿਰਧਾ ਭਾਗਭਰੀ ਪਟ ਰਾਖਾ।
ਮੋ ਕਹੁ ਪਹਿਰਾਵਨਿ ਅਭਿਲਾਖਾ ॥੩॥
ਖਾਨ ਪਾਨ ਸੂਖਮ ਜਿਨ ਕੀਨੋ।
ਨਿਸ ਬਾਸੁਰ ਸਿਮਰਨਿ ਮਨ ਲੀਨੋ।
ਅੰਤ ਸਮਾਂ ਭੀ ਆਨਿ ਪਹੂਚਜੋ।
ਮਮ ਦੇਖਨਿ ਕੋ ਨਿਤ ਚਿਤ ਰੂਚਜੋ[1]- ॥੪॥
ਸ਼੍ਰੀ ਗੁਰ ਹਰਿਗੋਬਿੰਦ ਕੁਲ ਚੰਦ।
ਰਿਦੇ ਬਿਚਾਰਜੋ ਚਲਨਿ ਅਮੰਦ[1]।
ਬੂਝਿ ਮਾਤ ਕੋ ਕਰਿ ਕੈ ਨਮੋ।
ਮਿਲਿ ਕੈ ਸਕਲ ਸੰਗ ਤਿਹੋ ਸਮੋ ॥੫॥
ਨਿਜ ਸੁਭਟਨਿ ਕੁਛ ਲੈ ਕਰਿ ਸਾਥ।
ਸਭਿ ਕੋ ਧੀਰਜ ਦੇ ਕਰਿ ਨਾਥ।
ਯਥਾ ਯੋਗ ਸਭਿ ਕੋ ਸਨਮਾਨਾ।
ਦਾਸ ਲਿਏ ਸੰਗਿ ਕੀਨਿ ਪਯਾਨਾ ॥੬॥
ਕਰਨਿ ਨਿਹਾਲ ਦੇਸ਼ ਕਸ਼ਮੀਰ।
ਗਮਨੇ ਦਿਨ ਪ੍ਰਤਿ ਗੁਰੁ ਗੰਭੀਰ।
ਚਲਤਿ ਚਲਤਿ ਚਪਰਾਹੜ ਪੁਰਿ[†] ਜਹਿਂ।

[1]ਲਗਿਆ ਹੈ।

[1]ਤ੍ਰਿਖਾ, ਛੇਤੀ ਚੱਲਣਾ (ਅ) ਸੁਹਣਾ ਚਲਣਾ।

[†]ਇਹ ਪਿੰਡ ਸਿਆਲਕੋਟ ਤੋਂ ਸਤ ਅੱਠ ਮੀਲ ਪੂਰਬੋਤ੍ਰ ਦਿਸ਼ਾ ਵਲ ਹੈ। ਇਸ ਤੋਂ ਦੋ ਕੁ ਮੀਲ ਤੇ ਪਿੰਡ

ਰਹਿਸਮਾਂ ਹੈ, ਜਿਸ ਤੋਂ ਢਾਈ ਕੁ ਸੌ ਕਰਮ ਦੀ ਵਿੱਥ ਤੇ ਸਾਹਿਬਾਂ ਦੀ ਯਾਦਗਾਰ ਵਿਚ ਦੋ ਗੁਰਦ੍ਵਾਰੇ 'ਟਾਹਲੀ ਸਾਹਿਬ' ਤੇ 'ਗੁਰੂ ਸਰ' ਹਨ, ਸਰੋਵਰ ਜਿਥੋਂ ਬਰਛਾ ਮਾਰਕੇ ਜਲ ਕਢਿਆ ਸੀ ਹੁਣ ਹੈ, ਛੇਵੇਂ ਸਤਿਗੁਰ ਜੀ ਦੇ ਅਵਤਾਰ ਧਾਰਨ ਦੇ ਦਿਨ ਮੇਲਾ ਲਗਦਾ ਰਿਹਾ ਹੈ।

ਜਾਇ ਪਹੁੰਚੇ ਢਿਗ ਸਤਿਗੁਰ ਤਹਿਂ ॥੭॥
ਇਕ ਦਿਜਬਰ ਅਸੁਵਾਰਨਿ ਮਿਲ੍ਯੋ।
ਤਿਨ ਬੂਝ੍ਯੋ ਕੋ ਆਵਤਿ ਚਲ੍ਯੋ?
ਤਿਸ ਕੋ ਸਿਖ ਨੇ ਕਹਿ ਸਮੁਝਾਯੋ।
'ਇਹ ਸਤਿਗੁਰੁ ਇਤ ਦਿਸ਼ਿ ਕੋ ਆਯੋ ॥੮॥
ਪਹੁੰਚਹਿਂਗੇ ਆਗੇ ਕਸ਼ਮੀਰ।
ਹਰਿਗੋਵਿੰਦ ਬੀਰ ਬਡਿ ਧੀਰ।'
ਖਰੋ ਰਹ੍ਯੋ ਹੇਰਨਿ ਹਿਤ ਸੋਊ।
-ਦੇਖਿ ਲੇਉਂ ਗੁਰ ਭਾਖਤਿ ਜੋਊ- ॥੯॥
ਇਤਨੇ ਮਹਿਂ ਸਤਿਗੁਰ ਚਲਿ ਗਏ।
ਤਿਸ ਦਿਜ ਸੋਂ ਬਚ ਬੋਲਤਿ ਭਏ।
'ਇਸ ਥਲ ਬਸਹਿਂ[1]? ਨੀਰ ਕਹੁ ਕਹਾਂ?
ਉਤਰਹਿਂ ਕਰਹਿਂ ਸੁਚੇਤੋ ਤਹਾਂ ॥੧੦॥
ਹੁਇ ਤੜਾਗ ਬਿਨ ਮਲ ਤੇ ਜਲ ਕੋ।
ਬੈਠਹਿਂ ਤਹਾਂ, ਬਤਾਵਹੁ ਥਲ ਕੋ।'
ਸੁਨਿ ਦਿਜ ਕਹਤਿ ਭਯੋ ਕਰਿ ਬੰਦਨ।
'ਆਪ ਜਗਤ ਗੁਰੁ, ਦੋਸ਼ ਨਿਕੰਦਨ ॥੧੧॥
ਛਪੀ ਵਸਤੁ ਕਿਤ ਕਿਸੂ ਨ ਪਾਵੈ।
ਮਨ ਕਰਿ ਭੀ ਸੋ ਲਖੀ ਨ ਜਾਵੈ।
ਤਿਨਹਿ ਬਤਾਵਹੁ ਆਪ ਸੁ ਜਾਤਾ[1]।
ਤੀਨ ਲੋਕ ਥਲ ਕੇ ਸਭਿ ਗਜਾਤਾ ॥੧੨॥
ਨਹਿਂ ਜਾਨਤਿ ਜਿਮ, ਬੂਝਹੁ ਮੋਹੀ।
ਯਾਂ ਤੇ ਅਚਰਜ ਉਰ ਮਹਿਂ ਹੋਹੀ।
ਬਰਤਹੁ ਸ਼ਕਤਿ ਤੇਜ ਬਿਪਰੀਤਿ[1]।
ਇਹ ਨ ਸੁਹਾਇ, ਲੋਕ ਮਹਿਂ ਰੀਤਿ ॥੧੩॥

[1]ਤੂੰ ਏਥੇ ਵਸਦਾ ਹੈਂ।

[1]ਆਪ ਨੇ (ਸਭ ਕੁਛ) ਜਾਣਿਆ ਹੋਇਆ ਹੈ।

[1]ਸ਼ਕਤੀ ਵਾਲੇ ਪ੍ਰਭਾਵ ਤੋਂ ਉਲਟ ਵਰਤ ਰਹੇ ਹੋ।

ਜਹਿਂ ਜਲ ਜਾਇ[1] ਤਹਾਂ ਚਲਿ ਜਾਵਹੁ।
ਜੇ ਨਹਿਂ, ਨਿਜ ਹਿਤ ਨਜੋ ਬਨਾਵਹੁ।
ਤੁਮ ਸਰਬੱਗਜ ਕਰਹੁ ਜਸ ਅਹੈ।
ਉਤਰਹੁ ਜਲ ਨਿਰਮਲ ਜਿਤ ਲਹੈ' ॥੧੪॥

[1]ਜਿੱਥੇ ਜਲ ਦੀ ਜਗ੍ਹਾ ਹੈ।

ਇਮ ਸੁਨਿ ਕਰਿ ਸ਼੍ਰੀ ਹਰਿਗੋਵਿੰਦ।
ਰੋਕਜੋ ਨਿਜ ਤੁਰੰਗ ਕੁਲ ਚੰਦ।
ਉਤਰ ਪਰੇ ਸੋਈ ਥਲ ਦੇਖਿ।
ਠਹਿਰੀ ਸੈਨਾ ਸਾਥ ਅਸ਼ੇਖ ॥੧੫॥
ਆਇ ਦਾਸ ਕੀਨਸਿ ਅਰਦਾਸ।
'ਇਸ ਥਲ ਦਿਖਤਿ ਨਹੀਂ ਜਲ ਪਾਸ।
ਆਗੈ ਜਿਮ ਰਾਵਰ ਕੀ ਮਰਜ਼ੀ।
ਜੇ ਕਰਿ ਦੂਰਿ ਤੇ ਆਨਹਿਂ ਗੁਰ ਜੀ!' ॥੧੬॥
ਕਰ ਸਤਿਗੁਰ ਕੇ ਬਰਛੋ ਹੁਤੋ।
ਖਰ ਦੀਰਘ, ਸੋ ਅਵਨੀ ਹਤੋ[1]।

[1]ਪ੍ਰਿਥਵੀ ਤੇ ਮਾਰਿਆ।

ਧਸਜੋ ਕਿਤਿਕ ਪੁਨ ਐਂਚਿ ਨਿਕਾਸਜੋ।
ਫੁਟੀ ਬੰਬ ਜਲ[1] ਤਬਹਿ ਪ੍ਰਕਾਸ਼ਜੋ ॥੧੭॥

[1]ਜਲ ਦੀ ਧਾਰਾ।

ਸਤਿਗੁਰੁ ਭਨਜੋ 'ਖਨਹੁ ਕੁਛ ਟੋਵਾ।
ਜਿਸ ਤੇ ਜਲ ਕੁਛ ਰਹੈ ਖਰੋਵਾ।'
ਸੁਨਤਿ ਹੁਕਮ ਤਹਿਂ ਲਯੋ ਬਨਾਇ।
ਜਿਤਕ ਚਹਤਿ ਸੋ ਲੀਨਿ ਟਿਕਾਇ ॥੧੮॥
ਛੁਟਜੋ ਪ੍ਰਵਾਹ ਨੀਰ ਕੋ ਘਨੋ।
ਚਲਤਿ ਸੁ ਚਿਰੰਕਾਲ ਕੌ ਮਨੋ[1]।

[1]ਮਾਨੋਂ।

ਪੁਨ ਸਤਿਗੁਰੁ ਹਿਤ ਫਰਸ਼ ਬਨਾਯਹੁ।
ਗਿਲਮ ਗ਼ਲੀਚਾ ਰੁਚਿਰ ਡਸਾਯਹੁ ॥੧੯॥
ਮਾਦਿਕ[†] ਦਾਸ ਆਨਿ ਕਰਿ ਦੀਨਿਸਿ।

[†]ਮਾਦਿਕ = ਕਿਸੇ ਨਸ਼ੇ ਵਾਲੀ ਸ਼ੈ ਨੂੰ ਕਹਿੰਦੇ ਹਨ, ਭਾਵ ਅਫੀਮ ਤੋਂ ਹੋਣਾ ਹੈ। ਪਰੰਤੂ ਚੜ੍ਹਦੀ ਜਵਾਨੀ ਤੇ ਸੂਰਮਗਤੀ ਦੀ ਅਵਧੀ ਸ਼੍ਰੀ ਗੁਰੂ ਜੀ ਜੋ ਸਾਰੇ ਨਸ਼ਿਆਂ ਦੇ ਨਿਸ਼ੇਧ ਕਰਨ ਵਾਲੇ ਸਨ, ਕਦੇ ਆਪ ਕੋਈ ਨਸ਼ਾ ਅੰਗੀਕਾਰ ਨਹੀਂ ਸਨ ਕਰ ਸਕਦੇ। ਸਤਿਗੁਰਾਂ ਦੇ ਸਮੇਂ ਦੇ ਏਹ ਨਕਸ਼ੇ ਸਨ ਹੀ ਨਹੀਂ। ਉਂਵ ਬੀ ਪੰਜਾਬ ਵਿਚ ਅਫੀਮ ਬੁਢਾਪੇ ਵਿਚ ਲਗਦੀ ਹੈ ਤੇ ਸਿੱਖਾਂ ਵਿਚ ਕਵਿ ਜੀ ਦੇ ਸਮੇਂ ਰਿਵਾਜ ਪਾ ਰਹੀ ਸੀ। ਦੇਖੋ ਰਾਸਿ ੪, ਅੰਸੂ ੪੪, ਅੰਕ ੧੧ ਦੀ ਹੇਠਲੀ ਟੂਕ।

ਸੌਚਾਚਾਰਿ ਸਤਿਗੁਰੂ ਕੀਨਸਿ।

ਦੇਖਿ ਬਿੱਪ੍ਰ ਬਿਸਮਜੋ ਡਰਪਾਯੋ।
ਪਗ ਪੰਕਜ ਪਰ ਸੀਸ ਨਿਵਾਯੋ ॥੨੦॥
'ਮਹਾਂਰਾਜ ! ਮੈਂ ਕਹਜੋ ਕਠੋਰਾ।
ਜਾਤਿ ਗਰਬ ਅਫਰਜੋ ਚਿਤ ਮੋਰਾ।
ਮਹਿਮਾ ਜਾਨਿ ਬੂਝਿ ਸਭਿ ਰਾਵਰਿ।
ਬਿਨੈ ਜੁਕਤਿ ਮੈਂ ਭਨਜੋ ਨ ਬਾਵਰ'
॥੨੧॥
ਸਤਿਗੁਰੁ ਸੁਨਿ ਕਰਿ ਧੀਰਜ ਦੀਨਾ।
'ਜਥਾ ਜੋਗ ਤੈਂ ਭਾਖਨਿ ਕੀਨਾ।
ਕਛੂ ਕ੍ਰੂਰਤਾ ਦੋਸ਼ ਜਿ ਪਾਯੋ।
ਮਿਟਜੋ ਸੁ ਪਾਛੇ ਬਹੁ ਪਛੁਤਾਯੋ ॥੨੨॥
ਅਲਪ ਪਾਪ, ਜੇ ਬਚਨ ਕਹਨਿ ਮੈਂ।
ਨਸ਼ਟਹਿਂ, ਕਰੇ ਬਿਸੂਰਨਿ ਮਨ ਮੈਂ।'
ਕੇਤਿਕ ਚਿਰ ਸਤਿਗੁਰ ਤਹਿਂ ਥਿਰੇ।
ਸੌਚਾਚਾਰ ਚਮੂੰ ਪੁਨ ਕਰੇ ॥੨੩॥
ਨਿਕਸਜੋ ਜਲ ਸੋਈ ਸਭਿ ਲੀਨਿ।
ਕ੍ਰਿਆ ਸ਼ਨਾਨ ਆਦਿ ਤਹਿਂ ਕੀਨਿ।
ਬਿਸਮੇ ਹੇਰਿ ਮੁਕੰਦ ਪ੍ਰਤਾਪੂ।
ਪਰਮੇਸ਼ੁਰ ਬਪੁ, ਪੁੰਨ ਨ ਪਾਪੂ ॥੨੪॥
ਸ਼ਰਧਾ ਧਰਹਿਂ ਕਰਹਿਂ ਸਭਿ ਸੇਵਾ।
ਪ੍ਰੇਮ ਸਹਤ ਦਰਸਹਿਂ ਗੁਰਦੇਵਾ।
ਕਰਜੋ ਕੂਚ ਸਤਿਗੁਰੁ ਆਰੂਢੇ।
ਗਮਨੇ ਪੰਥ, ਚਲਿਤ[1] ਜਿਨ ਗੂਢੇ ॥੨੫॥ [1]ਚਰਿੱਤ੍ਰ।
ਤਹਿਂ ਜਲ ਅਬਿ ਲੌ ਨਿਕਸਤਿ ਰਹੈ।
ਹਮ ਨੇ ਸੁਨਜੋ, ਗੁਰੂ ਸਿੱਖ ਕਹੈਂ।
ਜਾਇ ਪਹਾਰਨ ਬਿਖੈ ਪ੍ਰਵੇਸ਼ੇ।
ਅਨਿਕ ਭਾਂਤਿ ਜਹਿਂ ਬ੍ਰਿਛਨਿ ਬਿਸੇਸੇ[†]
॥੨੬॥

[†]ਸਤਿਗੁਰੂ ਜੀ ਚਪਰਾਹੜ ਪੁਰ ਤੋਂ ਚਲਕੇ ਗਲੋਟੀ, ਵਜ਼ੀਰਾਵਾਦ ਆਦਿ ਕਸਬਿਆਂ ਵਿਚ ਉਤਰਦੇ ਸਿੱਖਾਂ ਦੀ ਕੱਲਜਾਣ ਕਰਦੇ ਹੋਏ ਮੀਰ ਪੁਰ ਪੁੱਜੇ ਸਨ। ਇਥੇ ਕਵੀ ਜੀ ਨੇ ਬਾਕੀ ਗੁਰਦਵਾਰਿਆਂ ਦੇ ਹਾਲ ਨਹੀਂ ਦਿੱਤੇ। ਗਲੋਟੀ ਵਜ਼ੀਰਾਵਾਦੋਂ ੧੦ ਕੁ ਕੋਹ ਪੂਰਬ ਵੱਲ ਹੇ, ਇਥੇ ਸੁਣਿਆਂ ਹੈ ਸਤਿਗੁਰੂ ਜੀ ਇਕ ਰਾਤ ਰਹੇ ਸਨ, ਤੇ ਸ਼੍ਰੀ ਗੁਰੂ ਹਰਿਰਾਇ ਜੀ ਦੇ ਅਵਤਾਰ ਧਾਰਨ ਵਾਲੇ ਪੁਰਬ ਤੇ ਪਿੰਡ ਦੀ ਸਿੰਘ ਸਭਾ ਵਲੋਂ ਭਾਰੀ ਦੀਵਾਨ ਹੁੰਦਾ ਹੈਸੀ ਤੇ

ਵਜ਼ੀਰਾਵਾਦ ਵਿਖੇ 'ਕੋਠਾ ਸਾਹਿਬ' ਨਾਮ ਦਾ ਬੜਾ ਭਾਰੀ ਗੁਰਦਵਾਰਾ ਛੇਵੇਂ ਗੁਰਾਂ ਦੇ ਠਹਿਰਨ ਦੀ ਯਾਦਗਾਰ ਵਿਚ ਅਸਥਾਨ ਹੈ। ਕਈ ਵੀਚਾਰਵਾਨਾਂ ਦਾ ਖਿਆਲ ਹੈ ਕਿ ਗਲੋਟੀ ਦਾ ਗੁਰਦੁਆਰਾ ਸੱਤਵੇਂ ਸਤਿਗੁਰਾਂ ਦੀ ਯਾਦਗਾਰ ਹੈ।

ਦਾਰਮ[1], ਜ਼ਰਦਾਲੂ ਤਹਿਂ ਖਰੇ। — [1]ਅਨਾਰ।
ਫਲ ਬਹੁ ਮਧੁਰ ਤੁਰਸ਼ ਰਸ ਭਰੇ।
ਖਰੇ ਖਰੋਟ ਸ ਦਲ[1] ਗਨ ਹਰੇ। — [1]ਪੱਤਿਆਂ ਸਮੇਤ।
ਕਦਲੀ[1] ਬਦਰੀ[2] ਫਲ ਝਰ ਪਰੇ[3] ॥੨੭॥ — [1]ਕੇਲਾ। [2]ਬੇਰ, ਭਾਵ ਉਨਾਬਾਂ ਤੋਂ ਹੈ। [3]ਬਹੁਤੇ ਲਗੇ ਹੋਏ ਹਨ। (ਅ) ਡਿੱਗ ਡਿੱਗ ਪੈਂਦੇ ਹਨ।
ਜਹਿਂ ਕਹਿਂ ਦਿਖਤਿ ਮਹੀਰਹ[1] ਭੀੜ। — [1]ਬ੍ਰਿੱਛਾਂ ਦੀ।
ਸਰਲੀ[1] ਊਚੇ ਬਹੁ ਥਲ ਚੀੜ। — [1]ਸਿੱਧੀਆਂ (ਅ) ਪੀਤੱਦ੍ਰੂ ਯਾ ਪੂਤੀ ਕਾਸ਼ਟ ਨਾਮੀ ਬ੍ਰਿੱਛ (ਦੇਖੋ ਕਵੀ ਸੰਤੋਖ ਸਿੰਘ ਜੀ ਦਾ ਨਾਮ ਕੋਸ਼, ਭੂਮਿ ਵਰਗ, ਅੰਕ ੧੩੦ ਯਥਾ:-ਪਿਤੱਦ੍ਰੂ ਪੂਤੀ ਕਾਸ਼ਟ ਸੋਇ। ਸਰਲ ਬ੍ਰਿੱਖ ਕੇ ਆਖਯ ਹੋਇ)।
ਸਿਲਾ ਪਹਾਰਨਿ ਕੀ ਜਹਿਂ ਨਾਨਾ।
ਕਿਤ ਵਾਹੜ, ਗਨ ਖਰੇ ਪਖਾਨਾ[1] ॥੨੮॥ — [1]ਕਿਤੇ ਨਾਲੇ (ਚਲਦੇ ਹਨ ਤੇ ਕਿਨਾਰੇ) ਪੱਥਰ ਖੜੇ ਹਨ।
ਝਰਨੇ ਝਰਹਿਂ ਮਹਾਂ ਜਲ ਨਾਦਤਿ।
ਦੇਖਤਿ ਸਤਿਗੁਰੁ ਹੁਇਂ ਅਹਿਲਾਦਤਿ।
ਸਲਿਤਾ ਵਹੈ ਬੇਗ ਧਰਿ ਬ੍ਰਿੰਦਾ।
ਸੁੰਦਰ ਜਲ ਮਲਹੀਨ ਬਿਲੰਦਾ ॥੨੯॥
ਬਰਫ ਸੁਪੈਦ ਚਹੂੰ ਦਿਸ਼ਿ ਦਿਖਿਯਤਿ।
ਜਹਾਂ ਉਸ਼ਨ ਕੋ ਤ੍ਰਾਸ ਨ ਲਖਿਯਤਿ।
ਸੇਉ, ਬਟੰਕ[1], ਬੇਲ ਅੰਗੂਰ। — [1]ਛੋਟੀ ਨਾਖ਼, ਜੰਗਲੀ ਨਾਖ ਨੂੰ ਬੀ ਬਟੰਕ ਕਹਿੰਦੇ ਹਨ ਜਿਸ ਪਰ ਪੇਉਂਦਾ ਲਾਉਂਦੇ ਹਨ।
ਫਲ ਸੁੰਦਰ ਗਨ ਸ੍ਵਾਦਤਿ ਭੂਰ ॥੩੦॥
ਕਬਿ ਊਚੇ ਪਰਬਤ ਪਰ ਚਰ੍ਹੈਂ।
ਕਬਿ ਗਮਨਤਿ ਥਲ ਉਤਰਨਿ ਤਰੈ।
ਇਮ ਸੈਲਨਿ ਕੀ ਸੈਲ ਬਿਸਾਲੇ।
ਕਰਤਿ ਸੁ ਮੰਦ ਮੰਦ ਮਗ ਚਾਲੇ ॥੩੧॥
ਸਿੱਖ ਜੁ ਹੁਤੇ ਪਹਾਰਨਿ ਬਾਸੀ।
ਜਿਤ ਕਿਤ ਸੁਨਿ ਕਰਿ ਸੁਧਿ ਸੁਖਰਾਸੀ[1]। — [1]ਭਾਵ ਸ਼੍ਰੀ ਗੁਰੂ ਜੀ ਦੀ।
ਰੁਚਿਰ ਉਪਾਇਨ ਲੈ ਲੈ ਆਏ।
ਕਰਿ ਕਰਿ ਦਰਸ਼ਨ ਉਰ ਹਰਖਾਏ ॥੩੨॥
ਉਚਿਤ ਖਾਨ ਕੇ ਸ੍ਵਾਦਿ ਬਿਸਾਲੇ।
ਗੁਰ ਹਿਤ ਆਨਿ ਦੇਤਿ ਰਸ ਵਾਲੇ।
ਜਬਿ ਪਰਬਤ ਉਲੰਘੇ ਮਗ ਸਾਰਾ।

ਸਮ[1] ਸਥਾਨ ਪੁਨ ਚਾਰੁ ਨਿਹਾਰਾ ॥੩੩॥
ਇਕ ਕੱਟੂ ਸਿਖ ਤਹਾਂ ਬਸੈ ਹੈ।
ਸੱਤਜਨਾਮ ਰਸ ਰਿਦਾ ਰਸੇ ਹੈ।
ਆਗੈ ਮਿਲਯੋ ਸੁਧਾਸਰ ਆਇ।
ਤਬਿ ਸਤਿਗੁਰੁ ਕੀ ਸੇਵ ਕਮਾਇ ॥੩੪॥
ਅਤਿ ਸੁਹਿਰਦ ਪ੍ਰੇਮੀ ਗੁਰੁ ਕੇਰਾ।
ਅੰਤਰ ਪ੍ਰਭੁ ਨਿਰੰਤਰ ਹੇਰਾ।
ਕ੍ਰਿਪਾ ਕਟਾਛ ਗੁਰੂ ਜਬਿ ਕੀਨਾ।
ਹਤਿ ਅੱਗਜਾਨ, ਰੂਪ ਲਖਿ ਲੀਨਾ ॥੩੫॥
ਸੱਤਜਨਾਮ ਸਿਮਰਨਿ ਲਿਵਲਾਗੀ।
ਲਖਯੋ ਬ੍ਰਹਮ ਹੁਇ ਗੁਰੁ ਅਨੁਰਾਗੀ।
ਸੇਵਾ ਕਰਤਿ ਰਹਯੋ ਚਿਰ ਕਾਲ।
ਲਖਿ ਸੁ ਬ੍ਰਿਤਿ ਸਤਿਗੁਰੂ ਕ੍ਰਿਪਾਲ ॥੩੬॥
ਕੱਟੂਸ਼ਾਹ ਨਾਮ ਤਿਸ ਕਹਯੋ।
ਅਧਿਕ ਪ੍ਰੇਮ ਤਿਸ ਕੇ ਉਰ ਲਹਯੋ।
ਗ੍ਰਿਹ ਕੋ ਕਰਯੋ ਬਿਸਰਜਨਿ ਫੇਰਿ।
ਘਾਲੀ ਘਾਲਿ ਸਤਿਗੁਰੂ ਹੇਰਿ ॥੩੭॥
ਯਾਂ ਤੇ ਨਾਮ ਗਰੀਬ ਨਿਵਾਜਾ।
ਗੁਰੁ ਕੋ ਜਗ ਕਹਿਂ ਰੰਕ ਜੁ ਰਾਜਾ।
ਮਿਲਯੋ ਆਇ ਲੇ ਫਲ ਬਹੁ ਸ੍ਵਾਦੂ।
ਦਰਸ਼ਨ ਦੇਖਤਿ ਉਰ ਅਹਿਲਾਦੂ ॥੩੮॥
ਪਗ ਪੰਕਜ ਪਾਵਨ ਲਪਟਾਯੋ।
ਜਲ ਅਨੰਦ ਲੋਚਨ ਝਲਕਾਯੋ।
ਹੇਰਤਿ ਸ਼੍ਰੀ ਹਰਿ ਗੋਵਿੰਦ ਕਹੈਂ।
'ਕੱਟੂਸ਼ਾਹ ਆਉ, ਸੁਖ ਅਹੈ?' ॥੩੯॥
'ਸ਼੍ਰੀ ਗੁਰੁ ਜੀ ਤੁਵ ਦਰਸ਼ਨ ਹੇਰੇ।
ਸੁਖ ਅਨੰਦ ਉਰ ਸੌ ਗੁਨ ਮੇਰੇ।
ਬਿਖਮ ਪੰਥ ਕਸ਼ਮੀਰ ਘਨੋ ਹੈ।
ਗੁਰ ਸਿੱਖੀ ਬਿਸਤਾਰ ਸਨੋ ਹੈ ॥੪੦॥
ਜਾਨਿ ਆਪਨੇ ਦਾਸ ਘਨੇਰੇ।
ਕਰਨਿ ਕ੍ਰਿਤਾਰਥ ਤਿਨ ਇਹ ਬੇਰੇ।
ਕ੍ਰਿਪਾ ਧਾਰਿ ਕੀਨਿਸਿ ਆਗਮਨੂ।

[1]ਇਕੋ ਜੇਹਾ।

ਬਡੇ ਭਾਗ, ਪ੍ਰਾਪਤਿ ਭੇ ਭਵਨੁ' ॥੪੧॥
ਇੱਤਯਾਦਿਕ ਕਹਿ ਕਰਿ ਸ਼ੁਭ ਬਾਨੀ।
ਰਹਯੋ ਰੈਨ ਢਿਗ ਪ੍ਰੀਤਿ ਮਹਾਨੀ[1]।
ਅਪਰ ਅਨੇਕ ਸਿੱਖ ਚਲਿ ਆਏ।
ਬੰਦਹਿਂ ਪਦ ਅਰਬਿੰਦ ਸੁਹਾਏ ॥੪੨॥
ਜਥਾ ਜੋਗ ਸਗਲੇ ਸਨਮਾਨੇ।
ਬਸੇ ਰੈਨ ਪੁਨ ਪ੍ਰਾਤ ਪਯਾਨੇ।
ਕੱਟੂਸ਼ਾਹ ਬਿਸਰਜਨਿ ਕਰਯੋ।
ਮਹਾਂ ਪ੍ਰੇਮ ਪਦ ਪਰ ਸਿਰ ਧਰਯੋ ॥੪੩॥
ਸਤਿਗੁਰ ਹਰਿ ਗੁਵਿੰਦ ਕਰਿ ਕੂਚ।
ਪੁਰਿ ਬਿਸਾਲ† ਢਿਗ ਜਾਇ ਪਹੂਚਿ।
ਜਹਾਂ ਹੁਤੋ ਕਾਠੀ ਦਰਵਾਜਾ।
ਕਿਯੋ ਪ੍ਰਵੇਸ਼ ਗ਼ਰੀਬ ਨਿਵਾਜਾ* ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਤਿਗੁਰ ਕਸ਼ਮੀਰ ਪ੍ਰਵੇਸ਼ ਕਰਨ' ਬਰਨਨੰ ਨਾਮ ਅਸ਼ਟ ਚਤਵਾਰਿੰਸਤੀ ਅੰਸੂ ॥੪੮॥

[1]ਬੜੀ ਪ੍ਰੀਤ ਸਮੇਤ ਰਾਤ ਨੂੰ ਪਾਸ ਰਹਿਆ।

†ਪੁਰਬਿਸਾਲ ਤੋਂ ਮਤਲਬ ਸਿਰੀ ਨਗਰ ਦਾ ਹੈ। ਕਾਠੀ ਦਰਵਾਜ਼ਾ ਸ਼ਹਿਰ ਦਾ ਨਹੀਂ, ਪਰ ਹਰੀ ਪਰਬਤ ਉੱਤੇ ਬਣੇ ਕਿਲ੍ਹੇ ਦਾ ਦਰਵਾਜ਼ਾ ਹੈ, ਜਿਸ ਦੇ ਬਾਹਰ ਵਾਰ ਹੁਣ ਤਕ ਗੁਰਦੁਆਰਾ ਹੈ, ਜਿਸ ਨੂੰ 'ਦਰਬਾਰ ਗੁਰੂ ਹਰਿਗੋਬਿੰਦ' ਜੀ ਕਹਿੰਦੇ ਹਨ, ਚੌਂਕੀ ਬੀ ਪਈ ਹੈ। ਇਥੇ ਹੀ ਮਾਈ ਭਾਗਭਰੀ ਦਾ ਘਰ ਸੀ।

੪੯. [ਮਾਈ ਨਿਹਾਲ ਹੋਈ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਪੌਰ ਪ੍ਰਵੇਸ਼ੇ ਪ੍ਰਭੂ ਪੁਰਿ, ਜਿਸ ਥਲ ਦਾਸ ਅਵਾਸ।
ਤਹਾਂ ਪਹੁਚੇ ਜਾਇ ਕਰਿ, ਪੂਰਨ ਬਿਰਧਾ ਆਸ[1] ॥੧॥

[1]ਬ੍ਰਿੱਧਾ ਦੀ ਆਸ ਪੂਰਨ ਕਰਨ ਲਈ।

ਚੌਪਈ:

ਤਿਸ ਘਰ ਕੇ ਦਰ ਖਰੇ ਅਗਾਰੀ।
ਸੇਵਾਦਾਸ ਸਿੱਖਜ ਹਿਤਕਾਰੀ।
ਸੁਨਿ ਤੁਰੰਗ ਕੇ ਖੁਰ ਕੋ ਖਰਕਾ।
ਨਿਕਸਜੋ ਵਹਿਰਿ ਛੋਰਿ ਦਰ ਘਰ ਕਾ[1] ॥੨॥

[1]ਘਰ ਦਾ ਦਰਵਾਜ਼ਾ ਛੱਡ ਕੇ।

ਖਰੇ ਹੇਰਿ ਸ੍ਰੀ ਹਰਿਗੋਵਿੰਦ।
ਕਰ ਮਹਿਂ ਤੋਮਰ ਗਹਜੋ ਬਿਲੰਦ।
ਪਗ ਪੰਕਜ ਪਰਿ ਧਰਿ ਕਰਿ ਸਿਰ ਕੋ।
ਭਯੋ ਅਨੰਦ ਬਿਲੰਦੈ ਉਰ ਕੋ ॥੩॥
'ਚਿਰੰਕਾਲ ਕੀ ਲਗੀ ਉਡੀਕਾ।
ਦਰਸਜੋ ਆਜ ਭਾਵਤੋ ਜੀ ਕਾ।'
ਗਹਿ ਰਕਾਬ ਕਰਿ ਬਿਨੈ ਉਤਾਰੇ।
ਲੇ ਗਮਨਜੋ ਨਿਜ ਗ੍ਰੇਹ ਮਝਾਰੇ ॥੪॥
ਰੁਚਿਰ ਪ੍ਰਯੰਕ ਨਿਕਾਸਿ ਡਸਾਵਾ।
ਨਿਜ ਮਾਤਾ ਕੋ ਹਰਖਿ ਸੁਨਾਵਾ।
'ਹੇ ਬਡਭਾਗਨਿ! ਦਿਨ ਪ੍ਰਤਿ ਜਾਂਹੀ।
ਕਰਤਿ ਪ੍ਰਤੀਖਨ ਚਹਿ ਚਿਤ ਮਾਂਹੀ ॥੫॥
ਕ੍ਰਿਪਾ ਧਾਰਿ ਘਰ ਸੋ ਚਲਿ ਆਏ।
ਨਾਮ ਸਖਾ ਸਿੱਖਨਿ[1] ਬਿਦਤਾਏ।

[1]ਨਾਮ।

ਆਖਯ ਭਾਗ ਭਰੀ ਸ਼ੁਭ ਤੇਰਾ।
ਸਾਰਥਿ[1] ਭਾਗ ਭਰੀ ਅਬਿ ਹੇਰਾ' ॥੬॥

[1]ਸਫਲ।

ਸੁਨਤਿ ਉਠੀ ਬਿਹਬਲ ਯੁਤ ਪ੍ਰੇਮ।
ਬਲਹੀਨਾ ਗੁਰ ਹਿਤ ਕਿਯ ਨੇਮ।
ਇਕ ਤੌ ਬ੍ਰਿਧਾ ਬਿਤੀ ਬਯ ਘਨੀ।

ਖਾਨ ਪਾਨ ਸੰਜਮ ਕੇ ਸਨੀ ॥੭॥
ਚਿੰਤ ਨਿਰੰਤਰ ਅੰਤਰ ਉਰ ਕੇ।
ਨਿਸ ਦਿਨ ਦਰਸ਼ਨ ਚਹਿ ਸਤਿਗੁਰ ਕੇ।
ਯਾਂ ਤੇ ਪ੍ਰੇਮ ਬ੍ਰਿਹਾਤੁਰ ਹੋਈ।
ਸ਼ੀਘ੍ਰ ਨਹੀਂ ਉਠਿ ਸਕੀਯਾ ਸੋਈ ॥੮॥
ਸੁਤ ਕਰ ਪਕਰੇ ਅੰਙਣ ਆਈ[1]।
ਚਖਨਿ ਪਲਕ ਤੇ[1] ਇਕ ਟਕ ਲਾਈ।
ਗਦ ਗਦ ਭਈ ਨ ਬੋਲਜੋ ਜਾਈ।
ਬਾਨੀ ਰਹੀ ਕੰਠ ਉਰਝਾਈ[1] ॥੯॥
ਸਨੇ ਸਨੇ ਸਾਮੀਪੀ ਹੋਇ।
ਕਰ ਮਹਿਂ ਗਹਿ ਪਗ ਪੰਕਜ ਦੋਇ।
ਸਿਰ ਧਰਿ ਧਰਿ ਪਰਿ ਕਰਿ ਪਰਨਾਮਾ।
ਦੇਖਤਿ ਪੁਨ ਸਰੂਪ ਅਭਿਰਾਮਾ ॥੧੦॥
ਬਰਛਾ ਅਪਨੇ ਨਿਕਟ ਗਡਾਯੋ।
ਸ਼ੁਭ ਸਿਹਜਾ ਪਰ ਗੁਰੂ ਸੁਹਾਯੋ।
ਕਿਤਿਕ ਸਮੇਂ ਮਹਿਂ ਧਰਿ ਕਰਿ ਧੀਰਾ।
ਬੋਲੀ ਬਿਰਧਾ ਪ੍ਰੇਮ ਗਹੀਰਾ ॥੧੧॥
'-ਸਤਿਗੁਰ ਸੰਗ ਲਗਨ ਜਿਸ ਲਾਗੀ।
ਸਭਿ ਰਸ ਤਜਾਗਿ ਦਰਸ ਅਨੁਰਾਗੀ।
ਤਿਸ ਕੋ ਨਿਸ਼ਚੈ ਪ੍ਰਾਪਤਿ ਹੋਇ-।
ਇਹ ਗਾਥਾ ਜਗ ਕਹਿ ਸਭਿ ਕੋਇ ॥੧੨॥
ਸੋ ਪ੍ਰਤੱਖਜ ਹੋਈ ਅਬਿ ਮੇਰੇ।
ਸ਼੍ਰੀ ਸਤਿਗੁਰ ਤੁਮ ਦਰਸ਼ਨ ਹੇਰੇ।
ਹੌਂ ਵਾਰੀ ਹੌਂ ਸਦ ਬਲਿਹਾਰੀ।
ਹੌਂ ਸਦਕੇ ਘੋਲੀ ਸਦ ਵਾਰੀ' ॥੧੩॥
ਗੂੰਦੀ ਫੂਲਨਿ ਮਾਲ ਬਿਸਾਲਾ।
ਪਹਿਰਾਈ ਗੁਰ ਗਰ ਦੁਤਿ ਮਾਲਾ।
ਕਰੌਂ ਪੂਜਨਾ ਗ੍ਰੇਹ ਮਝਾਰਾ।
ਤੁਮ ਹਿਤ ਜਹਾਂ ਸਥਾਨ ਸੁਧਾਰਾ ॥੧੪॥
ਪਜਾਨ ਧਾਰਿ ਕਰਿ ਗਰ ਪਹਿਰਾਵੌਂ।
ਭਈ ਸਫਲ ਅਬਿ ਦਰਸ਼ਨ ਪਾਵੌਂ।'
ਸੁਨਿ ਬੋਲੇ ਸ਼੍ਰੀ ਹਰਿਗੋਵਿੰਦ।

[1]ਪੁੱਤ ਦਾ ਹੱਥ ਫੜਕੇ ਵੇਹੜੇ ਵਿਚ ਆਈ।
[1]ਨੇਤ੍ਰਾਂ ਦੀਆਂ ਪਲਕਾਂ ਨਾਲ।
[1]ਰੁਕ ਰਹੀ ਹੈ।

'ਕਰਜੋ ਪ੍ਰੇਮੀ ਤੇ ਬਸੀ ਬਿਲੰਦ ॥੧੫॥
ਮਮ ਹਿਤ ਬਸਤ੍ਰ ਸੁਧਾਰਜੋ ਨੀਕੋ।
ਨਿਸ ਦਿਨ ਕਰਿ ਅਨੁਰਾਗਤਿ ਜੀਕੋ।
ਸੋ ਮੈਂ ਪਹਿਰਨਿ ਹਿਤ ਚਲਿ ਆਯੋ।
ਅਪਰ ਨ ਅੰਬਰ ਮੋਹਿ ਸੁਹਾਯੋ ॥੧੬॥
ਸੋ ਮੋ ਕਹੁ ਅਬਿ ਦੇਹੁ ਸਿਵਾਇ।
ਪਹਿਰੌਂ ਤਨ ਮਹਿਂ ਮੋਦ ਉਪਾਇ।'
ਸੁਨਿ ਬਿਸਮਤਿ ਚਿਤ ਹ੍ਵੈ ਕਰਿ ਕਹਜੋ।
'ਨਹਿਂ ਤੁਮਰੇ ਇਹ ਅਚਰਜ ਲਹਜੋ ॥੧੭॥
ਕਰਤੇ ਰਹੇ ਸਦਾ ਇਸ ਭਾਂਤੀ।
ਨਹੀਂ ਬਿਚਾਰਹੁ ਜਾਤਿ ਕੁਜਾਤੀ।
ਇਸਤ੍ਰੀ ਪੁਰਖ ਨ ਧਨ ਗੁਨ ਕੋਈ[1]।

[1]ਜਾਤ ਕੁਜਾਤ ਇਸਤ੍ਰੀ ਪੁਰਸ਼ ਤੇ ਧਨ ਗੁਣ (ਆਦਿ ਦੀ) ਕੋਈ ਨਹੀਂ ਵਿਚਾਰ ਕਰਦੇ ਹੋ।

ਪ੍ਰੇਮ ਰਿਦੇ ਹੁਇ ਪਰਖਹੁ ਸੋਈ ॥੧੮॥
ਨਾਂਹਿ ਤ ਮੈਂ ਮਤਿਮੰਦ ਮਲੀਨੀ।
ਧਨ ਗੁਨ ਸਕਲ ਭਾਂਤਿ ਤੇ ਹੀਨੀ।
ਬਿਖਮ ਪੰਥ ਜਹਿਂ ਬ੍ਰਿੰਦ ਪਹਾਰਨਿ।
ਸਭਿ ਉਲੰਘਿ ਪਹੁੰਚੇ ਜਿਸ ਕਾਰਨ ॥੧੯॥
-ਸਿਖ ਪ੍ਰਿਯ- ਬਿਰਦ ਆਪ ਕੋ ਸਚ ਇਮ[1]।

[1]ਇਹ ਬਿਰਦ ਆਪ ਦਾ ਸੱਚਾ ਹੈ।

ਭਗਤ ਵਛਲ ਤੁਮ ਰੂਪ ਬਿਸ਼ਨੁ ਜਿਮ।
ਮੋਹਿ ਪਤਿਤ ਕੋ ਪਾਵਨ ਕੀਨਾ।
ਦੀਨਨਿ ਪਰ ਕਰੁਨਾ ਰਸ ਭੀਨਾ ॥੨੦॥
ਕਹਾਂ ਆਪ ਕੀ ਸਤੁਤਿ ਬਖਾਨੌਂ।
ਅਲਪ ਮਤੀ ਕੁਛ ਕਹਿ ਨਹਿਂ ਜਾਨੌਂ।
-ਅਧਮ ਉਧਾਰਨਿ- ਨਾਮ ਤੁਮਾਰਾ।
ਇਕ ਇਹ ਮੈਂ ਨੀਕੇ ਨਿਰਧਾਰਾ ॥੨੧॥
ਦੇਖਹੁਂ ਪ੍ਰੇਮ ਕਿ ਨਰ ਹੁਇ ਨਾਰੀ।
ਗਤਿ ਸੁਭਾਉ ਕੀ ਮਹਿਦ ਬਿਚਾਰੀ[1]।

[1]ਆਪ ਜੀ ਦੇ) ਸੁਭਾਉ ਦੀ ਦਸ਼ਾ ਬੜੀ (ਉੱਚੀ) ਵਿਚਾਰੀ ਹੈ।

ਨੌ ਨਿਧਿ ਸਿੱਧਨਿ ਸਭਿ ਕੋ ਸ੍ਵਾਮੀ।
ਪੋਖਨਿ ਕਰਹੁ ਸ੍ਰਬੰਤਰਜਾਮੀ ॥੨੨॥

ਕਜ਼ਾ ਇਕ ਬਸਤ੍ਰ, ਨਹੀਂ ਸੋ ਨੀਕਾ।
ਤਿਸ ਹਿਤ ਸ਼੍ਰੀ ਸੋਢੀ ਕੁਲ ਟੀਕਾ।
ਪੰਥ ਬਿਖਮ ਕੋ ਲਾਂਘਤਿ[1] ਆਏ।
ਮੁਝ ਜੀਵਤਿ ਕੋ ਦਰਸ ਦਿਖਾਏ' ॥੨੩॥

[1]ਲੰਘਕੇ।

ਇਮ ਕਹਿ ਹੋਤਿ ਵਾਰਨੇ ਹਿਤ ਸੋਂ।
ਕਰੀ ਪ੍ਰਕਰਮਾ ਹਰਖਤਿ ਚਿਤ ਸੋਂ।
ਤ੍ਰਿਪਤਿ ਨ ਹੋਤਿ ਬਿਲੋਕਤਿ ਲੋਚਨਿ।
ਨਿਤ ਚਿਤਵਤਿ ਸੋਚਨਿ ਕਰਿ ਮੋਚਨਿ[1] ॥੨੪॥

[1]ਸੋਚਾਂ ਦੇ ਦੂਰ ਕਰਨ ਵਾਲੇ ਨੂੰ ਨਿਤ ਚਿਤਵਨਾਂ ਕਰਦੀ ਸੀ। (ਅ) ਸੋਚਾਂ ਨੂੰ ਦੂਰ ਕਰਕੇ ਚਿਤਵਦੀ ਸੀ।

ਅੰਤਰ ਜਾਇ ਬਸਤ੍ਰ ਕੋ ਲਜਾਈ।
ਜਿਸ ਪਰ ਅਧਿਕ ਸੁਗੰਧਿ ਸਿੰਚਾਈ।
ਕਰਤਿ ਸ਼ੀਘ੍ਰਤਾ ਧਰਜੋ ਅਗਾਰੀ।
ਹਾਥ ਜੋਰਿ ਪੁਨ ਬੰਦਨ ਧਾਰੀ ॥੨੫॥
ਤਤਛਿਨ ਦਰਜੀ ਨਿਕਟ ਹਕਾਰਾ।
ਦੀਰਘ ਗੁਰੂ ਸਰੀਰ ਦਿਖਾਰਾ।
'ਸੀਮਨਿ ਕਰਹੁ[1] ਸਰਬ ਅਭਿਰਾਮਾ।
ਜਨਮ ਸਫਲ ਹੁਇ, ਪਹਿਰਹਿਂ ਜਾਮਾ' ॥੨੬॥

[1]ਸੀਵੇਂ।

ਇਮ ਕਹਿ ਤਤਛਿਨ ਸਿਯਨਿ ਲਗਾਯੋ।
ਨਿਕਟ ਬੈਠਿ ਸੋ ਤਯਾਰਿ ਕਰਾਯੋ।
ਪੁਨ ਬਿਰਧਾ ਨਿਰਮਲ ਜਲ ਲੀਨੇ।
ਪਦ ਅਰਬਿੰਦ ਪਖਾਰਨਿ ਕੀਨੇ ॥੨੭॥
ਸੋ ਲੇ ਜਬਿ ਅਪਨੇ ਮੁਖ ਡਾਰਾ।
ਦਿੱਬਜ ਦ੍ਰਿਸ਼ਟਿ ਹੋਈ ਲਖਿ ਸਾਰਾ[1]।
ਰੂਪ ਵਾਸਤਵ ਆਤਮ ਜਾਨਾ।
ਉਰ ਅਨੰਦ ਅੰਤਰ ਲਗਿ ਧਜਾਨਾ ॥੨੮॥

[1]ਸਾਰ =) ਤੱਤ ਰੂਪ ਨੂੰ ਜਾਣਕੇ ਦਿਬਯ ਦ੍ਰਿਸ਼ਟੀ ਹੋਈ।

ਬਰਖ ਸੈਂਕਰੇ ਸਾਧਹਿਂ ਜੋਗ।
ਭਈ ਜੋਗ ਅਸ ਪਹੁੰਚਨਿ ਲੋਗ[1]।
ਸਭਿ ਘਰ ਮਹਿਂ ਉਠਿ ਕਰਿ ਛਿਰਕਾਯੋ।
ਪੁਨਹ ਪੁੱਤ੍ਰ ਕੋ ਪਾਨ ਕਰਾਯੋ ॥੨੯॥

[1]ਐਸੇ ਲੋਕ ਵਿਚ ਪਹੁੰਚਣ ਦੇ ਲਾਇਕ ਹੋ ਗਈ।

ਡੇਰਾ ਸਭਿਹਿਨਿ ਕੋ ਕਰਿਵਾਇ।
ਖਾਨ ਪਾਨ ਹਿਤ ਸਕਲ ਪੁਚਾਇ।

ਸ਼੍ਰੀ ਸਤਿਗੁਰ ਕੀ ਸੇਵਾ ਸਾਰੀ।
ਅਪਨੇ ਹਾਥ ਕਰੀ ਹਿਤਕਾਰੀ ॥੩੦॥
ਨਿਸਾ ਬਿਖੈ ਸ਼ੁਭ ਸੇਜ ਬਿਲੰਦ।
ਪੌਢੇ ਸਤਿਗੁਰੁ ਹਰਿਗੋਵਿੰਦ।
ਦੇਸ਼ ਸਰਬ ਕਸ਼ਮੀਰ ਮਝਾਰੀ।
ਗੁਰ ਆਗਵਨੁ ਸੁਧਿ ਬਿਸਤਾਰੀ ॥੩੧॥
ਕਰਨ ਪੁਟਨਿ ਜਨੁ ਸੁਧਾ ਪਿਵਾਈ।
ਸੁਨਿ ਸੁਨਿ ਸਿਖ ਮਨ ਮੋਦ ਉਪਾਈ।
ਜਹਿਂ ਕਹਿਂ ਤੇ ਇਕੱਤ੍ਰ ਹੁਇ ਆਏ।
ਭਈ ਪ੍ਰਾਤ ਪਹੁੰਚੇ ਸਮੁਦਾਏ ॥੩੨॥
ਮਧੁਰ ਮਹਾਂ ਫਲ ਮੂਲ ਬਿਲੰਦ।
ਗੁਰੁ ਹਿਤ ਲਜਾਵਤਿ ਕਰਤਿ ਅਨੰਦ।
-ਹੁਇ ਪ੍ਰਸੰਨ ਹਮ ਤੇ ਫਲ ਖਾਵੈਂ।
ਜਨਮ ਸਫਲਤਾ ਤਤਛਿਨ ਪਾਵੈਂ[1]- ॥੩੩॥

[1]ਅਸੀਂ) ਪਾਈਏ।

ਘਨੇ ਸੇਉ ਲੇ ਕਰਿ ਰੰਗ ਲਾਲ।
ਗੁੱਛ ਅੰਗੂਰਨਿ ਕੇਰ ਬਿਸਾਲ।
ਜ਼ਰਾਦਾਲੂ ਅਰੁ ਲਜਾਇ ਬਟੰਤ[1]।

[1]ਛੋਟੀ ਜਿਹੀ ਨਾਖ ਯਾ ਨਾਸ਼ਪਾਤੀ। ਜੰਗਲੀ ਨੂੰ 'ਬਟੰਕ' ਕਹਿੰਦੇ ਹਨ। ਇਸ ਪਰ ਪੇਉਂਦਾ ਚਾੜ੍ਹਦੇ ਹਨ। ਸੋ ਬਟੰਤ ਤੋਂ ਮੁਰਾਦ ਪੇਉਂਦੀ ਦੀ ਹੈ। ਅਸਲੀ ਨਿੱਕਾ ਬੱਗੂ ਗੋਸ਼ਾ।

ਇੱਤਜਾਦਿਕ ਬਹੁ ਬਿਧਿ ਅਰਪੰਤਿ ॥੩੪॥
ਸਿੱਖਜਨਿ ਕਰਨਿ ਭਾਵਨਾ ਪੂਰਨ।
ਸਤਿਗੁਰ ਅਚਹਿਂ ਹੇਰਿ ਫਲ ਰੂਰਨਿ।
ਅਪਰ ਅੰਨ ਸਿਧ ਹੇਤੁ ਰਸੋਈ।
ਚਹੁੰਦਿਸ਼ਿ ਤੇ ਆਨਤਿ ਸਭਿ ਕੋਈ ॥੩੫॥
ਜਯੋਂ ਜਯੋਂ ਦੂਰਿ ਹੋਤਿ ਸੁਧਿ ਗ੍ਰਾਮਨਿ।
ਤਯੋਂ ਤਯੋਂ ਸਿਖ ਆਵਤਿ ਤਜਿ ਧਾਮਨਿ।
ਬਡੇ ਭਾਗ ਅਪਨੇ ਪਹਿਚਾਨਹਿਂ।
ਬਡੋ ਲਾਭ ਬਿਨ ਜਤਨ ਪਛਾਨਹਿਂ ॥੩੬॥
ਜਥਾ ਜਨਮ ਦਾਰਿੱਦ੍ਰੀ ਕੋਇ।
ਉੱਦਮ ਹੀਨ ਆਲਸੀ ਹੋਇ।

ਤਿਸ ਕੇ ਸਦਨ ਅਚਾਨਕ ਆਵੈ।
ਨਵ ਨਿੱਧਿਨਿ ਕੋ ਬੈਠਜੋ ਪਾਵੈ ॥੩੭॥
ਤਥਾ ਪਰਸਪਰ ਭਾਖਤਿ ਮਿਲਿ ਕੈ।
'ਜਨਮ ਲਾਭ ਲਿਹੁ ਦਰਸਹੁ ਚਲਿ ਕੈ।'
ਇਮ ਜਹਿਂ ਕਹਿਂ ਤੇ ਸਿਖ ਚਲਿ ਆਏ।
ਅਨਿਕ ਉਪਾਇਨਿ ਉੱਤਮ ਲਜਾਏ ॥੩੮॥
ਸੁੰਦਰ ਬਸਤ੍ਰ ਅਨੇਕ ਬਿਧਿਨਿ ਕੇ।
ਅਰਪਹਿਂ ਗੁਰ ਆਗੈ ਜੁਤਿ ਧਨ ਕੇ।
ਹੋਤਿ ਦੇਗ ਸਤਿਗੁਰੁ ਕੀ ਭਾਰੀ।
ਕਰਹਿਂ ਅਹਾਰ ਸੰਗਤਾਂ ਸਾਰੀ ॥੩੯॥
ਬਿਰਧਾ ਨੇ ਸੋ ਜਾਮਾ ਲੀਨਿ।
ਨਿਜ ਕਰ ਤੇ ਪਹਿਰਾਵਨਿ ਕੀਨਿ।
ਹੇਰਿ ਹੇਰਿ ਸਤਿਗੁਰੁ ਕੀ ਦੁਤਿ ਕੋ।
ਸੁਤ ਜੁਤਿ ਕਰਤਿ ਅਨੰਦਤਿ ਚਿਤ ਕੋ ॥੪੦॥
-ਹਮ ਰੰਕਨਿ ਕੇ ਘਰ ਗੁਰੁ ਆਏ।
ਸੇਵਤਿ ਸੁਰ ਨਰ ਜਿਹ ਸਮੁਦਾਏ-।
ਸਭਿ ਸੰਗਤਿ ਮਹਿਂ ਪਸਰੀ ਬਾਤਿ।
-ਬਿਰਧਾ ਬਸਤ੍ਰ ਕਰਜੋ ਜੋ ਕਾਤ[1] ॥੪੧॥
ਤਿਸ ਪਹਿਰਨਿ ਕੋ ਗੁਰ ਚਲਿ ਆਏ-।
ਸੋ ਜਾਮਾ ਅਬਿ ਗਰ[†] ਪਹਿਰਾਏ।
ਹੇਰਿ ਹੇਰਿ ਕਰਿ ਆਪਸ ਮਾਂਹੀ।
ਭਾਗ ਬ੍ਰਿਧਾ ਕੇ ਅਧਿਕ ਸਰਾਹੀਂ ॥੪੨॥
'ਰਹੈਂ ਪ੍ਰੇਮ ਬਸਿ ਸ੍ਰੀ ਪਤਿ ਜੈਸੇ।
ਗੁਰੂ ਸਰੂਪ ਤਿਨ ਕੋ ਬਿਧਿ ਤੈਸੇ।
ਧੰਨ ਗੁਰੂ, ਗੁਰ ਸਿੱਖਜ ਸੁ ਧੰਨ।
ਜਿਨ ਕੈ ਪ੍ਰੇਮ ਗੁਰੂ ਉਤਪੰਨ' ॥੪੩॥
ਇਮ ਕੀਰਤਿ ਪਸਰੀ ਤਿਸ ਦੇਸ਼।
ਕਰਿ ਦਰਸ਼ਨ ਭੇ ਸਿੱਖ ਵਿਸ਼ੇਸ਼।
ਪਗ ਪਾਹੁਲ ਲੇ ਆਨੰਦ ਹੋਵੈਂ।
ਜਨਮ ਮਰਨ ਕੋ ਸੰਕਟ ਖੋਵੈਂ ॥੪੪॥

[1]ਕੱਤ ਕੇ।
[†]ਪਾ:-ਗੁਰੁ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਸ਼ਮੀਰ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤਿ ਅੰਸੂ ॥੪੯॥

੫੦. [ਕੱਟੂ ਸ਼ਾਹ। ਸੇਵਾਦਾਸ ਨੂੰ ਬਖਸ਼ਿਸ਼]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ, ਬਾਸੇ ਦਜੋਸ
ਕਿਤੇਕ।
ਦਰਸਹਿਂ ਸਿੱਖਜ ਨਿਹਾਲ ਹੁਇ, ਕੇਤਿਕ
ਲਹਜੋ ਬਿਬੇਕ ॥੧॥

ਚੌਪਈ:

ਕਿਸ ਕੋ ਪ੍ਰਾਪਤਿ ਸਤਿ ਸੰਤੋਸ਼।
ਕੋ ਬ੍ਰਹਮ ਗਜਾਨੀ ਭਏ ਅਦੇਸ਼।
ਸੱਤਿਨਾਮ ਸਿਮਰਨਿ ਕਿਸ ਪਾਵਾ।
ਨਿਸ ਦਿਨ ਉਰ ਅੰਤਰਿ ਲਿਵਲਾਵਾ ॥੨॥
ਉਚਿਤ ਮੁਕਤਿ ਕੇ ਕੇਤਿਕ ਭਏ।
ਗੁਰ ਸੰਗਤਿ ਤੇ ਦੋਸ਼ਨਿ ਹੋਏ।
ਇਕ ਦਿਸ਼ਿ ਤੇ ਸਿਖ ਆਵਤਿ ਬ੍ਰਿੰਦ।
ਬਾਸਨ ਮਧੁ ਕੋ[1] ਭਰਜੋ ਬਿਲੰਦ ॥੩॥
ਮਗ ਮਹਿਂ ਘਰ ਰਹਿ ਕੱਟੂਸ਼ਾਹੁ।
ਬ੍ਰਹਮ ਗਜਾਨ ਜਿਸ ਕੇ ਉਰ ਮਾਂਹੁ।
ਤਿਸ ਕੇ ਸਦਨ ਰਹੇ ਸਿੱਖ ਸੋਈ।
ਨਿਸਾ ਬਿਤਾਇ ਚਲਹਿਂ ਮਗ ਜੋਈ ॥੪॥
ਕੱਟੂ ਸ਼ਾਹੁ ਸੇਵ ਸਭਿ ਕਰੀ।
ਗੁਰ ਸੰਗਤਿ ਲਖਿ ਸ਼ਰਧਾ ਧਰੀ।
ਖਾਨ ਪਾਨ ਆਛੇ ਕਰਿਵਾਇ।
ਸੁਪਤਨਿ ਕੋ ਦੀਨੀ ਸ਼ੁਭ ਥਾਇ ॥੫॥
ਭਈ ਪ੍ਰਾਤ ਉਠਿ ਸੰਗਤਿ ਸਾਰੀ।
ਕ੍ਰਿਯਾ ਸ਼ਨਾਨ ਆਦਿ ਸਭਿ ਧਾਰੀ।
ਜਬਿ ਹੋਏ ਚਲਿਬੇ ਕਹੁ ਤਜਾਰੀ।
ਬਾਨੀ ਕੱਟੂਸ਼ਾਹ ਉਚਾਰੀ ॥੬॥
'ਇਸ ਬਾਸਨ ਮਹਿਂ ਕਜਾ ਲੇ ਆਏ?
ਭੋ ਗੁਰੁ ਸਿੱਖਹੁ! ਦੇਹੁ ਦਿਖਾਏ।'
ਸੁਨਿ ਕਰਿ ਕਹਜੋ 'ਮਧੂ ਸ਼ੁਭ ਜਾਤਿ[1]।
ਸ਼੍ਰੀ ਸਤਿਗੁਰੁ ਹਿਤ ਲੇ ਕਰਿ ਜਾਤਿ ॥੭॥

[1]ਬਰਤਨ ਸ਼ਹਿਦ ਦਾ।

[1]ਸ਼ਹਦ ਚੰਗੀ ਕਿਸਮ ਦੀ।

ਅਧਿਕ ਫਿਰੇ ਇਹ ਕੀਨਿ ਬਟੋਰਾ।
ਗੁਰ ਰਸਨਾ ਕੀ ਲਾਯਕ ਟੋਰਾ।
ਇਹ ਡਾਲੀ ਜੁਤ ਫਲ ਸਮੁਦਾਏ[1]।
ਸਤਿਗੁਰ ਕੋ ਅਰਪਹਿਂ ਅਬਿ ਜਾਏ' ॥੮॥
ਕੱਟੂ ਸ਼ਾਹੁ ਸੁਨਜੋ ਸ਼ੁਭ ਏਹ।
ਜਾਚਜੋ ਮਧੁ 'ਮੁਝ ਕੋ ਕਛੁ ਦੇਹੁ।
ਆਨਜੋ ਟੋਰਿ ਹੋਇ ਹੈ ਆਛੋ।
ਹੇਰਨਿ ਹੇਤ ਸ੍ਵਾਦ ਮੈਂ ਬਾਂਛੋ' ॥੯॥
ਸੁਨਿ ਕਰਿ ਸਿੱਖਜਨਿ ਉੱਤਰ ਦਿਯੋ।
'ਗੁਰ ਕੋ ਨਹੀਂ ਅਰਪਬੋ ਕਿਯੋ।
ਬਹੁ ਸ਼੍ਰਮ ਕਰਿ ਕੈ ਮਧੁ ਬਟੋਰਾ।
ਸਤਿਗੁਰ ਅਚਹਿਂ, ਨੇਮ ਚਿਤ ਜੋਰਾ ॥੧੦॥
ਸਤਿਗੁਰ ਬਿਨਾਂ ਦਿਯੋ ਨਹਿਂ ਜਾਈ।
ਪੂਰਬ ਆਪ ਲੇਹਿਂ ਮੁਖ ਪਾਈ।
ਪਾਛੇ ਸਿਖ ਸੰਗਤਿ ਕੋ ਦੇਹਿਂ।
ਖੈਬੇ ਉਚਿਤ ਤਬਹਿ ਲਖਿ ਲੇਹਿਂ' ॥੧੧॥
ਮੌਨ ਕਰੀ ਪੁਨ ਕੱਟੂਸ਼ਾਹੂ।
ਨਹਿਂ ਪ੍ਰਾਪਤਿ ਭੀ ਚਿਤ ਕੀ ਚਾਹੂ।
ਹਰਖ ਸ਼ੋਕ ਕੋ ਲੇਸ਼ ਨ ਉਰ ਮੈਂ।
ਰੈਨ ਦਿਵਸ ਮਨ ਲਾਗਜੋ ਗੁਰ ਮੈਂ ॥੧੨॥
ਇਮ ਕਹਿ ਸੰਗਤਿ ਮਾਰਗ ਪਰੀ।
ਗੁਰ ਦਰਸ਼ਨ ਕੀ ਮਨਸ਼ਾ ਧਰੀ।
ਸਨੈ ਸਨੈ ਚਲਿ ਕੈ ਪੁਰਿ ਆਏ।
ਸਿਵਰ ਬੂਝਿ ਕਰਿ ਤਹਾਂ ਸਿਧਾਏ ॥੧੩॥
ਜਹਾਂ ਬਿਰਾਜੇ ਸਤਿਗੁਰੁ ਪੂਰੇ।
ਸੰਗਤਿ ਪਹੁੰਚੀ ਜਾਇ ਹਦੂਰੇ।
ਸਭਿ ਮੇਵਨਿ ਕੀ ਡਾਲੀ[1] ਧਰੀ।
ਹਾਥ ਜੋਰਿ ਤਬਿ ਬੰਦਨ ਕਰੀ ॥੧੪॥
ਰਿਦੇ ਪ੍ਰਮੋਦ ਧਾਰਿ ਕਰਿ ਦਰਸੇ।

[1]ਸਾਰੇ ਫਲਾਂ ਦੀ ਇਹ ਡਾਲੀ (ਭੇਟਾ) ਹੈ। [ਪੰ: ਡਾਲੀ = ਟੋਕਰੀ, ਪਿੱਠੂ, ਫੁੱਲਾਂ ਦੀ ਟੋਕਰੀ। ਭੇਟਾ ਦੇਣ ਲਈ। ਭੇਟਾ।

[1]ਭੇਟਾ।

ਸ਼ਰਧਾ ਤੇ ਸਤਿਗੁਰ ਪਗ ਪਰਸੇ।
ਖੁਸ਼ੀ ਕਰੀ ਸਭਿਹਿਨਿ ਪਰ ਤਬੈ।
ਹੇਤਿ ਨਿਹਾਲ ਬਿਲੋਕਤਿ ਜਬੈ ॥੧੫॥
ਗੁਰ ਕਹਿ ਬਾਸਨ ਮੁਖ ਖੁਲਵਾਇਵ।
ਦੇਖਤਿ ਸਭਿ ਕੇ ਮਨ ਬਿਸਮਾਇਵ।
'ਇਹ ਹਮ ਖੋਜਿ ਖੋਜਿ ਕਰਿ ਸਾਰੇ।
ਮਧੁ[1] ਆਨਜੋ ਪ੍ਰਭੁ ਹੇਤੁ ਤੁਮਾਰੇ ॥੧੬॥ [1]ਸ਼ਹਦ।
ਪਿਖਜੋ ਪ੍ਰਾਤ ਇਹ ਨੀਕੋ ਤਬੈ।
ਅਬਿ ਕ੍ਰਿਮ ਗਨ ਸੋਂ ਪੂਰਨ ਸਬੈ।
ਕਜਾ ਹੋਯੋ ਗਤਿ ਲਖੀ ਨ ਜਾਇ।
ਸ਼ੁਧ ਮਧੁ ਮਧਿ[1] ਕ੍ਰਿਮ ਭੇ ਸਮੁਦਾਇ' ॥੧੭॥ [1]ਸ਼ੁਧ ਸ਼ਹਦ ਵਿਚ।
ਮੁਸਕਾਨੇ ਗੁਰ ਬਾਕ ਬਖਾਨਾ।
'ਕੱਟੂ ਮਹਿਂ ਹਮ ਜਾਚਨਿ ਠਾਨਾ[1]। [1]ਕੱਟੂਸ਼ਾਹ (ਦੇ ਰਿਦੇ) ਵਿਚ ਹੋਕੇ ਅਸਾਂ ਮੰਗਿਆ ਸੀ।
ਤਹਿਂ ਤੁਮ ਨੇ ਇਹ ਦੀਨਿਸਿ ਨਾਂਹਿ।
ਯਾਂ ਤੇ ਭਏ ਕਿਰਮ ਮਧੁ ਮਾਂਹਿ ॥੧੮॥
ਜੋ ਮਮ ਸਿੱਖਜਨਿ ਕੇ ਮੁਖ ਪਰੇ।
ਸੋ ਮੁਝ ਕੇ ਪਹੁੰਚਹਿ ਹਿਤ ਧਰੇ।
ਸਿਖ ਜਾਚੇ ਜੋ ਦੇਯ ਨ ਤਾਂਹੀ।
ਬਿਘਨ ਪਰਤਿ ਨਿਸ਼ਚੈ ਤਿਸ ਮਾਂਹੀ ॥੧੯॥
ਕੱਟੂ ਸ਼ਾਹ ਨਿਕਟ ਅਬਿ ਜਾਵਉ।
ਧਰਿ ਸ਼ਰਧਾ ਮਧੁ ਤਿਸੈ ਅਚਾਵਉ।
ਸੁ ਪ੍ਰਸੰਨ ਜਬਿ ਕਰਿਹੋ ਤਾਂਹਿ।
ਇਹ ਸਗਰੋ ਤੈਸੇ ਬਨਿ ਜਾਹਿ' ॥੨੦॥
ਸੁਨਿ ਸਤਿਗੁਰ ਤੇ ਉਰ ਪਛੁਤਾਏ।
-ਕੱਟੂ ਸ਼ਾਹੁ ਸਿੱਖ ਅਧਿਕਾਏ।
ਨਿਜ ਦਾਸਨਿ ਮਹਿਂ ਬਾਸ ਕਰੰਤਾ[1]। [1]ਕਰਦਾ ਹੈ (ਸਤਿਗੁਰ)।
ਸਰਬ ਸਥਲ ਮਹਿਂ ਗੁਰ ਭਗਵੰਤਾ- ॥੨੧॥
ਮਾਨਿ ਬਚਨ ਕੋ ਬਹੁਰ ਪਧਾਰੇ।
ਲੇ ਮਧੁ ਬਾਸਨ ਬਿਲਮ ਨਿਵਾਰੇ।

ਸੰਧਯਾ ਸਮੈਂ ਪਹੂਚੇ ਜਾਇ।
ਕੱਟੂਸ਼ਾਹ ਹੇਰਿ ਮੁਸ਼ਕਾਇ ॥੨੨॥
-ਸਿੱਖਜਨਿ ਕੋ ਗੁਰ ਮਾਨ ਰਖੰਤਾ।
ਨਿਜ ਤੇ ਅਧਿਕਾਵਤਿ ਭਗਵੰਤਾ-।
ਤਿਨਹੁਂ ਜਾਇ ਧਰਿ ਮਧੂ ਅਗਾਰੀ।
'ਛਿਮਹੁ ਅਵੱਗਯਾ' ਬਿਨੈ ਉਚਾਰੀ ॥੨੩॥
ਬਾਸਨ ਤੇ ਨਿਕਾਸਿ ਮਧੁ ਲੀਨਾ।
ਕੱਟੂ ਸ਼ਾਹੁ ਖਾਨਿ ਤਬਿ ਕੀਨਾ।
ਬਹੁਰ ਅਛਾਦਨਿ ਮੁਖ[1] ਕਰਿ ਦਯੋ।
ਅਧਿਕ ਸੁਗੰਧਤਿ ਮਧੁ ਹੁਇ ਗਯੋ ॥੨੪॥
ਕਰਿ ਬੰਦਨ ਸਿਖ ਮਹਿਮਾ ਜਾਨੀ।
ਗੁਰ ਸਿੱਖੀ ਹੈ ਧੰਨ ਮਹਾਨੀ।
ਪੁਨਿ ਪੁਰਿ ਕੋ ਚਲਿ ਕਰਿ ਸੋ ਲ੍ਯਾਏ।
ਮਧੁ ਬਾਸਨ ਗੁਰੁ ਢਿਗ ਅਰਪਾਏ ॥੨੫॥
ਆਛੋ ਮਧੂ ਦੇਖਿ ਗੁਰ ਕਹ੍ਯੋ।
'ਗੁਰਮੁਖ ਸਿਖ ਮਮ ਭੇਦ ਨ ਲਹ੍ਯੋ।
ਏਕ ਰੂਪ ਕਰਿ ਜਾਨਹੁ ਦੋਈ।
ਗੁਰ ਅਰੁ ਸਿੱਖਜ ਨ ਅੰਤਰ[1] ਕੋਈ†' ॥੨੬॥
ਇਮ ਕਹਿ ਮਧੁ ਬਾਸਨ ਧਰਿਵਾਇਸਿ।
ਸਿੱਖੀ ਮਹਿਮਾ ਅਧਿਕ ਬਧਾਇਸਿ।
ਇਸੀ ਪ੍ਰਕਾਰ ਬਸੇ ਕਸ਼ਮੀਰ।
ਨਿਤ ਆਵਤਿ ਸੰਗਤਿ ਕੀ ਭੀਰ ॥੨੭॥
ਕਿਤਿਕ ਦਯੋਸ ਬੀਤੇ ਤਿਸ ਦੇਸ਼।
ਨਿਤ ਨੌਤਨ ਗੁਰੁ ਚਰਿਤ ਵਿਸ਼ੇਸ਼।
ਅੰਤ ਸਮਾਂ ਬਿਰਧਾ ਕੋ ਆਵਾ।
ਤਨੁ ਤਯਾਗਯੋ ਉਰ ਹਰਖ ਉਪਾਵਾ ॥੨੮॥
ਗੁਰ ਕੋ ਨਿਕਟ ਕੁਸ਼ਾਸਨ ਕਰ੍ਯੋ।
ਨਖ ਸ਼ਿਖ[1] ਰੁਚਿਰ ਸਰੂਪ ਨਿਹਰ੍ਯੋ।

[1]ਭਾਂਡੇ ਦਾ) ਮੂੰਹ।

[1]ਫਰਕ। †ਗੁਰਮੁਖ ਸਿੱਖ ਦਾ ਤੇ ਮੇਰਾ ਫਰਕ ਨਹੀਂ' ਕੱਟੂ ਸ਼ਾਹ ਦਾ ਪਿੱਛੇ ਪ੍ਰਸੰਗ ਆ ਚੁੱਕਾ ਹੈ, ਕਿ ਉਹ ਪੂਰਨ ਪਦ ਦਾ ਸਦਾ ਲਿਵਲੀਨ ਸਿੱਖ ਸੀ। ਇਹ ਭੁਲੇਖਾ ਨਹੀਂ ਖਾਣਾ ਚਾਹੀਦਾ ਕਿ ਸਾਕਤ ਲੋਕ ਵੀ ਕਦੇ ਗੁਰੂ ਰੂਪ ਕਹੇ ਜਾ ਸਕਦੇ ਹਨ।

[1]ਨਹੁੰ ਤੋਂ ਕੇਸਾਂ ਤਕ = ਸਾਰਾ।

ਦੇਖਤਿ ਦੇਖਤਿ ਸਤਿਗੁਰ ਦੇਹਿ।
ਨਿਕਰੇ ਪ੍ਰਾਨ ਨ੍ਰਿਬਾਹ ਸਨੇਹ[1] ॥੨੯॥

[1]ਅਪਣਾ ਪ੍ਰੇਮ ਨਿਰਬਾਹ ਕੇ ਪ੍ਰਾਣ ਨਿਕਲ ਗਏ (ਅ) ਸਤਿਗੁਰਾਂ ਨਾਲ ਪ੍ਰੇਮ ਨਿਭ ਗਿਆ ਤੇ ਪ੍ਰਾਣ ਨਿਕਲੇ।

ਧੰਨ ਜਨਮ ਬਿਰਧਾ ਕੋ ਕਹੈਂ।
ਜਿਸ ਕੀ ਸਮਤਾ ਜੋਗੀ ਲਹੈਂ।
ਸਤਿਗੁਰੁ ਕੀ ਆਇਸੁ ਕੋ ਪਾਇ।
ਸਸਕਾਰਨਿ ਕੋ ਕੀਨਿ ਉਪਾਇ ॥੩੦॥
ਸੇਵਾਦਾਸ ਆਦਿ ਸਿਖ ਸਾਰੇ।
ਕਰਤਿ ਭਜਨ ਸਭਿ ਕਾਰ ਸੁਧਾਰੇ।
ਜਥਾ ਸ਼ਕਤਿ ਤੇ ਕੀਨਿ ਬਿਮਾਨਾ।
ਕੰਧ ਉਠਾਏ ਕਰਜੋ ਪਯਾਨਾ ॥੩੧॥
ਧਰੀ ਚਿਖਾ ਪਰ ਪਾਵਕ ਬਾਰੀ।
ਤਤਛਿਨ ਦੇਹ ਭਸਮ ਕਰਿ ਡਾਰੀ।
ਜਬਿ ਤਨੁ ਜਰਜੋ ਭਯੋ ਨਭ ਲਾਲ।
ਪਿਖਿ ਸਭਿ ਅਚਰਜ ਕਰਜੋ ਬਿਸਾਲ ॥੩੨॥
ਮਣਿਨਿ ਖਚਜੋ ਇਕ ਆਇ ਬਿਮਾਨ।
ਸੁਰ ਸਰੂਪ ਹੁਇ ਚਢਿ ਸੁਜਾਨ।
ਦਿੱਬਯ ਸਰੂਪ ਬਿਭੂਖਨ ਬਸਨ।
ਮੰਦ ਮੰਦ ਸੁੰਦਰ ਮੁਖ ਹਸਨਿ ॥੩੩॥
ਸਗਰੇ ਲੋਕ ਉਲੰਘਤਿ ਗਈ।
ਸਤਿਗੁਰ ਪੁਰਿ ਕੋ ਪ੍ਰਾਪਤਿ ਭਈ।
ਅਨਿਕ ਦੇਵ, ਗਣ, ਸਾਦਰ ਸਾਥ।
ਪਹੁੰਚਾਈ ਜੋਰਤਿ ਜੁਗ ਹਾਥ ॥੩੪॥
ਜੈ ਜੈ ਕਰਤਿ ਛੋਰਿ ਮੁਰਿ ਆਇਸਿ।
ਉੱਤਮ ਮਹਿਮਾ ਤਿਸ ਕੀ ਗਾਇਸ।
ਗੁਰੁ ਪਗ ਪੰਕਜ ਪ੍ਰੇਮ ਬਿਸਾਲਾ।
ਤਿਸ ਤੇ ਅਸ ਪਦ ਲਹਿ ਤਤਕਾਲਾ ॥੩੫॥
ਤਪ ਜਪ ਦਾਨ ਜੱਗ ਨਹਿਂ ਕੀਨਾ।
ਗੁਰੂ ਪ੍ਰੇਮ ਤੇ ਸ਼ੁਭ ਗਤਿ ਲੀਨਾ।
ਕਲਿ ਮਹਿਂ ਮਾਨਵ ਅਸ ਸ਼੍ਰੀ ਗੁਰ ਕੋ।
ਸੇਵਹਿ ਜੇ ਨ ਪ੍ਰੇਮ ਕਰਿ ਉਰ ਕੋ ॥੩੬॥

ਭਾਗਹੀਨ ਤਿਨ ਤੇ ਕੋ ਪਰੈ।
ਅਸ ਸੁਖੇਨ ਜੇ ਕਾਜ ਨ ਕਰੈ।
ਬਡ ਪੁੰਨਨਿ ਕੋ ਜੇ ਫਲ ਹੋਈ।
ਤੌਂ ਅਸ ਸਤਿਗੁਰ ਪ੍ਰਾਪਤਿ ਹੋਈ ॥੩੭॥
ਦੂਰਿ ਉਲੰਘੇ ਬਿਖਮ ਪਹਾਰ।
ਦੀਨਸਿ ਦਰਸ਼ਨ ਸਦਨ ਮਝਾਰ।
ਨਿਜ ਹਜ਼ੂਰ ਹੁਇ ਤਨੁ ਤਜਿਵਾਇ।
ਅਚਲੋਤਮ[1] ਪਦ ਦਈ ਪੁਚਾਇ ॥੩੮॥
ਅਸ ਕ੍ਰਿਪਾਲ ਗੁਰੁ ਪ੍ਰਭੂ ਬਿਸਾਲ।
ਸਿਮਰਹੁ ਮਨ ਤਜਿ ਅਪਰ ਜੰਜਾਲ।
ਕਰਹੁ ਅਰਾਧਨਿ ਪ੍ਰੇਮੀ ਹੋਇ।
ਜੀਵਤਿ ਨਹਿਂ ਬਿਸਰਾਵਹੁ ਸੋਇ ॥੩੯॥
ਇਸ ਪ੍ਰਕਾਰ ਸਤਿਗੁਰ ਤਹਿਂ ਬਾਸੇ।
ਸਿੱਖਨਿ ਕੇ ਕਰਿ ਕਾਰਜ ਰਾਸੇ।
ਬਹੁ ਦਾਸਨਿ ਕੇ ਕਰਜੋ ਪ੍ਰਕਾਸ਼ੁ।
ਸੰਸੇ ਜੁਤਿ ਅੱਗਜਾਨ ਬਿਨਾਸੁ ॥੪੦॥
ਸ਼੍ਰੀ ਮੁਖ ਤੇ ਆਗਜਾ ਤਬਿ ਕਰੀ।
'ਸੇਵਾਦਾਸ ਆਇ ਤਿਸ ਘਰੀ।
ਸਤਿਸੰਗਤਿ ਕੋ ਦੇਹੁ ਅਹਾਰਾ।
ਭੋਜਨ ਰਚਹੁ ਅਨੇਕ ਪ੍ਰਕਾਰਾ' ॥੪੧॥
ਤਤਛਿਨ ਸਭਿ ਵਸਤੂ ਅਨਵਾਇ।
ਸੇਵਾਦਾਸ ਕਰੀ ਸਮੁਦਾਇ।
ਜਗਯ ਕਰਜੋ ਸੰਗਤਿ ਮੁਖ ਪਾਯੋ।
ਜਿਸ ਜਸ ਚਹਜੋ ਸੁ ਤਸ ਤਿਸ ਖਾਯੋ ॥੪੨॥
ਦੇਖਿ ਪ੍ਰਸੰਨ ਭਏ ਗੁਰਦੇਵ।
ਸੇਵਾਦਾਸ ਲਾਇ ਨਿਜ ਸੇਵ।
ਕਰਜੋ ਮਸੰਦ ਦੇਸ਼ ਤਿਸ ਕੇਰਾ।
ਗੁਰੂ ਦਰਬ ਸੰਚੈ ਸੁ ਘਨੇਰਾ ॥੪੩॥
ਦੇਗ ਚਲਾਵਨਿ ਲਾਗਜੋ ਤਹਾਂ।
ਧਰਮਸਾਲ ਰਚਿ ਸੰਗਤਿ ਮਹਾਂ[†]।
ਅਪਰ ਜਿਤਿਕ ਧਨ ਸੰਚੈ ਹੋਹਿ[1]।

[1]ਅਟੱਲ ਤੇ ਉੱਤਮ।

[†]ਇਹੋ ਹੀ ਗੁਰਦਵਾਰਾ ਹੈ ਹੁਣ ਤੀਕ, ਕਾਠੀ ਦਰਵਾਜੇ।

[1]ਕੱਠਾ ਹੋ ਜਾਵੇ।

ਸਤਿਗੁਰੁ ਢਿਗ ਪਹੁੰਚਾਵੈ ਸੋਇ ॥੪੪॥
ਇਸ ਬਿਧਿ ਕੋ ਮਸੰਦ ਕਰਿ ਭਾਰੀ।
ਸ੍ਰੀ ਹਰਿਗੋਬਿੰਦ ਕੀਨਿਸਿ ਤਯਾਰੀ।
ਚਲਯੋ ਚਹੈਂ ਨਿਜ ਦੇਸ਼ ਮਝਾਰਾ।
ਬਲੀ ਬਿਸਾਲ ਪ੍ਰਤਾਪ ਉਦਾਰਾ ॥੪੫॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਕਸ਼ਮੀਰ' ਪ੍ਰਸੰਗ ਬਰਨਨੰ ਨਾਮ ਪੰਚਾਸਤਿ ਅੰਸੂ ॥੫੦॥

੫੧. [ਵਾਪਸ ਮੁੜੇ। ਜਪਜੀ ਅਰਥ। ਤਲਵੰਡੀ]

੫੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੫੨

ਦੋਹਰਾ:

ਸੁਨਿ ਸਤਿਗੁਰੁ ਕੇ ਗਮਨਿ ਕੋ,
ਸਿਖ ਸੰਗਤਿ ਸਮੁਦਾਇ।
ਫਲ ਮਧੁਰੇ ਬਹੁ ਭਾਂਤਿ ਕੇ,
ਪੰਥ ਹੇਤੁ ਦੇ ਲਜਾਇ[1] ॥੧॥

[1]ਲਿਆ ਦਿੱਤੇ।

ਚੌਪਈ:

ਮਨੋ ਕਾਮਨਾ ਸਭਿ ਨੇ ਪਾਈ।
ਕ੍ਰਿਪਾ ਦ੍ਰਿਸ਼ਟਿ ਪਿਖਿ ਸਿਖ ਸਮੁਦਾਈ।
ਸਿਰੇ ਪਾਉ ਮੁੱਖਜਨਿ ਕੋ ਦੀਨੇ।
ਨਿਜ ਨਿਜ ਸਦਨ ਬਿਸਰਜਨਿ ਕੀਨੇ ॥੨॥
ਜਥਾ ਜੋਗ ਸਭਿਹਿਨਿ ਸੋਂ ਕਰਿ ਕੈ।
ਗਮਨੇ ਸਤਿਗੁਰ ਹਯ ਪਰਿ ਚਰਿ ਕੈ।
ਜਹਿਂ ਬਾਵਨ ਹੋਏ ਅਵਤਾਰ।
ਅਦਿਤੀ ਕੱਸਜਪ ਸਦਨ ਮਝਾਰ ॥੩॥
ਬਾਰਾਮੂਲਾ ਪੁਰਿ ਕੌ ਨਾਮ[†]।

[†]ਏਥੇ ਸਤਿਗੁਰਾਂ ਦੇ ਉਤਾਰੇ ਦੇ ਥਾਉਂ ਗੁਰਦੁਆਰਾ ਦਰਯਾ ਦੇ ਕਿਨਾਰੇ ਉੱਤੇ ਹੈ।

ਤਿਸ ਥਲ ਮਹਿਂ ਰਿਖਿ ਬਰ[1] ਕੋ ਧਾਮ।

[1]ਭਾਵ ਕੱਸਜਪ।

ਬਡ ਕਸ਼ਮੀਰ ਦੇਸ਼ ਜਹਿਂ ਤੀਕਾ।
ਕੱਸਜਪ ਕੀਨਿ ਬਸਾਵਨਿ ਨੀਕਾ ॥੪॥
ਤਹਾਂ ਆਇ ਉਤਰੇ ਗੁਰ ਪੂਰੇ।
ਚਹੁ ਦਿਸ਼ਿ ਮਹਿਂ ਪਰਬਤ ਥਲ ਰੂਰੇ।
ਬਾਰਾਮੂਲੇ ਮਹਿਂ ਸਿਖ ਜੇਤੇ।
ਸੁਨਿ ਸਤਿਗੁਰੁ ਢਿਗ ਪਹੁਚੇ ਤੇਤੇ ॥੫॥
ਸਰਬ ਭਾਂਤਿ ਕਰਿ ਸੇਵ ਮਹਾਨੀ।
ਪੂਰੀ ਭਈ ਜੁ ਬਾਂਛਾ ਠਾਨੀ।
ਗੁਰਮਤਿ ਕੋ ਦੇ ਕਰਿ ਉਪਦੇਸ਼ਾ।
ਗਾਢੀ ਸਿੱਖੀ ਕੀਨਿ ਵਿਸ਼ੇਸ਼ਾ ॥੬॥
ਨਿਸਿ ਬਿਤਾਇ ਕਰਿ ਪ੍ਰਾਤ ਅਰੋਹੇ[†]।

[†]ਏਥੇ ਸਤਿਗੁਰੂ ਜੀ ਕੁਛ ਦਿਨ ਰਹੇ ਹਨ। ਇੱਕੋ ਰਾਤ ਰਹਿ ਕੇ ਨਹੀਂ ਟੁਰ ਪਏ। ਇਰਦ ਗਿਰਦ ਸ਼ਿਕਾਰ ਚੜ੍ਹਦੇ ਰਹੇ ਹਨ। ਜਿੱਥੇ ਹੁਣ ਸਿੰਘ ਪੁਰਾ ਗਾਉਂ ਹੈ, ਇਸ ਤੋਂ ਉਰੇ ਜਿੱਥੇ ਪੁਰਾਣੀ ਸੜਕ ਲੰਘਿਆ ਕਰਦੀ ਸੀ, ਇੱਥੇ ਇਕ ਬਹਿਲੋਲ ਨਾਮੇ ਫਕੀਰ ਪਾਸ ਜਾ ਕੇ ਬੈਠਿਆ ਕਰਦੇ ਸਨ ਜੋ ਉਹਨਾਂ ਦੇ ਸਤਿਸੰਗ ਨਾਲ ਤਰ ਗਿਆ, ਇਸ ਟਿਕਾਣੇ

ਹੁਣ ਤਕ ਥੜਾ ਸਾਹਿਬ ਹੈ, ਜਿੱਥੇ ਹੁਣ ਗੁਰਦਵਾਰਾ ਬਣ ਗਿਆ ਹੈ। ਹੁਣ ਵਾਲੀ ਪੱਕੀ ਸੜਕ ਤੋਂ ਸ਼੍ਰੀ ਨਗਰ ਦੇ ਪਾਸੇ ਬਾਰਾਂ ਮੂਲੇ ਤੋਂ ਚਾਰ ਕੁ ਮੀਲ ਅਗੇਰੇ 'ਦਿਲਨਾਂ' ਨਾਮੇ ਗਿਰਾਂ ਤੋਂ ਸੱਜੇ ਪਾਸੇ ਵੱਲ ਸੜਕ ਇਸ ਟਿਕਾਣੇ ਨੂੰ ਚੜ੍ਹਦੀ ਹੈ। ਇਹ ਟਿਕਾਣਾ ਬੜਾ ਰਮਣੀਕ ਹੈ, ਮੀਲ ਕੁ ਪਰੇ ਸਿੰਘਾਂ ਦਾ ਗਿਰਾਂ ਹੈ-ਸਿੰਘ ਪੁਰਾ-।

ਪੁਨ ਆਗੈ ਗਿਰ ਕੋ ਮਗ ਜੋਹੇ।
ਸਰਲ ਚੀੜ[1] ਸਮੁਦਾਇ ਖਰੇ ਹੈਂ। — [1]ਚੀੜ ਦੇ ਬ੍ਰਿੱਛ।
ਸਨੈ ਸਨੈ ਚਲਿ ਉਲੰਘ ਪਰੇ ਹੈਂ ॥੭॥
ਹਾਫਸਵਾਦ[1] ਸਿੱਖ ਇਕ ਸਿਮਰਤਿ[†]। — [1]ਹਾਫਜ਼ਾਵਾਦ। ਏਥੇ ਗੁਰਦੁਵਾਰਾ ਹੈ।

[†]ਕਵਿ ਜੀ ਨੇ ਮੁੜਵੇਂ ਸਫਰ ਦਾ ਹਾਲ ਨਹੀਂ ਦਿੱਤਾ, ਪਰ ਹੋਰ ਪੁਸਤਕਾਂ ਅਤੇ ਰਸਤੇ ਦੇ ਨਿਸ਼ਾਨਾਂ ਤੋਂ ਪਤਾ ਲੱਗਦਾ ਹੈ ਕਿ ਬਾਰਾਂ ਮੂਲੇ ਤੋਂ ਦਰਯਾ ਦੇ ਪਾਰਲੇ ਕਿਨਾਰੇ ਜੋ ਸੜਕ ਤਦੋਂ ਪੰਜੇ ਸਾਹਿਬ ਤਕ ਜਾਂਦੀ ਸੀ, ਗੁਰੂ ਸਾਹਿਬ ਜੀ ਉਸ ਰਸਤੇ ਪੰਜੇ ਸਾਹਿਬ ਅੱਪੜੇ ਹਨ। ਅਜ ਕਲ ਸੜਕ ਉਰਾਰਲੇ ਪਾਸੇ ਹੈ। ਰਾਹ ਵਿਚ ਉੜੀ ਦੇ ਲਾਗ ਆਪ ਦੇ ਠਹਿਰਨ ਦੀ ਯਾਦਗਾਰ ਹੈ, ਹੋਰ ਬੀ ਜਗਾ ਜਗਾ ਨਿਸ਼ਾਨ ਸਨ ਜੋ ਮਿਟ ਰਹੇ ਹਨ। ਇਕ ਦੋ ਜਗ੍ਹਾ ਹੋਰ ਬੀ ਹਨ, ਫਿਰ ਮੁਜ਼ਫਰਾ ਬਾਦ ਜਿੱਥੇ ਟਿਕੇ ਸਨ ਓਥੇ ਸੁਹਣਾ ਗੁਰਦੁਆਰਾ ਹੈ, ਚਸ਼ਮਾ ਹੈ, ਉਸ ਤੋਂ ਕੁਛ ਵਿੱਥ ਤੇ ਬਾਦਸ਼ਾਹ ਦੀ ਫ੍ਰੋਦਗਾਹ ਹੈ, ਜਿਸ ਦੀ ਚਾਰ ਦੀਵਾਰੀ ਦਰਵਾਜ਼ੇ ਤੇ ਉਪਰ ਖੁਤਬਾ ਬੀ ਹੈ। ਇਹ ਜ਼ਿਕਰ ਬੀ ਅਜ ਤੱਕ ਲੋਕਾਂ ਨੂੰ ਯਾਦ ਹੈ ਕਿ ਪਾਤਸ਼ਾਹ ਨੇ ਜੋ ਆਪਣੇ ਡੇਰੇ ਦੀ ਰੌਣਕ ਵਿਚ ਸੀ ਸਤਿਗੁਰਾਂ ਨੂੰ ਨਿਰੀ ਉਜਾੜ ਵਿਚ ਡੇਰਾ ਕੀਤਾ ਵੇਖ ਕੇ ਆਖਿਆ ਕਿ ਆਪ ਉਜਾੜ ਵਿਚ ਉਤਰੇ ਹੋ? ਤਾਂ ਆਪ ਨੇ ਉੱਤਰ ਦਿਤਾ ਕਿ ਫਕੀਰਾਂ ਦੀ ਉਜਾੜ ਦੁਤੀਆ ਦਾ ਚੰਦ ਹੈ, ਤੇ ਪਾਤਸ਼ਾਹਾਂ ਦੀ ਰੌਣਕ ਪੁੰਨਿਆਂ ਦਾ ਚੰਦ ਹੈ। ਭਾਵ ਇਹ ਸੀ ਕਿ ਇਸ ਅਸਥਾਨ ਦੀ ਰੌਣਕ ਵਧੇਗੀ ਤੇ ਫਰੋਦਗਾਹ ਦੀ ਘਟੇਗੀ, ਸੋ ਹੁਣ ਗੁਰਦਵਾਰੇ ਬੜੀ ਰੌਣਕ ਹੈ ਤੇ ਫਰੋਦਗਾਹ ਉਜਾੜ ਪਈ ਹੈ, ਅੰਦਰ ਖੇਤੀ ਹੁੰਦੀ ਹੈ। ਇਥੋਂ ਆਪ ਉਸ ਰਸਤੇ ਗਏ ਜਾਪਦੇ ਹਨ ਜੋ ਹੁਣ ਮਾਨਸੇਹਰਾ (ਮਾਨ ਸਿੰਘੇਰਾ) ਐਬਟਾਬਾਦ ਪਾਸੋਂ ਲੰਘਦਾ ਹੈ। ਐਬਟਾਬਾਦ ਪਾਸੇ ਨਵਾਂ ਸ਼ਹਿਰ ਪੁਰਾਣੀ ਆਬਾਦੀ ਹੈ। ਏਥੇ ਯਾ ਧਮਧੋੜ ਕਿਸੇ ਟਿਕਾਣੇ ਆਪ ਟਿਕੇ ਹਨ। ਫੇਰ ਪੰਜੇ ਸਾਹਿਬ ਅੱਪੜੇ ਹਨ। ਏਥੋਂ ਪਾਤਸ਼ਾਹ ਪੱਛੋਂ ਨੂੰ ਗਿਆ ਹੈ ਤੇ ਆਪ ਗੁਜਰਾਤ ਆਦਿਕ ਥਾਈਂ ਠਹਿਰਦੇ ਹਾਫਜ਼ਾਬਾਦ ਹੋ ਕੇ ਨਨਕਾਣੇ ਸਾਹਿਬ ਗਏ ਹਨ। ਇਹ ਬੀ ਖਿਆਲ ਹੈ ਕਿ ਵਜ਼ੀਰਾਬਾਦ ਗੁਜਰਾਤੋਂ ਹੁੰਦੇ ਹੋਏ ਠਹਿਰੇ ਹਨ, ਜਿੱਥੇ ਕੋਠਾ ਸਾਹਿਬ ਕਰਕੇ ਗੁਰਦਵਾਰਾ ਮੌਜੂਦ ਹੈ। ਪਰ ਵਿਸ਼ੇਸ਼ ਖੋਜ ਦੀ ਲੋੜ ਹੈ।

ਸਤਿਗੁਰੁ ਦਰਸ਼ਨ ਕੋ ਚਿਤ ਬਿਰਮਤਿ[1]। — [1]ਲੋਚਦਾ ਸੀ।
ਤਿਸ ਕੋ ਦਰਸ਼ਨ ਦੈਬੇ ਹੇਤੁ।
ਪਹੁੰਚੇ ਸ਼੍ਰੀ ਸੋਢੀ ਕੁਲਕੇਤ ॥੮॥
ਪੁਰਿ ਤੇ ਵਹਿਰ ਕਰਯੋ ਪਿਖਿ ਡੇਰਾ।
ਉਤਰੇ ਹਯ ਲਗਾਇ ਤਿਸ ਬੇਰਾ।
ਤਰੁਵਰੁ ਕੀ ਛਾਯਾ ਰਮਣੀਕ।
ਸਘਨ ਸਦਲ ਗਨ ਖਰੇ ਨਜੀਕ ॥੯॥
ਫਰਸ਼ ਕਰਾਇ ਬੈਠਿ ਤਹਿਂ ਗਏ।
ਪੁਰਿ ਮਹਿਂ ਸੁਧਿ ਹੋਈ 'ਗੁਰ ਆਏ।'
ਕਰਮ ਚੰਦ ਸਿਖ ਤਹਾਂ ਬਸਤਿ ਹੈ।
ਬਾਨੀ ਪਠਿਬੇ ਅਰਥ ਰਸਤਿ[1][†] ਹੈ ॥੧੦॥ — [1]ਬਾਣੀ ਦੇ ਪਾਠ ਤੇ ਅਰਥਾਂ ਦਾ ਰਸੀਆ। [†]ਪਾ:-ਸਹਤ।
ਸੋ ਸੁਨਿ ਕੈ ਆਯਹੁ ਤਤਕਾਲੂ।
ਦੇਖਯੋ ਸੁੰਦਰ ਦਰਸ ਬਿਸਾਲੂ।
ਬੰਦਨ ਕਰੀ ਚਰਨ ਅਰਬਿੰਦ।

ਬੂਝਤਿ ਭੇ ਸ਼੍ਰੀ ਹਰਿਗੋਬਿੰਦ ॥੧੧॥
'ਕੌਨ ਅਹੈਂ, ਕਿਸ ਥਲ ਮਹਿਂ ਬਾਸੈਂ?
ਕਿਸ ਕਾਰਜ ਆਯਹੁ ਹਮ ਪਾਸੈ?'
ਕਰਮ ਚੰਦ ਕਰ ਜੋਰਿਤਿ ਉਚਰੀ।
'ਰਾਵਰਿ ਸਿੱਖ, ਬਸੌਂ ਇਸ ਪੁਰੀ ॥੧੨॥
ਜਥਾ ਸ਼ਕਤਿ ਚਾਹੌਂ ਤੁਮ ਸੇਵਾ।
ਬਡੇ ਭਾਗ ਪਹੁੰਚੇ ਗੁਰਦੇਵਾ।'
ਇਮ ਕਹਿ ਗਯੋ ਸਦਨ ਤਤਕਾਲਾ।
ਸਰਬ ਸਮੱਗ੍ਰੀ ਲ੍ਯਾਇ ਬਿਸਾਲਾ ॥੧੩॥
ਹੇਤੁ ਪਵੰਗਮ ਤ੍ਰਿਣ ਅਰੁ ਦਾਨਾ।
ਚਾਵਰ, ਚੂਨ, ਦਾਰ[1] ਬਿਧਿ ਨਾਨਾ। — [1]ਦਾਲ।
ਸਰਪੀ[1], ਸਿਤਾ[2], ਆਨਿ ਕਰਿ ਨੀਕੇ। — [1]ਘਿਉ। [2]ਖੰਡ।
ਸ਼੍ਰੀ ਗੁਰ ਕੇ ਸਭਿ ਧਰਜੋ ਨਜੀਕੇ ॥੧੪॥
ਆਇਸੁ ਪਾਇ ਅਰਾਲਿਕ[1] ਤਬੈ। — [1]ਲਾਂਗਰੀ, ਰਸੋਈਆ।
ਭੋਜਨ ਕਰਜੋ ਤਜਾਰਿ ਸ਼ੁਭ ਸਬੈ।
ਸ਼੍ਰੀ ਹਰਿ ਗੋਬਿੰਦ ਜਬਿ ਤ੍ਰਿਪਤਾਏ।
ਹੁਇ ਪ੍ਰਸੰਨ ਬੈਠੇ ਤਰੁ ਛਾਏ ॥੧੫॥
ਬੋਲਜੋ ਕਰਮਚੰਦ ਕਰਿ ਜੋਰਿ।
'ਚਹਿਤਿ ਰਹਜੋ ਆਵਨਿ ਤੁਮ ਓਰ।
ਜਪੁਜੀ ਕੇ ਅਰਥਨ ਕੀ ਚਾਹੂ।
ਸੁਨੌਂ ਸ਼੍ਰੌਨ ਮੈਂ ਰਾਵਰਿ ਪਾਹੂ ॥੧੬॥
ਕ੍ਰਿਪਾ ਕਰਹੁ ਮੁਝ ਦੇਹੁ ਸੁਨਾਇ।
ਤੁਮ ਬਿਨ ਅਪਰ ਨ ਕਿਸ ਤੇ ਆਇ।'
ਸ਼੍ਰੀ ਹਰਿਗੋਵਿੰਦ ਬਾਕ ਬਖਾਨਾ।
'ਜਪ ਕੇ ਅਰਥ ਮਹਾਨ ਮਹਾਨਾ ॥੧੭॥
ਜਥਾ ਬੇਦ ਪਦ ਅਰਥ ਉਚਾਰੈਂ।
ਨਿਜ ਸਰਪੂ ਜਾਨਨਿ ਨਿਰਧਾਰੈ[1]। — [1]ਜਿਵੇਂ ਬੇਦ ਪਦ ਦਾ ਅਰਥ ਕਹਿੰਦੇ ਹਨ ਕਿ "ਨਿਜ ਸਰੂਪ ਦਾ ਜਾਨਣਾ" ਹੈ।
ਤਿਮ ਜਪੁ ਪਦ ਕੋ ਅਰਥ ਲਖੀਜੈ।
ਜਾਨਨਿ ਅਪਨਿ ਸਰੂਪ ਜਨੀਜੈ ॥੧੮॥
ਧਰਜੋ ਪ੍ਰਥਮ ਹੀ ਜੋ ਜਪੁ ਨਾਮ।
ਸਰਬ ਗ੍ਰਿੰਥ ਕੋ ਲਿਖਿ ਅਭਿਰਾਮ।

ਬੇਦ ਰੁ ਜਪੁ ਪਦ ਦ੍ਵੈ ਕੋ ਅਰਥ[1]।

[1]ਵੈਦ ਦਾ ਧਾਤੂ ਹੈ विद (ਵਿਦ੍ = ਜਾਨਣਾ)। ਜਪ ਦਾ ਧਾਤੂ ਹੈ क्षप (ਗਜਪ = ਜਾਨਣਾ)। ਵਿਸ਼ੇਸ਼ ਲਈ ਦੇਖੋ ਰਾਸ ੩ ਅੰਸੂ ੪੧ ਅੰਕ ੨੬ ਦੀ ਹੇਠਲੀ ਟੂਕ।

ਇਕਿ ਜਾਨਨਿ ਕੋ ਕਹੈ ਸਮਰਥ[1] ॥੧੯॥

[1]ਸ਼ਬਦ ਸ਼ਕਤੀ ਦੱਸਦੀ ਹੈ ਕਿ (ਦੋਹਾਂ ਦਾ) ਇਕੋ ਅਰਥ ਹੈ [ਸੰਸ: ਸਾਮਰ੍ਥ = ਸ਼ਬਦ ਦੀ ਅਰਥ ਸ਼ਕਤੀ] (ਅ) ਜੋ (ਸਮਰੱਥ =) ਗਜਾਨੀ ਲੋਕ ਹਨ। (ੲ) ਇਕ ਜਾਣਨ ਨੂੰ ਯਥਾਰਥ ਅਰਥ ਕਹਿੰਦੇ ਹਨ।

ਯਾਂ ਤੇ ਸੁਨਹੁ ਖਸ਼ਟ ਜੇ ਪੌਰੀ।
ਕੀਨਿ ਮੰਗਲਾ ਚਰਨ ਸੁ ਠੌਰੀ[1]।

[1]ਦੀ ਥਾਵੇਂ।

ਸਪਤਮ ਮਹਿਂ ਬੈਰਾਗ ਅਲਾਵਾ।
ਬਿਨਾ ਗਜਾਨ ਸਭਿ ਕੂਰ ਦਿਖਾਵਾ ॥੨੦॥
ਬਹੁਰੋ ਚਾਰ ਜਿ ਪੌਰੀ ਬਨੀ।
ਸ਼੍ਰਵਣ ਮਹਾਤਮ ਮਹਿੰਮਾ ਭਨੀ[1]।

[1]'ਸ਼੍ਰਵਣ' ਦੀ ਮਹਿਮਾ ਕਹੀ ਹੈ।

ਪੁਨ ਚਾਰਿਨਿ ਮਹਿਂ ਮਨਨ ਦਿਖਾਯੋ।
ਬ੍ਰਹਮ ਗਜਾਨ ਕੋ ਹੇਤੁ[1] ਜਨਾਯੋ ॥੨੧॥

[1]ਕਾਰਣ।

ਪੰਚ ਪਰਵਾਣ ਬਿਖੈ ਨਿੱਧਜਾਸਨ।
ਤੀਨਹੁਂ[1] ਕਰਤਜੋ ਕਰਹਿ ਉਪਾਸਨ।

[1]ਸ਼੍ਰਵਣ, ਮਨਨ, ਨਿੱਧਜਾਸਨ।

'ਤੂ ਸਦਾ ਸਲਾਮਤਿ ਨਿਰੰਕਾਰਿ।'
ਇਹ ਤੁਕ ਤਤ੍ਵਮਸਿ[1] ਉਚਾਰ ॥੨੨॥

[1]ਇਹ ਵੇਦਾਂਤ ਦਾ ਮਹਾਂ ਵਾਕ ਹੈ। [ਤਤੂ+ਤ੍ਵੰ+ਅਸੀ = ਸੋ ਪ੍ਰਮਾਤਮਾ ਤੂੰ ਹੈਂ]

ਮਹਾਂ ਵਾਕ ਇਹ ਸ਼੍ਰੁਤਿ ਮਹਿਂ ਚਾਰਿ[1]।

[1]ਵੇਦ ਵਿਚ ਚਾਰ ਹਨ।

ਤਿਮ ਤੁਕ ਕਹੀ ਚਾਰਿ ਹੀ ਬਾਰ।
ਸ਼ਕਤਿ ਸ਼ਾਂਤਕੀ[1] ਪ੍ਰਥਮ ਉਚਾਰੀ।

[1]ਸਤੋਗੁਣੀ।

ਜੇ ਅਸੰਖ ਕੀ ਪਵਰਿ[1] ਬਿਚਾਰੀ ॥੨੩॥

[1]ਪੌੜੀ।

ਦੂਜੇ ਬਿਖੈ ਤਾਮਸੀ[1] ਕਹੀ।

[1]ਤਮੋਗੁਣੀ।

ਤ੍ਰਿਤੀ ਬਿਖੈ ਦ੍ਵੈ ਮਿਸਰਤਿ[1] ਲਹੀ।

[1]ਸਤੋ ਤੇ ਤਮੋ ਰਲੀ ਹੋਈ।

ਜੀਵ ਈਸ਼ ਇਕਤਾ ਦਿਖਰਾਈ।
ਸਚਿਦਾਨੰਦ ਦੁਹਨਿ ਸਮ ਪਾਈ[1]' ॥੨੪॥

[1]ਜੀਵ ਤੇ ਈਸ਼ ਦੀ ਏਕਤਾ ਦਿਖਾਈ, 'ਸਤ ਚਿਤ ਆਨੰਦਤਾ' ਦੁਹਾਂ ਵਿਚ ਇਕੋ ਜੇਹੀ ਪਾਈ ਜਾਂਦੀ ਹੈ।

ਇੱਤਜਾਦਿਕ ਸਭਿ ਅਰਥ ਸੁਨਾਏ।
ਸੁਨਿ ਸਿਖ ਸਗਰੇ ਮੰਨਿ ਵਸਾਏ।
-ਜਪੁਜੀ ਅਰਥ ਅਹੈਂ ਅਤਿ ਗੂਢੇ।
ਸ਼੍ਰੀ ਨਾਨਕ ਬਾਨੀ ਸਭਿ ਰੂਢੇ[1] ॥੨੫॥

[1]ਸਾਰੀ ਸੁੰਦਰ ਹੈ।

ਜਿਸ ਤੇ ਪਰੈ ਕਹਿਨ ਕੁਛ ਨਾਂਹੀ।

ਕਹੈ ਪਰੈ ਸੋ ਜਾਨਹਿਂ ਨਾਂਹੀ[1]।

[1]ਜੋ ਪਰੇ ਕਹਿੰਦਾ ਹੈ ਸੋ ਜਾਣਦਾ ਨਹੀਂ (ਭਾਵ ਅਨਜਾਨ ਹੈ)।

ਜੋਗ ਜਨਾਵਨਿ[1] ਸਕਲ ਜਨਾਯੋ।

[1]ਜਣਾਵਣੇ ਲਾਇਕ।

ਸਭਿ ਸਿੱਖਜਨਿ ਕੋ ਪੰਥ ਬਤਾਯੋ ॥੨੬॥
ਬਚਨ ਮਾਨਿ ਜਿਨ ਪਾਯਹੁ ਗਜਾਨ।
ਕੋਟ ਜਨਮ ਕੇ ਬੰਧਨ ਹਾਨਿ।
ਮੱਜਤਿ ਜਪਜੀ ਪਢਿ ਜੁਤਿ ਨੇਮ।
ਸ਼੍ਰੀ ਨਾਨਕ ਧਰਿ ਧਜਾਨ ਸੁ ਪ੍ਰੇਮ ॥੨੭॥
ਤਿਨ ਕੋ ਗਹੈ ਨ ਜਮ ਦੁਖਦਾਈ।
ਅੰਤ ਸਮੈ ਗੁਰ ਬਨਹਿਂ ਸਹਾਈ।-
ਸ਼੍ਰੀ ਗੁਰ ਨਾਨਕ ਦੇਸ਼ ਬਿਦੇਸ਼।
ਫਿਰੇ ਉਧਾਰਤਿ ਜੀਵ ਵਿਸ਼ੇਸ਼ ॥੨੮॥
ਜੇਠੇ ਆਦਿ ਸੁਨੀ ਗੁਰ ਪਾਸ[1]।

[1]ਜੇਠੇ ਆਦਿਕਾਂ ਨੇ ਇਹ ਗੱਲ ਗੁਰੂ ਜੀ ਪਾਸੋਂ ਸੁਣੀ ਹੋਈ ਸੀ।

ਅਪਨਿ ਮਨੋਰਥ ਕੀਨਿ ਪ੍ਰਕਾਸ਼।
'ਜਨਮੇ ਸ਼੍ਰੀ ਨਾਨਕ ਜਗਤੇਸ਼।
ਸੋ ਇਤ ਹੀ ਦਿਸ਼ਿ ਹੈ ਸ਼ੁਭ ਦੇਸ਼ ॥੨੯॥
ਕ੍ਰਿਪਾ ਕਰਹੁ ਤਹਿਂ ਦਰਸ ਦਿਖਾਵਹੁ।
ਚਲਤਿ ਪੰਥ ਤਿਤ ਓਰ ਸਿਧਾਵਹੁ।'
ਸ਼੍ਰੀ ਹਰਿਗੋਵਿੰਦ ਸੁਨਿ ਕਰਿ ਭਾਖਾ।
'ਹਮਰੀ ਭੀ ਐਸੇ ਅਭਿਲਾਖਾ ॥੩੦॥
ਅਬਿ ਦਰਸ਼ਨ ਕਰਤੇ ਤਹਿਂ ਚਲੈਂ।
ਬਰਤਿ ਨਿਮਾਨੀ ਕੇ ਨਰ ਮਿਲੈਂ[1]।

[1]ਨਿਮਾਣੀ ਇਕਾਦਸ਼ੀ ਦੇ (ਦਿਨ) ਪੁਰਸ਼ ਇਕੱਠੇ ਹੁੰਦੇ ਹਨ।

ਤਿਸ ਦਿਨ ਹਮ ਭੀ ਪਹੁੰਚਹਿਂ ਜਾਈ।'
ਇਮ ਕਹਿ ਸਤਿਗੁਰ ਨਿਸਾ ਬਿਤਾਈ ॥੩੧॥
ਪ੍ਰਾਤਿ ਭਈ ਆਰੋਹਿ ਤੁਰੰਗ।
ਗਮਨੇ ਪੰਥ ਸੈਨ ਕੁਛ ਸੰਗ।
ਕਰਮ ਚੰਦ ਤਬਿ ਆਇ ਅਗਾਰੀ।
'ਚਲੌਂ ਸੰਗ ਮੈਂ' ਗਿਰਾ ਉਚਾਰੀ ॥੩੨॥
ਕਹਜੋ ਗੁਰੂ 'ਰਚਿ ਇਹਾਂ ਸਥਾਨ।
ਆਇ ਸਿੱਖ, ਕਰਿ ਸੇਵ ਮਹਾਨ।

ਜਿਮ ਹਮ ਸੰਗ ਰਹੇ ਫਲ ਪਾਵੈਂ।
ਤਥਾ ਸਥਾਨ ਸੇਵ ਤੇ ਭਾਵੈ' ॥੩੩॥
ਇਮ ਦੈ ਧੀਰਜ ਚਲੇ ਅਗਾਰੀ।
ਬਾਰ ਦੇਸ਼ ਜਿਸ ਦਿਸ਼ਾ ਮਝਾਰੀ।
ਪੰਥ ਉਲੰਘਤਿ ਪਹੁੰਚੇ ਜਾਈ।
ਤਲਵੰਡੀ ਨਗਰੀ ਜਿਸ ਤਾਈਂ ॥੩੪ ॥
ਸ੍ਰੀ ਨਾਨਕ ਸਰ ਪਰ ਕਰਿ ਡੇਰਾ।
ਕੀਨਿ ਸ਼ਨਾਨ ਬਿਮਲ ਜਲ ਹੇਰਾ।
ਬਹੁਤਿ ਮੋਲਿ ਕੀ ਪੋਸ਼ਿਸ਼ ਨਈ।
ਪਹਿਰੀ ਤਨ ਸ਼ੋਭਾ ਅਤਿ ਭਈ ॥੩੫॥
ਸੂਖਮ ਬਹੁ ਪਾਲੇ ਕੋ[1] ਜਾਮਾ।
ਕਲਗੀ ਜਿਗਾ ਸੀਸ ਅਭਿਰਾਮਾ।
ਸ਼ਮਸ਼ ਸ਼ਜਾਮ ਦੀਰਘ ਮੁਖ ਮੰਡਲ।
ਮੁਕਤਾਮਾਲ ਕਰਨ ਕਲ ਕੁੰਡਲ ॥੩੬॥
ਸਹਤ ਸਿਪਰ ਸ਼ੋਭਤਿ ਸ਼ਮਸ਼ੇਰ[1]।
ਕਸੀ ਕਮਰ ਪੌਰਖ ਸਮ ਸ਼ੇਰ[1]।
ਦਰਬ ਪ੍ਰਸਾਦ ਬਹੁਤ ਉਚਵਾਏ।
ਫਲ ਕਸ਼ਮੀਰ ਦੇਸ਼ ਕੇ ਲਜਾਏ ॥੩੭॥
ਪ੍ਰਥਮ ਤਾਲ ਪਰ ਅਰਪਿ ਉਪਾਇਨ।
ਪੁਨ ਪਹੁੰਚੇ ਚਲਿ ਕਰਿ ਤਿਸ ਆਇਨ।
ਜਨਮ ਲੀਨਿ ਸ੍ਰੀ ਨਾਨਕ ਜਹਾਂ।
ਧਰਿ ਅਕੋਰ ਦਰਸ਼ਨ ਕੋ ਲਹਾ ॥੩੮॥
ਉਰ ਕਰਿ ਧਜਾਨ ਮਧੁਰ ਫਲ ਧਰੇ।
ਬਿਨਤੀ ਭਨਤਿ ਬੰਦਨਾ ਕਰੇ।
ਤਹਿਂ ਦਰਸ਼ਨ ਕਰਿ ਆਨ ਸਥਾਨ।
ਚਲੇ ਬਤਾਵਤਿ ਗੁਰ ਭਗਵਾਨ ॥੩੯॥
ਜਿਸ ਤਰੁਵਰੁ ਕੇ ਤਰ ਪ੍ਰਭੁ ਪਰੇ।
ਆਇ ਸ਼ੇਸ਼[1] ਮੁਖ ਛਾਯਾ ਕਰੇ।
ਕਥਾ ਸੁਨਾਵਤਿ ਦਰਸ ਕਰਾਵਾ।
ਸਭਿਹਿਨਿ ਜਿਸ ਥਲ ਸੀਸ ਨਿਵਾਵਾ ॥੪੦॥
ਬਿਰਛ ਬਿਲੋਕਯੋ ਬਹੁਰੋ ਜਾਇ।

[1]ਬਹੁਤੇ ਪੱਲਿਆਂ ਵਾਲਾ।
[1]ਤਲਵਾਰ।
[1]ਸ਼ੇਰ ਵਾਂਙ।
[1]ਸ਼ੇਸ਼ਨਾਗ ਨੇ।

ਟਿਕੀ ਰਹੀ ਜਹਿਂ ਤੁਰ ਪਰਛਾਂਇ[1]।
ਪੁਨ ਕਿਦਾਰ ਸੋ ਜਾਇ ਨਿਹਰਜੋ।
ਮਹਿਖਨਿ ਚਰਜੋ ਕਰਜੋ ਦੂਤਿ ਹਰਜੋ ॥੪੧॥

ਇਮਿ ਸੁਨਿ ਹਰਖ ਉਠੇ ਸਭਿ ਕੋਇ ॥੧੬॥
ਬਾਜਿ ਪਰੇ ਸਭਿ ਹੀ ਤਬਿ ਬਾਜੇ।
ਚਲੇ ਬਰਾਤੀ ਗੁਰੁ ਜੁਤਿ ਸਾਜੇ।
ਆਤਸ਼ਬਾਜੀ ਛੂਟਨਿ ਲਾਗੀ।
ਦੇਖਤਿ ਪੁਰਿ ਨਰ ਤ੍ਰਿਯ ਅਨੁਰਾਗੀ[1] ॥੧੭॥ [1]ਮੋਹਤਿ ਹੋਏ।
ਗਨ ਫੁਲਝਰੀ ਮਤਾਬੀ ਬ੍ਰਿੰਦ।
ਚਰਖੀ ਚਾਦਰ ਸ਼ਬਦ ਬਿਲੰਦ।
ਤਿਸਿ ਛਿਨਿ ਤਮ ਦਸ ਦਿਸ਼ਿ ਤੇ ਭਾਗਾ।
-ਦਿਵਸ ਭਯੋ- ਸਭਿ ਕੇ ਭ੍ਰਮ ਜਾਗਾ[1] ॥੧੮॥ [1]ਭਰਮ ਹੋਇਆ।
ਦੇਵ ਦੇਵਨੀ ਦਾਰੁਨ ਸਾਜੀ।
ਭਏ[†] ਬਰੂਦ ਛੁਟੇ ਗਜ ਬਾਜੀ[1]। [1]ਭਜਾਨਕ ਦੇਵ ਦੇਵਨੀਆਂ ਤੇ ਹਾਥੀ ਘੋੜੇ ਬਾਰੂਦ (ਭਰਕੇ) ਸਾਜੇ ਹੋਏ ਛੁਟਦੇ ਭਏ। (ਅ) ਦੇਵ ਦੇਵਨੀਆਂ ਦਾਰੂ ਦੇ ਬਣੇ ਤੇ ਹਾਥੀ ਘੋੜੇ ਬਾਰੂਦ ਦੇ ਬਣੇ ਛੁਟ ਪਏ। [†]ਜਾਪਦਾ ਹੈ ਕਿ ਇਥੇ ਕਵਿ ਜੀ ਦੇ ਆਪਣੇ ਨੁਸਖੇ ਵਿਚ ਪਾਠ-ਭਰੇ-ਹੋਣਾ ਹੈ।
ਅਧਿਕ ਕੁਲਾਹਲਿ ਹੇਰਤਿ ਕਰਤੇ।
ਛੁਟਹਿਂ ਝਾਰ ਇਤਿ ਉਤਿ ਹੁਇ ਡਰਿਤੇ[1] ॥੧੯॥ [1]ਦੇਖਣ ਵਾਲੇ) ਡਰਦੇ ਇਧਰ ਉਧਰ ਹੁੰਦੇ ਹਨ, ਜਦ ਝਾੜ ਛੁਟਦੇ ਹਨ।
ਸਤਿਗੁਰ ਦੇਖਤਿ ਚਲਹਿਂ ਤਮਾਸ਼ਾ।
ਪਹੁੰਚੇ ਰਾਮੇ ਜਾਇ ਅਵਾਸਾ।
ਚੰਦਨ ਕੀ ਚੌਂਕੀ ਰਚਿ ਚਾਰੁ।
ਅਨਿਕ ਰੀਤਿ ਕੇ ਫਰਸ਼ ਸੁਧਾਰਿ ॥੨੦॥
ਤਿਸ ਪਰਿ ਗੁਰੂ ਬਿਠਾਵਨਿ ਕਰੇ।
ਬੈਠਿ ਬਰਾਤਿ ਪੰਕਤੀ ਧਰੇ।

ਥਾਰ ਪਰੋਸੇ ਸਤ ਪਕਵਾਨ।
ਮੋਦਕ ਸ੍ਵਾਦ ਜਲੇਬ ਮਹਾਨ ॥੨੧॥
ਮੇਵੇ ਬ੍ਰਿੰਦ ਅਮੇਜ਼ ਕਰੇ ਹੈਂ।
ਅੱਗ੍ਰ ਸਭਿਨਿ ਕੇ ਆਨਿ ਧਰੇ ਹੈਂ।
ਰੁਚਿ ਸੋਂ ਖਾਵਨਿ ਲਗੇ ਅਹਾਰਾ।
ਮਨ ਭਾਵਨਿ ਜਿਨਿ ਸ੍ਵਾਦ ਉਦਾਰਾ ॥੨੨॥
ਮਿਲੀ ਆਇ ਗਨ ਪੰਕਜ ਨੈਨੀ।
ਗਾਵਨ ਲਗੀ ਮਧੁਰ ਪਿਕ ਬੈਨੀ[1]। [1]ਕੋਇਲ ਵਤ ਬੋਲਾਂ ਵਾਲੀਆਂ।
ਲੇ ਲੇ ਨਾਮ ਨਿਕਾਰਤਿ ਗਾਰੀ[†]।

[†]ਸਤਿਗੁਰ ਕੁੜਮ ਹੋਣ, ਗੁਰ ਕੀ ਨਾਮ ਲਿਵ ਵਾਲੀ ਜੰਞ ਹੋਵੇ, ਮਾਂਞੀ ਤੇ ਸਮਧੀ ਸਾਰੇ ਗੁਰੂ ਕੇ ਸਿੱਖ ਹੋਣ, ਫਿਰ ਬਾਣੀ ਦੀਆਂ ਪ੍ਰੇਮਣਾਂ ਤੇ ਨਾਮ ਰੰਗ ਵਾਲੀਆਂ ਮਾਈਆਂ ਗਾਲੀਆਂ ਦੇਣ ਲਗੀਆਂ, ਇਹ ਗੱਲ ਅਟਪਟੀ ਹੈ, ਕਦੇ ਯਕੀਨ ਕਰਨੇ ਲਾਇਕ ਨਹੀਂ ਹੋ ਸਕਦੀ। ਗੁਰੂ ਰਚੀ ਬਾਣੀ ਮਾਈ ਭਾਈ ਸਾਰੇ ਕੰਠ ਕਰਦੇ ਤੇ ਗਾਉਂਦੇ ਸਨ। ਇਸ ਰਸ ਦੇ ਪ੍ਰੇਮੀ ਕਦੋਂ ਨੀਵੇਂ ਰਸਾਂ ਵਿਚ ਆਉਂਦੇ ਸੀ, ਵਿਸ਼ੇਸ਼ ਲਈ ਦੇਖੋ ਰਾਸਿ ੪ ਅੰਸੂ ੪ ਅੰਕ ੧੪ ਦੀ ਹੇਠਲੀ ਟੂਕ।

ਚਢਿ ਬੈਠੀ ਗਨ ਊਚ ਅਟਾਰੀ ॥੨੩॥
ਆਨੰਦਤਿ ਨਰ ਬ੍ਰਿੰਦ ਬਰਾਤ।
ਭੋਜਨ ਅਚਵਿ ਉਠੇ ਇਸ ਭਾਂਤਿ।
ਪਾਇ ਜੂਠ ਮੈਂ ਧਨ ਗਨ ਤਬੈ[†]। [†]ਇਹ ਬੀ ਰਾਜਸੀ ਘਰਾਂ ਦੀ ਚਾਲ ਦੱਸ ਰਹੇ ਹਨ।
ਰੀਤਿ ਅਪਰ ਜੇਤਿਕ ਕਰਿ ਸਬੈ ॥੨੪॥
ਬਾਦਿਤਿ ਬਜਤਿ ਆਇ ਨਿਜ ਡੇਰੇ।
ਬੈਠੇ ਸਤਿਗੁਰ ਸ਼ੁਭਤਿ ਬਡੇਰੇ।
ਅਲਪ ਸਮੇਂ ਮਹਿਂ[1] ਬਹੁਰ ਹਕਾਰੇ। [1]ਥੋੜੇ ਸਮੇਂ ਪਿਛੋਂ।
'ਫੇਰੇ ਲੇਨਿ ਚਲਹੁ ਹੁਇ ਤਜਾਰੇ' ॥੨੫॥
ਬਾਦਤਿ ਬਾਜੇ[1] ਬਹੁਰ ਬਿਸਾਲੇ। [1]ਵਾਜੇ ਵੱਜੇ।
ਲੇ ਪਰਧਾਨ[1] ਨਰਨਿ ਗੁਰੁ ਚਾਲੇ। [1]ਮੁਖੀ।
ਸ਼੍ਰੀ ਗੁਰਦਿੱਤਾ ਕੀਨਿ ਅਗਾਰੀ।
ਜਾਇ ਪ੍ਰਵੇਸ਼ੇ ਸਦਨ ਮਝਾਰੀ ॥੨੬॥
ਬੇਦੀ ਬਿਖੈ ਜਾਇ ਬੈਠਾਏ।
ਨਵ ਗ੍ਰੈਹ ਕੋ ਅਭਿਖੇਕ ਕਰਾਏ।
ਅਗਨਿ ਪੂਜ ਕਰਿ ਹਮਨ ਕਰਜੋ ਹੈ।
ਬੇਦ ਮੰਤ੍ਰਿ ਕੋ ਦਿਜਨਿ ਰਰਜੋ[1] ਹੈ ॥੨੭॥ [1]ਉਚਾਰਿਆ।
ਫੇਰਿ ਹੁਤਾਸਨ ਕੇ ਚਹੁੰ ਫੇਰੇ।
ਉਠਿ ਕਰਿ ਫਿਰਤਿ ਗੁਰੂ ਸੁਤ ਫੇਰੇ।
ਅਪਰ ਰੀਤਿ ਰਾਮੇ ਸਭਿ ਕਰੀ।

ਜਿਮਿ ਜਿਮਿ ਗਨ ਬਿੱਪ੍ਰਨਿ ਤਬਿ ਰਹੀ[1]† ॥੨੮॥

[1]ਸਾਰੇ ਬ੍ਰਾਹਮਣਾਂ ਨੇ ਕਹੀ।

†ਤੀਸਰੀ ਪਾਤਸ਼ਾਹੀ ਨੇ ਅਨੰਦ ਮਰ੍ਯਾਦਾ ਜਾਰੀ ਕੀਤੀ। ਲਾਵਾਂ ਚੌਥੇ ਸਤਿਗੁਰਾਂ ਚਲਾਈਆਂ ਤਦੋਂ ਤੋਂ ਗੁਰੂ ਘਰ ਦੀ ਰੀਤੀ ਇਹ ਸਥਾਪਨ ਹੋਈ। ਬ੍ਰਾਹਮਣੀ ਰੀਤੀ ਦਾ ਹੋਣਾ ਅਸਿੱਧ ਹੈ। ਕਵੀ ਜੀ ਪਰ ਪੰਡਿਤਾਂ ਦੇ ਜ਼ੋਰ ਬਾਬਤ 'ਪ੍ਰਸਤਾਵਨਾ' ਪੜ੍ਹੋ।

ਸਤਿਗੁਰੁ ਦਾਨ ਮਾਨ ਬਡਿ ਦੀਨਿ।
ਬਿੱਪ੍ਰਨਿ ਕੋ ਪ੍ਰਸੰਨ ਮਨ ਕੀਨਿ।
ਬਹੁਰ ਨਿਵੇਸ ਪ੍ਰਵੇਸ਼ੇ ਜਾਇ।
ਸ਼ੇਖ ਨਿਸ਼ਾ ਅਸ਼ੇਖ ਸੁਪਤਾਇ ॥੨੯॥
ਹੋਤਿ ਪ੍ਰਾਤਿ ਕੇ ਬਾਜੇ ਬਜੇ।
ਉਠੇ ਸਕਲ ਨਿਜ ਬਸਤ੍ਰਨਿ ਸਜੇ।
ਸ਼੍ਰੀ ਨਾਨਕ ਕੋ ਜਹਿਂ ਇਸਥਾਨ।
ਗਏ ਗੁਰੂ ਸੁਤਿ ਸੰਗਿ ਸੁਜਾਨਿ ॥੩੦॥
ਸਾਈਂਦਾਸ ਕਹ੍ਯੋ ਕਰ ਜੋਰਿ।
'ਕਿਮਿ ਬੰਦਨ ਕੀਨੀ ਇਸਿ ਠੌਰਿ?'
ਸ਼੍ਰੀ ਨਾਨਕ ਕੋ ਵਜਾਹ ਪ੍ਰਸੰਗ।
ਕਹ੍ਯੋ ਗੁਰੂ ਨੇ ਤਿਸਿ ਕੋ ਸੰਗਿ ॥੩੧॥
'ਆਏ ਇਹਾਂ ਫਿਰੇ ਨਿਜ ਫੇਰੇ।
ਮੂਲੇ ਕੇ ਘਰ ਮਹਿਂ ਤਿਸਿ ਬੇਰੇ।'
ਪੂਜਾ ਕਰਿ ਸਥਾਨ ਕੀ ਆਏ।
ਪੁਨ ਭੋਜਨ ਹਿਤ ਗਰੂ[1] ਬੁਲਾਏ ॥੩੨॥ [1]ਗੁਰੂ ਜੀ ਨੂੰ।
ਸ਼੍ਰੀ ਹਰਿਗੋਵਿੰਦ ਸਿਵਕਾ ਚਰਿ ਕੈ।
ਚਲੇ ਬਰਾਤਿ ਸੰਗਿ ਲੇ ਕਰਿ ਕੈ।
ਚਮਰੁ[1] ਢੁਰਤਿ ਹੈ ਬਾਰੰਬਾਰੀ। [1]ਚੌਰ।
ਸ੍ਵੇਤ ਪੁਸ਼ਾਕ ਸਜੈ ਦੁਤਿ ਭਾਰੀ ॥੩੩॥
ਨਵਲਾ[1] ਹਾਥ ਗਹੀ ਚਪਲਾਵੈਂ[2]। [1]ਫੁਲਾਂ ਦੀ ਛਟੀ। [2]ਹਿਲਾਂਵਦੇ ਹਨ। (ਗੁਰੂ ਜੀ)।
ਜਿਤਿ ਦਿਸ਼ਿ ਮੁਖ ਕਰਿ ਦ੍ਰਿਸ਼ਟਿ ਚਲਾਵੈਂ।
ਖਰੇ ਹਜ਼ਾਰਹੁਂ ਬੰਦਨ ਠਾਨਹਿਂ।
ਮੰਦ ਮੰਦ ਮਗ ਕੀਨਿ ਪਯਾਨਹਿ ॥੩੪॥
ਪਹੁੰਚੇ ਚਲਿ ਰਾਮੇ ਕੇ ਪੌਰ।
ਹਿਤ ਆਦਰ ਆਵਤਿ ਸਭਿ ਦੌਰਿ।
ਹਾਥ ਜੋਰਿ ਮੁਖ ਬਿਕਸਿ ਦਿਖਾਵਤਿ।
'ਧੰਨ ਗ਼ਰੀਬ ਨਿਵਾਜ' ਅਲਾਵਤਿ

॥੩੫॥
ਚਾਰੁ ਚੁਕੋਨੀ ਚੌਂਕੀ ਚੰਦਨ।
ਗੁਰੂ ਬਿਠਾਏ ਕਰਿ ਕਰਿ ਬੰਦਨ।
ਔਰ ਮੋਹਰੀ ਆਦਿ ਬਡੇਰੇ।
ਉਚਾਸਨ ਪਰ ਥਿਰਿ ਤਿਸਿ ਬੇਰੇ ॥੩੬॥
ਉੱਤਮ ਸਭਿ ਪਕਵਾਨ ਪਰੋਸੇ।
ਇਤੋ ਪਾਇਂ, ਇਕਿ ਬਿਰਿ ਜਿਮਿ ਤੋਸੇ[1]। [1]ਇਕੇ ਵੇਰ ਰੱਜ ਜਾਵਣ।
ਪਿਸਤਾ ਦਾਖ ਬਦਾਮਨਿ ਗਿਰੀ।
ਸਰਬ ਅਮੇਜ਼ ਮਧੁਰਤਾ ਕਰੀ ॥੩੭॥
ਅਚਿਵਨਿ ਕਰਤਿ ਬਰਾਤੀ ਸਾਰੇ।
ਹਰਖਤਿ ਗਾਰੀ ਨਾਰਿ ਨਿਕਾਰੇ।
ਗਾਵਤਿ ਗੀਤ ਸੁਨਤਿ ਮਨ ਭਾਏ।
ਅਚਵਿ ਜਥਾ ਰੁਚਿ ਸਭਿ ਤ੍ਰਿਪਤਾਏ
॥੩੮॥
ਜੁਠ ਪਾਇ ਧਨ ਹਾਥ ਪਖਾਰੇ।
ਸਕਲ ਰੀਤਿ ਕਰਿ ਸਿਵਰ ਸਿਧਾਰੇ।
ਸੂਰਜ ਮੁਖੀ ਅਗਾਰੀ ਕਰੇ।
ਕੰਚਨ ਦੰਡ ਬੀਜਨਾ[1] ਧਰੇ ॥੩੯॥ [1]ਸੋਨੇ ਦੀ ਡੰਡੀ ਵਾਲਾ ਪੱਖਾ।
ਭਾਟ ਨਕੀਬ ਬੋਲਤੇ ਚਾਲਤਿ।
ਗੁਰੁ ਜਸੁ ਸ਼੍ਰਵਨ ਸਭਿਨਿ ਕੇ ਡਾਲਤਿ।
ਤਰੁਨ ਢਲੈਤ[1] ਸਮੂਹ ਸਿਪਾਹੀ। [1]ਜਵਾਨ ਸੂਰਮੇ।
ਗਮਨਤਿ ਅੱਗ੍ਰ ਤ੍ਰਾਸ ਉਰ ਨਾਂਹੀ ॥੪੦॥
ਡੇਰੇ ਸਹਤ ਸਮਾਜ ਬਿਰਾਜੇ।
ਬਸਨ ਬਿਭੂਖਨ ਸੁੰਦਰ ਸਾਜੇ।
ਮੰਗਤਿ ਜਨ ਗਨ ਗਨ ਹੁਇ[1] ਆਵੈਂ। [1]ਬਹੁਤੇ ਇਕੱਠੇ ਹੋ ਹੋਕੇ।
ਸਰਬ ਮਸੰਦਨਿ ਤੇ ਸਭਿ ਪਾਵੈਂ ॥੪੧॥
ਬੀਤਯੋ ਦਿਵਸਿ ਜਾਮਨੀ ਆਈ।
ਸੁਪਤਿ ਜਥਾ ਸੁਖ ਤਬਿ ਸਮੁਦਾਈ।
ਪ੍ਰਾਤਿ ਉਠੇ ਕਰਿ ਸੌਚ ਸ਼ਨਾਨੇ।
ਸਭਿਨਿ ਸੰਗਿ ਸਤਿਗੁਰੂ ਬਖਾਨੇ ॥੪੨॥
'ਸਜਿ ਸਜਿ ਵਾਹਨ ਕੀਜਹਿ ਤਯਾਰੀ।'
ਸੁਨਤਿ ਸਕਲ ਤੂਰਨਤਾ ਧਾਰੀ।

ਚਢੇ ਪਾਲਕੀ ਗੁਰੂ ਸਿਧਾਰੇ।
ਸਾਈਂਦਾਸ ਤੁਰੰਗ ਅਸਵਾਰੇ ॥੪੩॥
ਕਰਤਿ ਬਤਕ ਹੀ ਅਚਲ[1] ਸਿਧਾਏ।
ਆਦਿ ਮੋਹਰੀ ਦਾਤੂ ਆਏ।
ਗੁਰੁ ਥਲ ਚਹਿਤਿ ਬਿਲੋਕਨਿ ਸਾਰੇ।
ਗਏ ਚੌਂਪ ਚਿਤ ਗੁਰੁ ਪਿਛਾਰੇ ॥੪੪॥
ਜਾਇ ਪਹੂੰਚੇ ਦਰਸ਼ਨ ਕਰਜੋ।
ਬੰਦਨ ਕੀਨਿ ਧਰਨਿ ਸਿਰ ਧਰਜੋ।
ਪੰਚਾਂਮ੍ਰਿਤ[1] ਅਧਿਕ ਕਰਿਵਾਇ।
ਗੁਰੁ ਅਰਪਨਿ ਕਰਿ ਸਰਬ ਬ੍ਰਤਾਇ ॥੪੫॥
ਸੁਨੀ ਬਿਲਾਵਲ ਚੌਂਕੀ ਤਹਾਂ।
ਸਭਾ ਬਿਸਾਲ ਲਗੀ ਦੁਤਿ ਮਹਾਂ[1]।
ਖਰੇ ਹੋਇ ਅਰਦਾਸ ਕਰਾਈ।
ਬਹੁਰ ਪਾਲਕੀ ਚਢੇ ਗੁਸਾਈਂ ॥੪੬॥
ਸਾਂਈਦਾਸ ਨਿਕਟਿ ਤਿਸ ਬੇਰੀ।
ਬੂਝਿ ਕਥਾ ਸ਼੍ਰੀ ਨਾਨਕ ਕੇਰੀ।
'ਕਿਸਿ ਕਾਰਨ ਤੇ ਇਸਿ ਥਲ ਆਏ?'
ਸ਼੍ਰੀ ਹਰਿਗੋਵਿੰਦ ਸਰਬ ਬਤਾਏ ॥੪੭॥
'ਗੋਰਖਾਦਿ ਇਹ ਸਿੱਧਨਿ ਥਾਨਾ।
ਤਿਨਿ ਢਿਗਿ ਮੇਲਾ ਲਗਹਿ ਮਹਾਨਾ।
ਤਿਨਿ ਕੋ ਮਾਨ ਹਾਨ ਹਿਤ[1] ਆਏ।
ਪਿਖਿ ਸਿੱਧਨਿ ਨਿਜ ਸ਼ਕਤਿ ਦਿਖਾਏ ॥੪੮॥
ਸ਼੍ਰੀ ਨਾਨਕ ਨਿਜ ਅਜ਼ਮਤਿ ਸੰਗ।
ਕਰੇ ਜ਼ੇਰ, ਜੀਤੇ, ਮਦ ਭੰਗ[1]।
ਪਰੇ ਚਰਨ ਪੁਰਨ ਅਰੇ ਨ ਕੈਸੇ।
ਮਹਾਂ ਮਤੰਗ ਸ਼ੇਰ ਸੰਗਿ ਜੈਸੇ ॥੪੯॥
ਤਬਿ ਕੋ ਇਹ ਉੱਤਮ ਇਸਥਾਨਾ।
ਜਿਸਿ ਦਰਸੇ ਫਲ ਹੋਤਿ ਮਹਾਨਾ।
'ਏਵ ਸੁਨਾਵਤਿ ਪਹੁੰਚੇ ਡੇਰੇ।
ਰਾਮੇ ਸੁਨਿ[1] 'ਆਏ ਇਸ ਬੇਰੇ' ॥੫੦॥

[1]ਬਾਤਾਂ ਕਰਦੇ ਅਚਲ ਵਟਾਲੇ (ਗੁਰ ਅਸਥਾਨ)।

[1]ਕੜਾਹ ਪ੍ਰਸ਼ਾਦ।

[1]ਬੜੀ ਸ਼ੋਭ ਰਹੀ ਸੀ।

[1]ਹੰਕਾਰ ਨਾਸ਼ ਕਰਨ ਵਾਸਤੇ।

[1]ਅਧੀਨ ਕੀਤੇ ਤੇ ਜਿੱਤਕੇ ਹੰਕਾਰ ਨਾਸ਼ ਕੀਤਾ।

[1]ਰਾਮੇ ਨੇ ਸੁਣਿਆਂ ਕਿ।

ਤਾਤਕਾਲ ਨਿਜ ਸਦਨ ਬੁਲਾਏ।
ਭਲੀ ਭਾਂਤਿ ਭੋਜਨ ਤ੍ਰਿਪਤਾਏ।
ਇਸੀ ਰੀਤਿ ਬੀਤੇ ਦਿਨ ਤੀਨ।
ਨਿਕਟਿ ਨਿਕਟਿ ਸੰਗਤ ਸੁਨਿ ਲੀਨਿ ॥੫੧॥
'ਨੰਦਨ ਬਜਾਹਨਿ ਗੁਰੁ ਪੁਰਿ ਆਏ[1]।'
ਦਰਸ਼ਨ ਹੇਤ ਸਕਲ ਹੀ ਧਾਏ।
ਜਥਾ ਸ਼ਕਤਿ ਬੇਟਨਿ ਕੋ ਦੇਤਿ।
ਬੰਦਤਿ ਨੇਤ੍ਰ ਸਫਲ ਕਰਿ ਲੇਤਿ ॥੫੨॥
ਤ੍ਰੈ ਦਿਨ ਸੰਗਤਿ ਆਵਤਿ ਰਹੀ।
ਕਰਿ ਅਰਦਾਸ ਕਾਮਨਾ ਲਹੀ।
ਅਤਿ ਉਤਸਵ ਲਖਿ ਸਭਿ ਬਿਸਮਾਏ।
ਮਨਹੁ ਅਨੰਦ ਰੂਪ ਸਮੁਦਾਏ ॥੫੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ੍ਰੀ ਗੁਰਦਿੱਤਾ ਬਜਾਹ' ਪ੍ਰਸੰਗ ਬਰਨਨੰ ਨਾਮ ਸਸ਼ਠੀ ਅੰਸੂ ॥੬੦॥

[1](ਵਟਾਲੇ) ਪੁਰ ਵਿਚ ਗੁਰੂ ਜੀ ਆਏ ਹਨ।

੬੧. [ਭਾਈ ਮਿਹਰਾ]

੬੦<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੬੨

ਦੋਹਰਾ:

ਦਿਨ ਚੌਥੇ ਮਹਿਂ ਚਲਨਿ ਕੋ,
ਸ਼੍ਰੀ ਸਤਿਗੁਰ ਫੁਰਮਾਇ।
ਨਰ ਨਾਰੀ ਸੁਨਿ ਦੁਖਿਤਿ ਚਿਤ,
'ਪੁਨ ਇਮਿ ਕਿਮਿ ਦਰਸਾਇ[1]' ॥੧॥

[1]ਫਿਰ ਇਸ ਤਰ੍ਹਾਂ ਦੇ (ਭਾਵ ਆਪਣੇ ਨਗਰ ਵਿਚ) ਦਰਸ਼ਨ ਕਿਵੇਂ ਹੋਣਗੇ?

ਚੌਪਈ:

'ਦੇਸ਼ ਬਿਦੇਸ਼ਨਿ ਕੇ ਜਿਨਿ ਤਾਈਂ[1]।
ਦਰਸ਼ਨ ਹੇਤ ਅਏ ਸਮੁਦਾਈ[1]।
ਹੇ ਅਲਿ! ਸੋ ਹਮਰੇ ਪੁਰਿ ਆਏ।
ਧੰਨ ਭਾਗ ਇਨ ਕੇ[1†] ਲਖਿ ਪਾਏ ॥੨॥

[1]ਦੇਸ਼ ਵਿਦੇਸ਼ਾਂ ਦੇ (ਸਿੱਖ) ਜਿਨ੍ਹਾਂ (ਗੁਰੂ ਸਾਹਿਬਾਂ) ਦੇ।

[1]ਦਰਸ਼ਨ ਵਾਸਤੇ ਕੱਠੇ ਹੋਕੇ ਆਉਂਦੇ ਹਨ।

[1]ਰਾਮੇ ਦੇ ਪਰਵਾਰ ਦੇ। [†]ਪਾ:-ਹਮਰੇ?

ਰਾਮੇ ਕੀ ਤਨੁਜਾ ਬਡਭਾਗਨਿ।
ਗੁਰੁ ਸੁਤ ਤੇ ਜੋ ਭਈ ਸੁਹਾਗਨਿ।
ਤਿਹ ਸੰਬੰਧ ਤੇ ਹਮ ਭੀ ਧੰਨ।
ਤੀਨ ਦਿਵਸ ਗੁਰ ਪਿਖੇ ਪ੍ਰਸੰਨ[1]' ॥੩॥

[1]ਦਰਸ਼ਨ ਕਰਕੇ ਪ੍ਰਸੰਨ ਹੋਏ ਹਾਂ।

ਇੱਤਯਾਦਿਕ ਕਹਿ ਕਹਿ ਉਤਸਾਹੀ।
ਆਇ ਮਿਲੀ ਰਾਮੇ ਘਰ ਮਾਂਹੀ।
ਕਰਨਿ ਬਿਦਾ ਕੋ ਗੁਰੂ ਬੁਲਾਏ।
ਸ਼ੁਭ ਆਸਨ ਪਰਿ ਊਚ ਬਿਠਾਏ ॥੪॥
ਦਾਜ ਸਮਾਜ ਸਰਬ ਲੇ ਆਵਾ।
ਦਿਖਰਾਵਿਤ ਤਿਸਿ ਥਾਨ ਟਿਕਾਵਾ।
ਨਿਜ ਤਨੁਜਾ ਨੇਤੀ[†] ਲੇ ਆਵਾ।
ਕਰਿ ਸੰਕਲਪ ਸਰਬ ਅਰਪਾਵਾ ॥੫॥

[†]ਪਾ:-ਤਾਂਹੀ।

ਬਸਤ੍ਰ ਬਿਭੂਖਨ ਬਾਸਨ ਬ੍ਰਿੰਦ।
ਬੋਲਜੇ ਰਾਮਾ ਦ੍ਵੈ ਕਰ ਬੰਦਿ।
'ਤੁਮਰੇ ਸੁਤ ਕੀ ਸੇਵਾ ਹੇਤ।
ਇਕਿ ਦਾਸੀ ਮੈਂ ਦਈ ਨਿਕੇਤ ॥੬॥
ਅਪਰ ਨਹੀਂ ਮੁਝ ਤੇ ਬਨਿ ਆਈ।
ਰਾਖਹੁ ਲਾਜ ਜਾਨਿ ਅਪਨਾਈ।
ਬਿਰਦ ਗ਼ਰੀਬ ਨਿਵਾਜਾ ਤੁਮਾਰਾ।
ਸਮ ਨ ਪਾਇ ਖੋਜਿਯ ਜਗ ਸਾਰਾ[1]' ॥੭॥

[1]ਜੇ ਸਾਰਾ ਜਗਤ ਭਾਲੀਏ।

ਸ਼੍ਰੀ ਹਰਿ ਗੋਵਿੰਦ ਧੀਰਜ ਦੀਨਿ।
'ਸਾਧੁ ਸਾਧੁ, ਪੁਨ ਨੰਮ੍ਰੀ ਕੀਨਿ[1]।'

[1]ਇੰਨਾ ਦੇ ਕੇ) ਫੇਰ ਤੂੰ 'ਨਿੰਮ੍ਰਤਾ ਕੀਤੀ ਹੈ, ਸ਼ਾਬਾਸ਼ ਸ਼ਾਬਾਸ਼।

ਇਮਿ ਕਹਿ ਕਰਿ ਬਾਹਰਿ ਕੋ ਆਏ।
ਚਢਨਿ ਹੇਤ ਤਯਾਰੀ ਕਰਿਵਾਏ ॥੮॥
ਨੇਤੀ ਡੋਰੇ ਬਿਖੈ ਬਿਠਾਈ।
ਮਿਲਿਨਿ ਹੇਤਿ ਤ੍ਰਿਯ ਬਾਹਰਿ ਆਈ।
ਤਨੁਜਾ ਸੋਂ ਮਿਲਿ ਮਿਲਿ ਸੁਖਦੇਈ[1]।

[1]ਨੇਤੀ ਜੀ ਦੀ ਮਾਤਾ।

ਅਨਿਕ ਪ੍ਰਕਾਰਨਿ ਸਿੱਖ੍ਯਾ ਦੇਈ ॥੯॥
ਬਿਰਹ ਹੋਨਿ ਤੇ ਅੱਸ਼੍ਰੂ ਮੋਚਿਤਿ[1]।

[1]ਹੰਝੂ ਕੇਰਦੀ ਹੈ।

ਮੰਗਲ ਸਮੈ ਜਾਨਿ ਸੰਕੋਚਤਿ।
ਸਭਿ ਅਬਲਾ ਨਿਜ ਗਰੇ ਲਗਾਵੈਂ।
'ਥਿਰੁ ਸੁਹਾਗ' ਆਸ਼ਿਖਾ ਅਲਾਵੈਂ ॥੧੦॥
ਆਗੈ ਡੋਰੇ ਕੋ ਕਰਿ ਲਿੱਤਾ।
ਗਮਨੇ ਪਾਛੈ ਸ਼੍ਰੀ ਗੁਰਦਿੱਤਾ।
ਦੋਨਹੁ ਪਰ ਧਨ ਕੋ ਬਰਖਾਵੈਂ।
ਜਨੁ ਊਨਵਿ ਘਨ ਬੂੰਦ ਗਿਰਾਵੈਂ ॥੧੧॥
ਸਭਿ ਬਿਧਿ ਬਾਜੇ ਬਜਤਿ ਅਗਾਰੀ।
ਚਲੇ ਸੁਧਾਸਰ ਪੰਥ ਮਝਾਰੀ।
ਕੇਤਿਕ ਨਰ ਸੋਂ ਆਵਤਿ ਰਾਮਾ।
ਏਕ ਕੋਸ ਪਹੁੰਚਯੋ ਤਜਿ ਧਾਮਾ ॥੧੨॥
ਦੇ ਧੀਰਜਿ ਸਤਿਗੁਰ ਤਬਿ ਮੋਰੇ।
ਬੰਦੇ ਚਰਨ ਕਮਲ ਕਰ ਜੋਰੇ।
ਗਮਨੇ ਮਾਰਗ ਸਹਤ ਬਰਾਤੀ।
ਗਏ ਪ੍ਰਥਮ ਆਏ ਤਿਸਿ ਭਾਂਤੀ[1] ॥੧੩॥

[1]ਜਿਵੇਂ ਪਹਿਲੋਂ ਗਏ ਸਨ ਤਿਸੇ ਤਰ੍ਹਾਂ ਆਏ।

ਏਕਿ ਨਿਸਾ ਬਸਿ ਕੈ ਮਗ ਮਾਂਹੀ।
ਆਵਤਿ ਭੇ ਅਪਨੇ ਪੁਰਿ ਪਾਹੀ।
ਪੂਰਬ ਗਯੋ[1], ਜਾਇ ਸੁਧਿ ਦੀਨਿਸਿ।

[1]ਪਹਿਲੋਂ ਗਿਆ (ਕੋਈ ਸਿੱਖ)।

ਸੁਨਿ ਗੰਗਾਦਿਕ ਆਨੰਦ ਕੀਨਿਸਿ ॥੧੪॥
ਸਕਲ ਮੇਲਿ ਕੀ ਅਬਲਾ ਜੇਈ।
ਸੁਨਿ ਆਗਵਨ ਤਯਾਰ ਭੀ ਤੇਈ।

ਡੋਰੇ ਸਹਤ ਸੁ ਦ੍ਵਾਰ ਅਗਾਰੇ।
ਗੁਰੁ ਸੁਤ ਆਯਹੁ ਸਰਬ ਨਿਹਾਰੇ[1] ॥੧੫॥ [1]ਸਭਨਾਂ ਨੇ ਦੇਖਿਆਂ।
ਪਿਖਿ ਦਮੋਦਰੀ ਪੁੱਤ੍ਰ ਸੁਨੂਖਾ[1]। [1]ਨੂੰਹ ਪੁੱਤ੍ਰ ਨੂੰ।
ਮਨਹੁ ਕਲਪਤਰੁ ਲਹਜੋ[1] ਅਦੂਖਾ। [1]ਮਿਲਿਆ ਹੈ।
ਬਾਰਿ ਬਾਰਿ ਬਾਰੀ ਬਰ ਬਾਰਾ[1]। [1]ਬਾਰ ਬਾਰ ਸ੍ਰੇਸ਼ਟ ਜਲ ਵਾਰਿਆ।
ਭਲੀ ਰੀਤਿ ਲੇ[1] ਸਦਨ ਮਝਾਰਾ ॥੧੬॥ [1]ਲੈ ਗਏ।
ਝੋਰੀ ਪਾਇ ਦਰਬ ਕੀ ਥਾਤੀ।
ਪਿਖਤਿ ਸਨੂਖਾ ਸੀਤਲ ਛਾਤੀ।
ਪੌਤ੍ਰ ਬਧੂ[1] ਕੋ ਗੰਗਾ ਹੇਰਾ। [1]ਪੋਤ੍ਰੇ ਨੂੰਹ।
ਮੁਦਿਤਿ ਮਹਾਂ ਧਨ ਦੀਨਿ ਬਡੇਰਾ ॥੧੭॥
ਆਇ ਨਾਨਕੀ ਅਰੁ ਮਰਵਾਹੀ।
ਪਿਖਿ ਪਿਖਿ ਧਨ ਦੇ ਸਰਬ ਸਰਾਹੀ।
ਅਪਰ ਮੇਲਿ ਕੀ ਅਬਲਾ ਸਾਰੀ।
ਦੇਤਿ ਦਰਬ ਗਨ ਬਧੂ ਨਿਹਾਰੀ ॥੧੮॥
ਸ਼੍ਰੀ ਹਰਿਗੋਵਿੰਦ ਸਹਤ ਬਰਾਤਿ।
ਆਗੈ ਕਰਿ ਗੁਰਦਿੱਤਾ ਤਾਤ।
ਗਏ ਪ੍ਰਸਾਦਿ ਲਏ ਦਰਬਾਰ।
ਪੌਰ ਦਰਸ਼ਨੀ ਬੰਦਨ ਦਾਰਿ ॥੧੯॥
ਸ਼੍ਰੀ ਹਰਿਮੰਦਰ ਬੰਦਨ ਕਰਿ ਕੈ।
ਚਾਰਹੁੰ ਕਰੀ ਪ੍ਰਕਰਮਾ ਫਿਰਿ ਕੈ।
ਅੰਤਰ ਪ੍ਰਵਿਸ਼ੇ ਬ੍ਰਿੱਧ ਨਿਹਾਰਾ[1]। [1]ਬਾਬਾ ਬੁੱਢਾ ਜੀ ਨੂੰ ਦੇਖਿਆ।
ਨਮੋ ਕਰਤਿ ਸਭਿ ਕੁਸ਼ਲ ਉਚਾਰਾ ॥੨੦॥
ਖਰੇ ਹੋਇ ਅਰਦਾਸ ਬਖਾਨੀ।
ਪੁਨ ਪ੍ਰਸਾਦਿ ਬਰਤਾਵਨਿ ਠਾਨੀ।
ਤਖਤ ਅਕਾਲ ਬੈਠਿਗੇ ਆਇ।
ਮਿਲਿ ਗੁਰਦਾਸ ਨਮੋ ਜੁਤਿ ਗਾਇ[1] ॥੨੧॥ [1]ਬੰਦਨਾ ਸਹਤ (ਸੁਖ ਅਨੰਦ) ਕਹੀ।
ਕਹਜੋ ਮਸੰਦਨਿ ਸੋਂ ਗੁਰੁ ਤਬੈ।
'ਸੁਧਿ ਲਿਹੁ ਨਰ ਬਰਾਤਿ ਜੇ ਸਬੈ।
ਖਾਣਾ ਦਾਣਾ ਦੇਹੁ ਸੰਭਾਰਿ।
ਜਥਾ ਜੋਗ ਸਭਿ ਕੋ ਨਿਰਧਾਰਿ' ॥੨੨॥
ਉਠਿ ਕਰਿ ਨਿਜ ਮਹਿਲੀਂ ਗੁਰੁ ਗਏ।

ਸੰਧਯਾ ਸੂਰ ਅਥਯੋ ਤਮ ਭਏ[1]।
ਤਬਿ ਗੰਗਾ ਸਗਰੋ ਪਰਵਾਰ।
ਸਹਤ ਮੇਲਿ ਸਭਿ ਕਰਿ ਕੈ ਤਯਾਰਿ ॥੨੩॥
ਜਾਇ ਕਰੀ ਬੰਦਨ ਹਰਿਮੰਦਰ।
ਦੀਨਿ ਪ੍ਰਦਛਨਾ ਫਿਰਿ ਸਭਿ ਸੁੰਦਰਿ[1]।
ਧਰਿ ਅਕੋਰ ਪੁਨ ਮੁਰਿ ਕਰਿ ਆਈ।
ਗਾਵਤਿ ਗੀਤਨਿ ਦੇਤਿ ਵਧਾਈ ॥੨੪॥
ਖਾਨ ਪਾਨ ਪੁਨ ਕਰਿ ਸਮੁਦਾਈ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਪੰਚ ਦਿਵਸ ਇਸ ਰੀਤਿ ਬਿਤਾਏ।
ਮੇਲਿ ਚਲਨਿ ਘਰ ਕੋ ਅਕੁਲਾਏ ॥੨੫॥
ਕਹਿਂ ਲਗਿ ਗਿਨੀਯਹਿ ਨਾਮ ਜੁ ਸਾਰੇ।
ਜਥਾ ਜੋਗ ਸਭਿ ਦੇ ਅਧਿਕਾਰੇ[1]।
ਦਾਨ ਮਾਨ ਸੋਂ ਕਰੇ ਬਿਸਰਜਨ।
ਨਿਜ ਨਿਜ ਘਰ ਗਮਨੇ ਹਰਖਤਿ ਮਨ ॥੨੬॥
ਮਉ, ਖਡੂਰ, ਡੱਲੇ, ਮੰਡਯਾਲੀ।
ਗੋਇੰਦਵਾਲ ਸੁ ਮੇਲਿ ਬਿਸਾਲੀ।
ਸੁਜਸੁ ਕਰਤਿ ਨਿਜ ਨਿਜ ਘਰਿ ਗਏ।
'ਉਤਸਵ ਅਧਿਕ ਬਯਾਹ ਮਹਿਂ ਭਏ' ॥੨੭॥
ਰਾਮੋ ਸਹਤ ਸੁ ਸਾਂਈਦਾਸ।
ਨਹਿਂ ਗਮਨਯੋ ਰਹਿ ਸਤਿਗੁਰੁ ਪਾਸਿ।
'ਕੇਤਿਕ ਦਿਨ ਹੌਂ ਦਰਸ਼ਨ ਕਰੌਂ।
ਨਹੀਂ ਜਾਨਿ ਘਰ ਇੱਛਾ ਧਰੌਂ ॥੨੮॥
ਹੁਇ ਪ੍ਰਸੰਨ ਪ੍ਰੇਮੀ ਬਡ ਜਾਨਾ।
ਗੁਰ ਨਿਜ ਨਿਕਟਿ ਰਾਖਿ ਬੈਠਾਨਾ।
ਮਿਹਰਾ ਨਾਮ ਸਿੱਖ ਇਕਿ ਗੁਰੁ ਕਾ।
ਬਸਹਿ ਬਕਾਲੇ ਪ੍ਰੇਮੀ ਉਰ ਕਾ ॥੨੯॥
ਤੀਰ ਬਿਪਾਸਾ ਕੇ ਸ਼ੁਭ ਗ੍ਰਾਮ।

[1]ਸੂਰਜ ਡੁਬਿਆ, ਅੰਧੇਰਾ ਹੋਇਆ।

[1]ਸੁੰਦਰ (ਹਰਿਮੰਦਿਰ ਜੀ ਦੀ)। (ਅ) ਸੁੰਦਰ (ਇਸਤ੍ਰੀਆਂ ਨੇ)।

[1]ਜੋ ਜੋ ਜਿਸ ਦੇ ਅਧਿਕਾਰ ਸੀ।

ਸੋ ਆਯੋ ਸਿਮਰਤਿ ਸਤਿਨਾਮ।
ਉਤਸਵ ਬਜਾਹ ਬਿਖੈ ਹਰਖਾਏ।
ਮੇਲਿ ਵਿਸਾਖੀ ਕੋ ਸਮੁਦਾਏ ॥੩੦॥
ਮਿਹਰੇ ਜਥਾ ਸ਼ਕਤਿ ਕਰ ਲੀਨਿ।
ਭੇਟ ਗੁਰੂ ਆਗੈ ਧਰਿ ਦੀਨਿ।
ਮਸਤਕ ਟੇਕਤਿ ਗੁਰੂ ਬਖਾਨੀ[1]।
'ਮੋਹਿ ਭਾਵਨਾ ਪੁਰਹੁ ਮਹਾਨੀ ॥੩੧॥
ਸੁੰਦਰ ਸਦਨ ਸੁਧਾਰਨਿ ਕਰੇ।
ਤਿਨਿ ਮਹੁਂ ਚਰਨ ਆਪ ਕੋ ਫਿਰੇ।
ਮਾਤਾ ਗੰਗ ਸੰਗਿ ਚਲਿ ਆਵੈਂ।
ਇਮਿ ਦੇਖਨਿ ਮਮ ਚਿਤ ਲਲਚਾਵੈ'
॥੩੨॥
ਸੁਨਿ ਕਰਿ ਸ਼੍ਰੀ ਸਤਿਗੁਰੂ ਬਖਾਨਾ।
'ਜੇ ਕਰਿ ਪ੍ਰੇਮ ਮਨੋਰਥ ਠਾਨਾ।
ਕਜੋਂ ਨ ਹੋਹਿ ਪੂਰਨ ਮਨ ਜਾਨਹੁ।
ਅਸ ਹੁਇ ਸਮੋ, ਪ੍ਰਤੀਖਨ ਠਾਨਹੁ[1]'
॥੩੩॥
ਸੁਨਿ ਗੁਰੁ ਤੇ ਆਇਸੁ ਕੋ ਲੀਨਿ।
ਗਮਨਜੋ ਸ਼੍ਰੀ ਗੰਗਾ ਘਰ ਚੀਨਿ।
ਪੌਤ੍ਰ ਬਜਾਹ ਤੇ ਹਰਖਤਿ ਹੋਈ।
ਵਧੀ ਬੇਲ ਗੁਰੁ ਬਚ ਫੁਰਿ ਸੋਈ ॥੩੪॥
ਮਿਹਰੇ ਅੱਗ੍ਰ ਉਪਾਇਨਿ ਧਰੀ।
ਹਾਥ ਜੋਰਿ ਅਭਿਬੰਦਨ ਕਰੀ।
ਅਤਿ ਪ੍ਰਸੰਨ ਹੁਇ ਬੂਝਨਿ ਠਾਨਾ।
ਮਾਤ ਗੰਗ[1] 'ਆਨੰਦ ਮਹਾਨਾ?' ॥੩੫॥
ਸੁਨਿ ਮਿਹਰੇ ਬ੍ਰਿਤੰਤ ਨਿਜ ਭਾਖਾ।
'ਮਨ ਮੇਰੇ ਅਸ ਹੈ ਅਭਿਲਾਖਾ।
ਸ਼੍ਰੀ ਹਰਿ ਗੋਵਿੰਦ ਲੇ ਕਰਿ ਨਾਲ।
ਘਰ ਦਰਸ਼ਨ ਦੇ ਕਰਹੁ ਨਿਹਾਲ ॥੩੬॥
ਸੁੰਦਰ ਮੰਦਿਰ ਮੈਂ ਬਨਿਵਾਏ।
ਦਰਬ ਅਧਿਕ ਹੀ ਤਿਨਿ ਪਰ ਲਾਏ।
ਬਸਜੋ ਨਹੀਂ ਮੈਂ ਅੰਤਰਿ ਤਾਂਹਿ।

[1]ਗੁਰੂ ਜੀ ਨੂੰ ਕਹੀ।

[1]ਐਸਾ ਸਮਾਂ ਆਵੇਗਾ, (ਤੁਸੀਂ) ਉਡੀਕ ਕਰੋ।

[1]ਮਾਤਾ ਗੰਗਾ ਜੀ ਨੇ ਪੁਛਿਆ।

ਨਏ ਹੇਰਿ ਮਨ ਉਪਜੀ ਚਾਹਿ ॥੩੭॥
ਪ੍ਰਥਮ ਗੁਰੂ ਕੇ ਪਦ ਅਰਬਿੰਦ।
ਬਿਚਰਹਿਂ ਸਦਨ, ਹੋਤਿ ਆਨੰਦ।
ਬਿਨੈ ਭਨੀ ਇਹ, ਗੁਰੂ ਅਗਾਰੀ।
ਤਉ ਸਹਾਇਤਾ ਚਹੌਂ ਤੁਮਾਰੀ ॥੩੮॥
ਕਹਿ ਕਰਿ ਆਪ ਤਯਾਰਿ ਕਰਿਵਾਵਹੁ।
ਏਕਿ ਬਾਰਿ ਤਿਸਿ ਘਰ ਪਗ ਪਾਵਹੁ।
ਸਫਲ ਕਰਹੁ ਬਨਿਬੋ ਤਿਨਿ ਸੁੰਦਰ[1]।
ਇਕਿ ਦੁਇ ਨਿਸਾ ਬਾਸ ਕਰਿ ਅੰਦਰਿ' ॥੩੯॥
ਸੁਨਿ ਗੰਗਾ ਮਿਹਰੇ ਸੰਗਿ ਕਹ੍ਯੋ।
'ਉਤਸਵ ਬਯਾਹ ਕੇਰਿ ਹੁਇ ਰਹ੍ਯੋ।
ਅਬਿ ਤੌਂ ਜਾਨੋ ਬਨੈ ਨ ਕੋਈ।
ਕੋ ਦਿਨ ਬਿਤਹਿਂ ਨਿਹਾਰੈਂ ਸੋਈ ॥੪੦॥
ਸ਼੍ਰੀ ਹਰਿਗੋਵਿੰਦ ਕੋ ਲੇ ਸੰਗਿ।
ਆਇ ਪਹੂਚਹਿਂ ਸਦਨ ਉਤੰਗ[1]।
ਨਹਿਂ ਸੰਸੈ ਇਸਿ ਮਹਿਂ ਕਿਮਿ ਜਾਨਹੁ।
ਅਬਿ ਤੂੰ ਅਪਨੇ ਧਾਮ ਪਯਾਨਹੁ' ॥੪੧॥
ਸੁਨਿ ਗੰਗਾ ਤੇ ਧੀਰਜ ਕੀਨਿ।
ਮਿਹਰੇ ਸਦਨ ਪਯਾਨਾ ਲੀਨਿ।
ਨਿਸ ਦਿਨ ਚਿਤਵਹਿ ਆਵਨਿ ਗੁਰੁ ਕੋ।
ਬਿਨੁ ਦਰਸ਼ਨ ਤੇ ਸੁਖ ਨਹਿਂ ਉਰ ਕੋ ॥੪੨॥
ਭੋਜਨ ਅਲਪ ਨੀਂਦ ਨਹਿਂ ਆਵੈ।
ਗਿਨਤੀ ਗੁਰ ਆਗਵਨ ਗਿਨਾਵੈ[1]।
ਇਕਿ ਦਿਨ ਮਾਤ ਗੰਗ ਸੁਤ ਹੇਰਾ।
ਮਿਹਰੇ ਹੇਤਿ[1] ਕਹ੍ਯੋ ਤਿਸਿ ਬੇਰਾ ॥੪੩॥
'ਹੇ ਸੁਤ! ਸਿੱਖ ਜੁ ਬਸਹਿ ਬਕਾਲੇ।
ਅਭਿਲਾਖਤਿ ਘਰ ਬਿਖੈ ਬਿਸਾਲੇ।
ਅਧਿਕ ਪ੍ਰੇਮ ਤੇ ਕਹਿ ਕਰਿ ਗਯੋ।
ਤੁਮ ਆਗਵਨਿ ਚਿਤਹਿ[1] ਬਸਿ ਭਯੋ[2]' ॥੪੪॥

[1]ਤਿਨ੍ਹਾਂ ਮਕਾਨਾਂ ਦਾ ਸੁੰਦਰ ਬਣਨਾ।

[1]ਤੇਰੇ) ਉੱਚੇ ਭਾਵ ਸ੍ਰੇਸ਼ਟ ਘਰ ਵਿਚ।

[1]ਗੁਰੂ ਜੀ ਦੇ ਆਵਣ ਦੀ ਗਿਣਤੀ ਗਿਣਦਾ ਹੈ।

[1]ਮਿਹਰੇ ਦੇ (ਘਰ ਜਾਣ) ਵਾਸਤੇ।

[1]ਚਿਤਵਦਾ ਹੈ। [2]ਪ੍ਰੇਮ ਵਸੀ ਹੋਇਆ। (ਅ) (ਸਾਡੇ) ਵਸਣ ਵਾਸਤੇ।

ਸ਼੍ਰੀ ਗੁਰੁ ਸਭਿ ਗਤਿ ਕੋ ਮਨ ਜਾਨਾ।
ਕਹਯੋ ਮਾਤ ਕੋ ਬਚ ਮਨ ਮਾਨਾ।
'ਤੁਮ ਸਮੇਤਿ ਹਮ ਚਲਹਿਂ ਤਿਥਾਈ।
ਦੁਇ ਤ੍ਰੈ ਨਿਸਾ ਬਸਹਿਂ ਤਹਿਂ ਜਾਈ'
॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਮਿਹਰੇ ਕੋ ਪ੍ਰਸੰਗ ਬਰਨਨੰ ਨਾਮ ਇਕ ਸਸ਼ਠੀ ਅੰਸੂ ॥੬੧॥

੬੨. [ਮਾਤਾ ਗੰਗਾ ਪ੍ਰਲੋਕ]

੬੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੩

ਦੋਹਰਾ:

ਸੁਨਿ ਕਰਿ ਬਚ ਇਮਿ ਮਾਤ ਕੇ ਸ਼੍ਰੀ ਗੁਰੁ
ਹਰਿ ਗੋਵਿੰਦ।
ਮਾਨਤਿ ਭੇ ਸਭਿ ਜਾਨਿ ਕੈ ਹੋਹਿ ਭਵਿੱਖਜਤਿ
ਬ੍ਰਿੰਦ[1] ॥ ੧ ॥

ਚੌਪਈ:

'ਹੋਤਿ ਪ੍ਰਭਾਤਿ ਕਰਹਿਂ ਸਭਿ ਤਜਾਰੇ।
ਚਲਹਿਂ ਬਕਾਲੇ ਸੰਗਿ ਤੁਮਾਰੇ।'
ਇਮਿ ਕਹਿ ਸੁਪਤੇ ਰਾਤਿ ਬਿਤਾਈ।
ਜਾਗੇ ਦਯਾ ਸਿੰਧੁ ਗੋਸਾਈਂ ॥੨॥
ਸੌਚ ਸ਼ਨਾਨ ਧਜਾਨ ਕੋ ਠਾਨੇ।
ਦਿਨਕਰ ਚਢੇ ਚਢਨਿ ਲਲਚਾਨੇ[1]।
ਸਭਿ ਪਰਵਾਰ ਸਦਨ ਹੀ ਰਾਖਿ।
ਹਯ ਮੰਗਵਾਇਸਿ ਚਲਿਬੇ ਕਾਂਖਿ[1] ॥੩॥
ਕੁਛ ਸਿਖ ਸੁਭਟ ਸੰਗਿ ਲੈ ਨਾਥ।
ਗੰਗ ਮਾਤ ਕੇ ਚਾਲੇ ਸਾਥਿ।
ਸ਼੍ਰੀ ਹਰਿਮੰਦਰ ਬੰਦਨ ਕਰਿ ਕੈ।
ਗਮਨਿ ਬਕਾਲੇ ਦਿਸ਼ਾ ਨਿਹਰਿ ਕੈ ॥੪॥
ਸਨੇ ਸਨੇ ਮਗ ਉਲੰਘਜੋ ਸਾਰੋ।
ਜਾਇ ਬਕਾਲੇ ਗ੍ਰਾਮ ਨਿਹਾਰੋ।
ਸਾਈਂਦਾਸ ਸੰਗਿ ਬਚ ਕਹਜੋ।
'ਇਹ ਸਥਾਨ ਆਗੇ ਜੋ ਲਹਜੋ ॥੫॥
ਪਹੁੰਚਨਿ ਉਚਿਤਿ ਇਹੀ ਲਖਿ ਲੀਜੈ।
ਕੇਤਿਕ ਦਿਨ ਬਾਸਾ ਇਤਿ ਕੀਜੈ।'
ਮਿਹਰੇ ਸੁਨਜੋ ਗੁਰੂ ਚਲਿ ਆਏ।
ਮਾਤਾ ਗੰਗਾ ਸੰਗਹਿ ਲਜਾਏ' ॥੬॥
ਹਰਖਤਿ ਗਮਨਜੋ ਲੇਨਿ ਅਗਾਰੀ।
ਆਇ ਮਿਲਜੋ ਬੰਦਨ ਪਦ ਧਾਰੀ।
ਸਤਿਗੁਰੁ ਕੁਸ਼ਲ ਬੂਝਿ ਤਿਹ ਸੰਗਾ।
'ਦਜਾ ਆਪਿ ਕੀ ਸੁਖ ਸਰਬੰਗਾ[1]' ॥੭॥

[1]ਸਾਰੀ ਭਵਿੱਖਤ ਵਿਚ ਜੋ ਹੋਣੀ ਹੈ।

[1]ਸੂਰਜ ਚੜ੍ਹੇ ਚੜ੍ਹਨਾ ਚਾਹਿਆ।

[1]ਚੱਲਣ ਦੀ ਇੱਛਾ ਕਰਕੇ।

[1]ਸਭ ਤਰ੍ਹਾਂ।

ਪੁਨ ਮਾਤਾ ਕੇ ਚਰਨੀ ਪਰਜੋ।
'ਗੁਰੁ ਚਿਤਿ ਆਵਹਿਂ' ਆਸ਼ਿਖ ਰਰਜੋ[1]।
ਮੁਦਿਤਿ ਰਿਦੇ ਲੇ ਪੁਰੀ ਸਿਧਾਰਾ।
ਜਹਾਂ ਨਵੀਨ ਨਿਕੇਤ ਉਸਾਰਾ ॥੮॥
ਤਹਿਂ ਆਛੋ ਪਰਯੰਕ ਡਸਾਵਾ।
ਸੁੰਦਰ ਆਸਤਰਨ ਸੋਂ ਛਾਵਾ[1]।
ਕਹਿ ਸਤਿਗੁਰੁ ਸੋਂ ਤਹਾਂ ਉਤਾਰੇ।
ਸਭਿ ਪਰਵਾਰ ਬੰਦਨਾ ਧਾਰੇ ॥੯॥
ਖਾਨ ਪਾਨ ਨੀਕੇ ਕਰਿਵਾਇਸਿ।
ਸਰਬ ਸੇਵ ਤੇ ਗੁਰੂ ਰਿਝਾਇਸਿ।
ਤੀਨਿ ਦਿਵਸ ਗੁਰੁ ਤਹਾਂ ਬਿਤਾਏ।
ਕਰਤਿ ਟਹਿਲ ਕੋ ਉਰ ਹਰਖਾਏ ॥੧੦॥
ਚਤੁਰਥ ਦਿਨ ਮਹਿਂ ਬੈਠੇ ਪਾਸਿ।
ਮਾਤਾ ਕੀਨਸਿ ਬਾਕ ਪ੍ਰਕਾਸ਼।
'ਹੇ ਸੁਤ ! ਸੁਪਨ ਰਾਤਿ ਕੋ ਆਯਹੁ।
ਦੇਹਿ ਅੰਤਿ ਅਪਨੋ ਲਖਿ ਪਾਯਹੁ ॥੧੧॥
ਤੁਮਰੇ ਪਿਤਾ ਸਮੀਪਿ ਸਿਧਾਵੌਂ।
ਮਿਲੌਂ ਅਨੰਦ ਤਹਾਂ ਕੋ ਪਾਵੌਂ।
ਜੀਵਤਿ ਚਿਤ ਬਾਂਛਤਿ[1] ਮੈਂ ਪਾਵਾ।
ਗੁਰੂ ਕ੍ਰਿਪਾ ਤੇ ਮੋਦ ਉਪਾਵਾ' ॥੧੨॥
ਕਹਯੋ ਸੰਝਿ, ਨਿਸਿ ਭੀ ਮੱਧਜਾਨਾ[1]।
ਤਬਿ ਗੰਗਾ ਤਨ ਕੀਨਿ ਸ਼ਨਾਨਾ।
ਸੁਨਿ[1] ਸਤਿਗੁਰੁ ਢਿਗ ਬੈਠੇ ਰਹੇ।
ਵਾਹਿਗੁਰੂ ਸਿਮਰਨਿ ਕੋ ਕਹੇ ॥੧੩॥
ਹੁਕਮੁ ਸੱਤਿ ਜਾਨਯੋ ਨਿਰਧਾਰਾ।
ਅਪਰ ਮਾਤ ਸੋਂ ਕੁਛੁ ਨ ਉਚਾਰਾ।
ਪ੍ਰਥਮ ਪਾਠ ਜਪੁਜੀ ਕੋ ਕੀਨਾ।
ਪੁਨ ਸੁਖਮਨੀ ਬਿਖੈ ਚਿਤ ਦੀਨਾ ॥੧੪॥
ਬਿਧੀਆ ਜੇਠਾ ਸਾਂਈਦਾਸ।
ਸੁਨਿ ਸੁਨਿ ਬੈਠੇ ਮਾਤਾ ਪਾਸਿ।
ਚਿਤ ਬਿਸਮਤਿ ਅਵਿਲੋਕਤਿ ਸਾਰੇ।

[1]ਅਸ਼ੀਰਵਾਦ (ਮਾਤਾ ਜੀ ਨੇ) ਕਹੀ।

[1]ਵਿਛਾਵਣਾ ਵਿਛਾਇਆ।

[1]ਮਨ ਮੰਗੀਆਂ (ਮੁਰਾਦਾਂ)।

[1]ਇਹ ਸੁਪਨਾ) ਦੱਸਿਆ (ਮਾਤਾ ਜੀ ਨੇ) ਸੰਧਜਾ ਵੇਲੇ (ਤੇ ਫੇਰ ਜਦ) ਅੱਧੀ ਰਾਤ ਹੋਈ।

[1]ਅਸ਼ਨਾਨ ਕੀਤਾ) ਸੁਣਕੇ।

ਗੁਰੁ ਸਮੇਤਿ ਬੈਰਾਗ ਸੁ ਧਾਰੇ[1] ॥੧੫॥
ਪਠਿ ਸੁਖਮਨੀ ਭੋਗ ਜਬਿ ਪਾਯਹੁ।
ਹਾਥ ਜੋਰਿ ਸਭਿ ਸੀਸ ਨਿਵਾਯਹੁ।
ਸੁਤ ਸੋਂ ਪ੍ਰੇਮ ਕਰੇ ਬਚ ਕਹਜੋ।
'ਜਿਮਿ ਤੁਵ ਪਿਤਾ ਦਾਗ ਜਲ ਲਹਜੋ[1]
॥੧੬॥

[1]ਸਾਰਿਆਂ ਨੇ) ਵੈਰਾਗ ਧਾਰਿਆ।

[1]ਭਾਵ ਇਹ ਹੈ ਕਿ ਉਹਨਾਂ ਦੇ ਸੱਚ ਖੰਡ ਗਮਨ ਮਗਰੋਂ ਸਰੀਰ ਨੂੰ ਜਲ ਵਿਚ ਪ੍ਰਵਾਹ ਕੀਤਾ ਸੀ। ਪਰੰਤੂ ਯਾਦ ਰਹੇ ਕਿ ਭਾਈ ਸਾਹਿਬ ਗੁਰੂ ਪੰਚਮ ਸਾਹਿਬ ਜੀ ਦਾ ਦਰਯਾ ਕਿਨਾਰੇ ਸਸਕਾਰ ਕਰਨਾ ਬੀ ਲਿਖ ਆਏ ਹਨ ਤੇ ਜਲ ਦਾਗ਼ ਬੀ ਲਿਖ ਆਏ ਹਨ। ਦੋਹਾਂ ਮਹਿਮਾਂ ਪ੍ਰਕਾਸ਼ ਨੇ ਸਸਕਾਰ ਲਿਖਿਆ ਹੈ। ਦੇਖੋ ਟੂਕ ਨਿਸ਼ਾਨ ਰਾਸ ੪ ਅੰਸੂ ੩੮, ਅੰਕ ੨੬ ਸਫਾ ੨੩੮੭।

ਤਥਾ ਕਰਹੁ ਮੇਰੋ ਸਸਕਾਰਾ[1]।
ਸੁਖੀ ਬਸਹੁ ਤੁਮ ਜੁਤਿ ਪਰਵਾਰਾ।'
ਕੁਸ਼ਾ ਡਸਾਵਨਿ ਤਬਿ ਕਰਿਵਾਇ।
ਪੌਢੀ ਮੁਖ ਪਰਿ ਅੰਚਰ ਪਾਇ ॥੧੭॥
ਸਭਿ ਕੇ ਦੇਖਤਿ ਤਨੁ ਤਜਿ ਗਈ।
ਸ਼੍ਰੀ ਅਰਜਨ ਢਿਗਿ ਪ੍ਰਾਪਤਿ ਭਈ।
ਜੇਸ਼ਠ ਸੁਦੀ ਚੌਥ ਸਸਿਵਾਰ[1]।
ਸ਼੍ਰੀ ਗੰਗਾ ਪਰਲੋਕ ਪਧਾਰਿ ॥੧੮॥
ਜੈ ਜੈ ਕਾਰ ਸੁਰਗ ਮਹਿਂ ਹੋਵਾ।
ਗੰਗ ਬਿਵਾਨ ਜਾਤਿ ਕਹੁ ਜੋਵਾ।
ਬਾਬਕ ਰਾਗੀ ਗੁਰੂ ਹਕਾਰਾ।
'ਗਾਵਹੁ ਆਸਾਵਾਹਿ' ਉਚਾਰਾ ॥੧੯॥
'ਮਾਰੂ ਅਰੁ ਵਡਹੰਸ ਜਿ ਰਾਗ।
ਗਾਵਹੁ ਸ਼ਬਦ ਬਡੋ ਬੈਰਾਗ[1]।'
ਸੁਰ ਕਰਿ ਗਾਵਨਿ ਸੁੰਦਰ ਕੀਨਿ।
ਸੁਨਤਿ ਸਕਲ ਬਾਨੀ ਚਿਤ ਦੀਨਿ ॥੨੦॥
ਬੈਠੇ ਮਾਤਾ ਕੇ ਚਹੁੰਦਿਸ਼ ਮੈਂ।
ਸੁਨਹਿਂ ਪ੍ਰੇਮ ਤੇ ਕਰੁਨਾ ਰਸ ਮੈਂ।
ਭਈ ਪ੍ਰਭਾਤਿ ਭੋਗ ਤਬਿ ਪਾਯੋ।
ਮਾਤਾ ਹੇਤ ਬਿਬਾਨ ਬਨਾਯੋ ॥੨੧॥
ਸਭਿਨਿ ਗੁਰੂ ਜੁਤਿ ਕੀਨਿ ਸ਼ਨਾਨਾ।
ਨਰ ਅਨੁਹਾਰ ਰੁਦਨ ਕੋ ਠਾਨਾ[†]।

[1]ਭਾਵ ਜਲ ਪ੍ਰਵਾਹ ਕਰੋ।

[1]ਸੋਮਵਾਰ।

[1]ਬਡੇ ਵੈਰਾਗ ਵਾਲੇ।

[†]ਬਨਾਵਟ ਕਰਕੇ ਰੋਣ ਤੋਂ ਭਾਵ ਨਹੀਂ। ਜਿਵੇਂ (ਗੁਰੂ ਸਰੂਪ) ਈਸ਼੍ਵਰੀਯ ਰੰਗ ਵਿਚ ਪੂਰਨ ਸੀ, ਤਿਵੇਂ ਇਨਸਾਨੀਅਤ ਦਾ ਬੀ ਕਮਾਲ ਸੀ। ਇਨਸਾਨੀ ਵਲਵਲਾ ਮਾਤਾ ਵਿਯੋਗ ਵੇਲੇ ਜੇ ਹੁਲਾਰ ਵਿਚ ਆਵੇ ਤਾਂ ਇਹ ਕਮਜ਼ੋਰ ਨਹੀਂ। ਵਾਚ ਗਜਾਨੀ ਲੋਕ ਪੱਥਰ ਸਮਾਨ ਹਿਰਦੇ ਦੀ ਕਰੜਾਈ ਨੂੰ ਗਜਾਨ ਅਵਸਥਾ ਜਾਣਕੇ ਐਸੇ ਮਰਮੀ ਵਲਵਲਿਆਂ ਨੂੰ ਸਮਝ ਨਹੀਂ ਸਕਦੇ।

ਬੀਚਿ ਬਿਬਾਨ ਗੰਗ ਕੋ ਪਾਏ।
ਪੁਨ ਚਾਰਿਹੁੰ ਨਿਜ ਕੰਧ[1] ਉਚਾਏ ॥੨੨॥ — [1]ਮੋਢਿਆਂ ਤੇ।
ਸਾਈਂਦਾਸ, ਪਿਰਾਣਾ ਦੋਇ।
ਬਿਧੀਆ, ਜੇਠਾ ਸੁਚਿ ਮੈਂ ਹੋਇ[1]। — [1]ਪਵਿੱਤ੍ਰ ਹੋਕੇ।
ਮਿਹਰੇ ਗਹਿ ਕਰ ਚਮਰੁ ਢੁਰਾਵਾ।
ਬਾਬਕ ਗਾਵਤਿ ਅੱਗ੍ਰ ਸਿਧਾਵਾ ॥੨੩॥
ਗਮਨੇ ਸ਼੍ਰੀ ਗੁਰੁ ਹਰਿਗੋਵਿੰਦ।
ਮਿਲੇ ਆਇ ਕਰਿ ਮਾਨਵ ਬ੍ਰਿੰਦ।
ਕੰਧਿ ਉਠਾਏ ਪਢਤਿ ਗੁਰੁਬਾਨੀ।
ਪਹੁੰਚੇ ਤੀਰ ਬਿਪਾਸਾ ਥਾਨੀ[1] ॥੨੪॥ — [1]ਬਿਆਸਾ ਦੇ ਕੰਢੇ ਵਾਲੇ ਥਾਂ ਤੇ।
ਆਇਸੁ ਪਾਇ ਗੁਰੂ ਕੀ ਚਾਰਹੁੰ।
ਜਾਇ ਪ੍ਰਵੇਸ਼ੇ ਨਦੀ ਮਝਾਰਹੁੰ।
ਜਹਾਂ ਕਹ੍ਯੋ[1] ਥਿਰ ਕਰਨਿ ਬਿਮਾਨ। — [1]ਗੁਰੂ ਜੀ ਨੇ) ਕਹਿਆ।
ਤਹਾਂ ਉਤਾਰਿ ਕੰਧ ਤੇ ਜਾਨਿ[1] ॥੨੫॥ — [1]ਉਤਾਰਿਆ ਜਾਣਕੇ (ਉਹ ਥਾਂ)।
ਜਬਿ ਜਲ ਬਿਖੈ ਕਛੁਕ ਪਰਵੇਸ਼ਾ।
ਤਨ ਭਾ ਅੰਤਰ ਧਜਾਨ ਅਸ਼ੇਸ਼ਾ।
ਆਇ ਬਰਨ ਬੰਦਨ ਕੋ ਠਾਨੀ।
ਕਰ੍ਯੋ ਪੁਚਾਵਨਿ ਸ਼ੁਭ ਇਸਥਾਨੀ[1] ॥੨੬॥ — [1]ਭਾਵ ਗੁਰਲੋਕ, ਦੇਖੋ ਇਸੇ ਅੰਸੂ ਦਾ ਅੰਕ ੧੮।
ਬਿਸਮਤਿ ਹੋਇ ਹਟੇ ਤਬਿ ਚਾਰੌਂ।
ਕਹ੍ਯੋ[1], ਪ੍ਰਸੰਗ ਪਿਖ੍ਯੋ ਜਿਮਿ ਸਾਰੋ। — [1]ਸਿਖਾਂ ਨੇ) ਕਿਹਾ।
'ਗੁਰੂ ਕੀ ਗਤਿ ਗੁਰੁ ਹੀ ਇਕਿ ਜਾਨੈ।'
ਇਮਿ ਕਹਿ ਸਭਿ ਹੀ ਬੰਦਨ ਠਾਨੈ ॥੨੭॥
ਜਥਾ ਜੋਗ ਕਰਿ ਹੈ ਹਟਿ ਆਏ।
ਬੀਚਿ ਬਕਾਲੇ ਨਰ ਸਮੁਦਾਏ।
ਏਕਿ ਨਿਸਾ ਬਸਿ ਕੈ ਤਿਸਿ ਥਾਨਾ।
ਭਈ ਪ੍ਰਾਤ ਗੁਰੁ ਚਹ੍ਯੋ ਪਯਾਨਾ ॥੨੮॥
ਮਿਹਰੇ ਸੰਗਿ ਕਹ੍ਯੋ 'ਤੁਵ ਚਾਹੀ।
ਪੂਰਨ ਭਈ ਲਖਹੁ ਉਰ ਮਾਂਹੀ।
ਜਾਇ ਸੁਧਾਸਰ, ਸਗਰੀ ਰੀਤਿ।

ਕਰਯੋ ਚਹਿਤਿ, ਚਿਤ ਮਹਿਂ ਧਰਿ ਪ੍ਰੀਤਿ'
॥੨੯॥
ਮਿਹਰੇ ਕਹਯੋ 'ਇਹਾਂ ਪ੍ਰਭੁ ਕੀਜੈ।
ਬਾਂਛਤਿ ਹੋਇ ਮੰਗਾਇ ਸੁ ਲੀਜੈ।
ਮਾਤਾ ਹੇਤ ਜੱਗਯ ਕਰਿਵਾਵਹੁ।
ਤਿਲਕ ਸਭਿਨਿ ਤੇ ਇਹ ਠਾਂ ਪਾਵਹੁ'
॥੩੦॥
ਗੁਰੂ ਕਹਯੋ 'ਚਿਤ ਚਾਹਤਿ ਜੋਇ।
ਸੋ ਭੀ ਬਾਤਿ ਤੋਹਿ ਢਿਗ ਹੋਇ।
ਹਮ ਤੇ ਤ੍ਰਿਤੀ ਥਾਨ ਗੁਰੁ ਬੈਸੈਂ[1]।
ਤਿਲਕ ਬਕਾਲੇ[†] ਮਹਿਂ ਲੇਂ ਐਸੇ ॥੩੧॥
ਮੇਰੋ ਰੂਪ ਭੇਦ ਨਹਿਂ ਕੋਈ।
ਤਬਿ ਲੌਂ ਜੀਵਨਿ ਤੇਰੋ ਹੋਈ।'
ਸੁਨਿ ਮਿਹਰੇ ਉਰ ਨਿਸ਼ਚੈ ਪਾਯੋ।
ਚਰਨ ਕਮਲ ਗੁਰੁ ਕੇ ਲਪਟਾਯੋ ॥੩੨॥
ਚਢੇ ਤੁਰੰਗ ਬੇਗ ਤੇ ਚਾਲੇ।
ਸਾਈਂਦਾਸ ਸਿੱਖ ਭਟ ਨਾਲੇ।
ਪੰਥ ਬਿਖੈ ਕੁਛ ਥੋਰਾ ਠਹਿਰੇ।
ਚਢੇ ਗੁਰੂ ਪੁਨ ਢਰੇ ਦੁਪਹਿਰੇ ॥੩੩॥
ਕਿਤਿਕ ਦਿਵਸ ਰਹਿ ਪਹੁੰਚੇ ਜਾਈ।
ਗੰਗ ਮਾਤ ਕੀ ਬਾਤਿ ਸੁਨਾਈ।
ਗੁਰੁ ਪਤਨੀ ਤੀਨਹੁ ਰੁਦਨੰਤੀ।
ਸਿਮਰਿ ਸਿਮਰਿ ਗੁਨ ਬਹੁ ਪਛਤੰਤੀ
॥੩੪॥
'ਪੁਰਬ ਹੀ ਹਮ ਤੇ ਹੁਇ ਨਜਾਰੀ।
ਅੰਤ ਸਮੇਂ ਮਹਿਂ ਨਹੀਂ ਨਿਹਾਰੀ।
ਹਮ ਸਭਿ ਕੋ ਅਲੰਬ[1] ਬਡ ਹੁਤੀ।
ਘਰ ਕਾਰਜ ਕੀ ਦਾਯਕ ਮਤੀ[1]' ॥੩੫॥
ਸ਼੍ਰੀ ਗੁਰੁ ਉਤਰਿ ਪਰੇ ਤਹਿ ਸਮੋ।
ਸ਼੍ਰੀ ਹਰਿਮੰਦਰ ਕਰਿ ਕੈ ਨਮੋ।
ਬੈਠੇ ਤਖਤ ਅਕਾਲ ਸਥਾਨ।
ਸੁਧਿ ਪੁਰਿ ਮਹਿਂ ਸੁਨਿ ਸੁਨਿ ਸਭਿ ਕਾਨ

[1]ਬੈਠਣਗੇ।
[†]ਅੰਮ੍ਰਿਤਸਰ ਦੇ ਜ਼ਿਲੇ ਵਿਚ ਹੈ।
[1]ਆਸਰਾ।
[1]ਮੱਤ ਦੇਣ ਵਾਲੀ।

॥੩੬॥
ਸਜਾਨੇ ਨਰ ਸਤਿਗੁਰੁ ਢਿਗ ਆਏ।
ਬੈਠਿ ਮਾਤ ਕੀ ਬਾਤ ਚਲਾਏ।
ਕਰਹਿਂ ਸਰਾਹਨ 'ਬਹੁ ਮਤਿ ਵੰਤੀ।
ਸਮ ਭਾਨੀ ਕੇ ਅਤਿ ਸਤਿਵੰਤੀ' ॥੩੭॥
ਗੁਰੂ ਕਹ੍ਯੋ 'ਜੋ ਉਪਜਨਿ ਹਾਰ।
ਬਿਨਸਹਿ, ਨੇਮ ਇਹੀ ਕਰਤਾਰ।
ਹੋਨਿਹਾਰ ਕੋ ਕ੍ਯਾ ਹੈ ਸ਼ੋਕ।
ਕਰਹਿ ਸ਼ੋਕ ਪਾਇ ਨ ਕੁਛ ਲੋਕ[1]' ॥੩੮॥
ਪੁਰਿ ਕੇ ਨਰ ਮਸੰਦ ਗਨ ਸੂਰੇ।
ਆਏ, ਭਈ ਭੀਰ ਥਲ ਪੂਰੇ।
ਜਥਾ ਜੋਗ ਸਭਿਹਿਨਿ ਕੇ ਸਾਥ।
ਬਚਨ ਬਿਲਾਸ ਪ੍ਰਕਾਸ਼ੇ ਨਾਥ ॥੩੯॥
ਉਠਿ ਕਰਿ ਨਿਜ ਮਹਿਲੀਂ ਤਬਿ ਗਏ।
ਅਧਿਕ ਸ਼ੋਰ ਤਹਿਂ ਸੁਨਿਤੇ ਭਏ।
ਪੁਰਿ ਕੀ ਨਾਰਿ ਬ੍ਰਿੰਦ ਘਰ ਭਰ੍ਯੋ।
ਊਚੇ ਸੁਰ ਰੋਦਨ ਬਹੁ ਕਰ੍ਯੋ ॥੪੦॥
ਇਕ ਦਾਸੀ ਨਿਜ ਨਿਕਟਿ ਬੁਲਾਈ।
ਰੁਦਤਿ ਦੁਖਿਤਿ ਚਿਤ ਸੋ ਚਲਿ ਆਈ।
ਕਹ੍ਯੋ ਤਾਂਹਿ ਸੋਂ 'ਰੁਦਨ ਹਟਾਵਹੁ।
ਬੈਠੇ ਰਹਹੁ ਗੁਰੂ ਗੁਨ ਗਾਵਹੁ ॥੪੧॥
ਬਡਭਾਗਨਿ ਜਨਨੀ ਸੁਖੁ ਪਾਏ।
ਨਹਿਂ ਸੋਚਨਿ ਕੇ ਜੋਗ ਕਦਾਏ।
ਸੁਨਿ ਦਾਸੀ ਅੰਤਰ ਤਬਿ ਜਾਇ।
ਗੁਰੁ ਬਚ ਕਹਿ ਕੈ ਦਈ ਹਟਾਇ ॥੪੨॥
ਸੁਨਿ ਕੇ ਸਨੇ ਸਨੇ ਹਟਿ ਗਈ।
ਸ਼ੋਕ ਸਕਲ ਹੀ ਠਾਨਤਿ ਭਈ।
ਰਾਤਿ ਬਿਤਾਵਨਿ ਕੀਨਿ ਸੋਇ।
ਉਠੇ ਪ੍ਰਭੁ ਨਿਜਿ ਬੇਲਾ ਜੋਇ[1] ॥੪੩॥
ਸੁਧਿ ਸਬੰਧੀਅਨਿ ਸਦਨ ਪਠਾਈ।
ਸੁਨੀ ਸਭਿਨਿ ਬਹੁ ਸ਼ੋਕ ਉਪਾਈ।

[1]ਜੋ ਲੋਕ ਸ਼ੋਕ ਕਰਦੇ ਹਨ ਉਹਨਾਂ ਨੂੰ ਕੁਛ ਪ੍ਰਾਪਤ ਨਹੀਂ ਹੁੰਦਾ।

[1]ਵੇਲਾ ਵੇਖਕੇ।

ਨਿਜ ਨਿਜ ਘਰ ਤੇ ਹ੍ਵੈ ਕਰਿ ਤਜਾਰੇ।
ਪਰੇ ਸੁਧਾਸਰ ਪੰਥ ਮਝਾਰੇ ॥੪੪॥
ਬੋਲੇ ਸਤਿਗੁਰੁ 'ਸੁਨਿ ਗੁਰਦਾਸ!
ਪਠਹੁ ਗ੍ਰਿੰਥ ਸਾਹਿਬ ਸੁਖਰਾਸ।
ਬਿਦਤਹਿ ਸਿੱਖਜਨਿ ਮੈਂ ਅਸ ਰੀਤਿ।
ਮ੍ਰਿਤਕ ਭਏ ਜੇ ਪਢਹਿਂ ਸ ਪ੍ਰੀਤਿ ॥੪੫॥
ਸਭਿ ਬਿਧਿ ਕੇ ਸੁਖ ਪਾਵਹਿਂ ਪ੍ਰਾਨੀ।
ਜਿਸ ਹਿਤ ਪਢਨਿ ਕਰਹਿਂ ਗੁਰੁ ਬਾਨੀ।
ਇਸਿ ਫਲ ਸਮ ਜਗ ਅਪਰ ਨ ਕੋਈ।
ਬਡੇ ਭਾਗ ਤੇ ਪ੍ਰਾਪਤਿ ਹੋਈ[†]' ॥੪੬॥
ਫਰਸ਼ ਕਰਾਯੋ ਸੁੰਦਰ ਠੌਰ।
ਦੁਹੁੰਦਿਸ਼ਿ ਸਿੱਖ ਢੁਰਾਵਹਿਂ ਚੌਰ।
ਖੋਲਨਿ ਕਰਜੋ ਗ੍ਰਿੰਥ ਜੀ ਤਬੈ।
ਕਰਿ ਗੁਰਦਾਸ ਪਾਠ ਕੋ ਸਬੈ ॥੪੭॥
ਇਮਿ ਕਰਤੇ ਦਿਨ ਦ੍ਵੈ ਕਿ ਬਿਤਾਏ।
ਸੁਨਹਿਂ ਪਾਠ ਕੋ ਨਰ ਸਮੁਦਾਏ।
ਹੁਤੇ ਸਬੰਧੀ ਸੇ ਚਲਿ ਆਏ।
ਗੁਰੁ ਕੇ ਮਹਿਲ ਜਾਇ ਰੁਦਨਾਏ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਗੰਗਾ ਕੋ ਪ੍ਰਲੋਕ ਗਮਨਿ' ਬਰਨਨੰ ਨਾਮ ਦੋਇ ਸਸ਼ਠੀ ਅੰਸੂ ॥੬੨॥

[†]ਇਹ ਗੁਰੂ ਰੀਤੀ ਕਵੀ ਜੀ ਦੱਸ ਰਹੇ ਹਨ।

੬੩. [ਸ਼੍ਰੀ ਤੇਗ ਬਹਾਦਰ ਜੀ ਅਵਤਾਰ]

੬੨<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੬੪

ਦੋਹਰਾ:

ਗੋਇੰਦਵਾਲ, ਖਡੂਰ ਤੇ, ਮਉ, ਡੱਲੇ, ਮੰਡਜਾਲਿ।
ਸਭਿ ਆਏ ਨਰ ਨਾਰਿ ਗਨ, ਰੋਦਤਿ ਸ਼ੋਕ ਬਿਸਾਲ ॥੧॥

ਚੌਪਈ:

ਗੁਰ ਮਹਿਲਨਿ ਮਹਿਂ ਸ਼ਬਦ ਰੁਦਨ ਕੋ।
ਭਯੋ ਬਿਸਾਲ ਮੇਲਿਯਨਿ ਗਨ ਕੋ†।

†ਉੱਪਰ ਪਿਛਲੇ ਅੰਸੂ ਦੇ ਅੰਕ ੪੨ ਵਿਚ ਗੁਰੂ ਜੀ ਵਲੋਂ ਰੋਣਾ ਬੰਦ ਕਰਨ ਦਾ ਹੁਕਮ ਕਵੀ ਜੀ ਦੱਸ ਆਏ ਹਨ, ਫੇਰ ਕਿਵੇਂ ਰੋਣ ਦਾ ਸੱਦ ਜਾਰੀ ਹੋ ਸਕਦੀ ਹੈ। ਹਾਂ, ਮਾਤਾ ਜੀ ਦੇ ਗੁਣਾਂ ਤੇ ਪਿਆਰ ਦੀ ਯਾਦ ਵਿਚ ਹਿਰਦੇ ਦੇ ਡੂੰਘੇ ਵਲਵਲੇ ਤੋਂ ਨੈਣੀ ਨੀਰ ਆ ਜਾਣਾ ਕੁਦਰਤੀ ਬਾਤ ਹੈ। 'ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ।'

ਕਰਹਿਂ ਸਰਾਹਨਿ ਗੁਨ ਸਮੁਦਾਏ।
ਸਿਮਰਿ ਸਿਮਰਿ[1] ਗਨ ਤ੍ਰਿਯ ਰੁਦਨਾਏ ॥੨॥

[1]ਯਾਦ ਕਰ ਕਰਕੇ।

ਵਹਿਰ ਗੁਰੂ ਢਿਗਿ ਬਾਤਿ ਕਰੰਤੇ।
'ਭਾਗਵਾਨ ਦੀਰਘ' ਉਚਰੰਤੇ।
'ਪਿਖਹੁ ਫਨਾਹ ਜਹਾਨ ਤਮਾਮ[1]।

[1]ਸਾਰਾ ਜਹਾਨ (ਜੇ ਤੁਸੀਂ) ਵੇਖਦੇ ਹੋ ਫਨਾਹ ਹੋਣ ਵਾਲਾ ਹੈ।

ਨਹੀਂ ਰਹਤਿ ਨਿਤਿ ਕਾਹੁ ਮੁਕਾਮ[1] ॥੩॥

[1]ਕਿਸੇ ਦੀ ਥਿਰਤਾ।

ਨਦੀ ਪ੍ਰਵਾਹ ਚਲਯੋ ਜਗ ਜਾਤਿ।
ਜੀਰਨਿ ਬਨਤਿ ਬਿਦਤਿ ਦਿਨ ਰਾਤਿ[1]'।

[1]ਰਾਤ ਦਿਨ ਵਿਚ ਪ੍ਰਗਟ ਹੀ ਪੁਰਾਣਾ ਹੁੰਦਾ ਜਾਂਦਾ ਹੈ। (ਪੁਰਸ਼, ਭਾਵ ਆਯੂ ਬੀਤਦੀ ਜਾਂਦੀ ਹੈ)।

ਭੱਲੇ ਤੇਹਣ ਅਪਰ ਜਿ ਸਜਾਨੇ।
ਸਭਿਨਿ ਸੁਨਾਵਤਿ ਏਵ ਬਖਾਨੇ ॥੪॥
'ਅਹੈ ਜਥਾਰਥ' ਸ਼੍ਰੀ ਗੁਰੁ ਕਹਯੋ।
ਇਸ ਬਿਧਿ ਕਹਿ ਕਰਿ ਡੇਰਾ ਲਹਯੋ।
ਸੇਵਾ ਪਰਿ ਮਸੰਦ ਗਨ ਛੋਰੇ।
ਸਰਬ ਸੇਵ ਕੀਨਿ ਸਭਿ ਓਰੇ ॥੫॥
ਸਤਿਗੁਰੁ ਬੈਠਤਿ ਲਾਇ ਦਿਵਾਨ।
ਦਿਨ ਪ੍ਰਤਿ ਆਵਹਿਂ ਲੋਕ ਮਹਾਨ।
ਦੀਰਘ ਚੌਕੀ ਹੁਇ ਦੁਇ ਕਾਲ[1]।

[1]ਦੋਨੋ ਵੇਲੇ।

ਸੁਨਿ ਕਰਿ ਸੰਗਤ ਮਿਲੀ ਬਿਸਾਲ[1] ॥੬॥

[1]ਸੁਨਣਾਂ ਕਰਦੀ ਹੈ ਸੰਗਤ ਬਹੁਤੀ ਮਿਲਕੇ।

ਇਸ ਬਿਧਿ ਤ੍ਰੌਦਸ਼[1] ਦਿਵਸ ਬਿਤਾਏ।
ਭੋਗ ਗ੍ਰਿੰਥ ਗੁਰੁਦਾਸਹਿ ਪਾਏ।
ਗੁਰੂ ਕਰਾਵਤਿ ਭੇ ਅਰਦਾਸ।
ਦੀਨਿਸਿ ਪੋਸ਼ਿਸ਼ ਜ਼ਰੀ ਪ੍ਰਕਾਸ਼ ॥੭॥
ਦੀਨਿ ਦਿਜਨਿ ਕੋ ਦਾਨ ਘਨੇਰੇ†।
ਬਸਤ੍ਰ ਬਿਭੂਖਨ ਮੋਲ ਬਡੇਰੇ।
ਸਿਹਜਾ[1] ਦਰਬ ਅਹਾਰ ਉਦਾਰਾ।
ਤੋਸ਼ਨਿ ਕੀਨੇ ਸਰਬ ਪ੍ਰਕਾਰਾ ॥੮॥
ਉਠਯੋ ਬ੍ਰਿੱਧ ਦੀਨਸਿ ਦਸਤਾਰ।
ਲਈ ਗੁਰੂ ਨਿਜ ਸਿਰ ਪਰਿ ਧਾਰਿ।
ਤੇਹਣ ਭੱਲੇ ਜਿਤਿਕ ਸੰਬੰਧੀ।
ਦਈ ਸਭਿਨਿ ਜਬਿ, ਸ਼੍ਰੀ ਗੁਰੁ ਬੰਧੀ ॥੯॥
ਦ੍ਵਾਰਾ ਹਰੀ ਚੰਦ ਇਹ ਦੋਇ।
ਦਾਸ ਨਰਾਇਣ ਤੀਸਰਿ ਜੋਇ।
ਬਸਤ੍ਰ ਬਿਭੂਖਨ ਧਨ ਦੇ ਘਨੋ।
ਹਾਥ ਜੋਰਿ ਬਿਨਤੀ ਕੇ ਸਨੋ ॥੧੦॥
ਸੰਗਤਿ ਸਿੱਖ ਮਸੰਦ ਬਿਲੰਦ।
ਦੇਤਿ ਪਦਾਰਥ ਲਯਾਵਤਿ ਬ੍ਰਿੰਦ[1]।
ਪੁਨ ਗੁਰੁ ਪੰਚਾਮ੍ਰਿਤ ਕਰਿਵਾਯੋ।
ਘਨੋ ਸਭਿਨਿ ਮਹਿਂ ਕਹਿ ਬਰਤਾਯੋ ॥੧੧॥
ਉਤਸਵ ਭਯੋ ਸ਼ੋਕ ਕੌ ਤਯਾਗੇ।
ਨੌਬਤ ਬਜਨਿ ਲਗੀ ਜਿਮਿ ਆਗੇ।
ਜੇਤਿਕ ਆਏ ਸਕਲ ਸਿਧਾਏ।
ਗੋਇੰਦਵਾਲ ਆਦਿ ਸਮੁਦਾਏ ॥੧੨॥
ਕਿਤਿਕ ਦਯੋਸ ਜਬਿ ਬੀਤੇ ਫੇਰਿ।
ਸੰਗਤਿ ਆਵਤਿ ਜਾਤਿ ਘਨੇਰ।
ਇਕ ਦਿਨ ਭਾਈ ਬ੍ਰਿੱਧ ਬਖਾਨਾ।
'ਰਾਵਰ ਕਰਨੇ ਕੌਤਕ ਨਾਨਾ ॥੧੩॥
ਵਹਿਰ ਕ੍ਰਿਆ ਅਵਿਲੋਕ ਤੁਮਾਰੀ।

[1]ਤੇਰਾਂ।

†ਗੁਰੂ ਘਰ ਵਿਚ ਗੁਰੂ ਮਰਯਾਦਾ ਵਿਹਤ ਹੈ, ਹੋਰ ਰਸਮਾਂ ਨਹੀਂ ਹਨ, ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ। ਪਿਛਲੇ ਅੰਸੂ ਦੇ ਅੰਕ ੪੫ ਵਿਚ ਸਭ ਤੋਂ ਉੱਚੀ ਗੱਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਦੱਸ ਆਏ ਹਨ।

[1]ਬਿਸਤਰੇ।

[1]ਬਹੁਤੇ ਪਦਾਰਥ ਲਿਆਂਵਦੇ ਹਨ।

ਭ੍ਰਮਹਿਂ ਲੋਕ ਮਿਲਿ ਨਿੰਦ ਉਚਾਰੀ†। †ਜੁਧ ਜੰਗ ਜੋ ਹੁਣ ਹੋਣੇ ਹਨ, ਉਹਨਾਂ ਵੱਲ ਸੈਨਤ ਹੈ।
ਅਰ ਕਰਨੇ ਬਹੁ ਜੰਗ ਅਖਾਰੇ।
ਸਮੇਂ ਭਯੋ ਪ੍ਰਾਪਤਿ ਇਸਿ ਬਾਰੇ ॥੧੪॥
ਜਹਾਂ ਰਿਹਾਇਸ਼ਿ[1] ਹੈ ਮੁਝ ਨੀਤਿ। [1]ਨਿਵਾਸ।
ਬੈਠਯੋ ਰਹਤਿ ਇਕਾਂਤ ਸਪ੍ਰੀਤਿ।
ਸ਼੍ਰੀ ਗੁਰੁ ਰਾਮਦਾਸ ਕੇ ਸਮੈਂ।
ਸਕਲ ਸਮਾਜ ਸੌਂਪਿਯਤਿ ਹਮੈਂ[1] ॥੧੫॥ [1]ਸਾਨੂੰ ਸੌਂਪਿਆ ਹੋਇਆ ਸੀ।
ਤਊ ਬਾਸ ਮਮ ਬੀੜ ਮਝਾਰਾ।
ਜਾਨਤਿ ਸਭਿ ਤੁਮ ਸੁਨਯੋ ਉਦਾਰਾ।
ਦਿਹੁ ਆਇਸੁ ਕਰਿ ਹੌਂ ਤਹਿਂ ਬਾਸਾ।
ਜਰਾ[1] ਅਧਿਕ ਹੀ ਮਨ ਤਨ ਗ੍ਰਾਸਾ ॥੧੬॥ [1]ਬੁਢੇਪਾ।
ਮਾਤ ਗੰਗ ਅਬਿ ਤਨੁ ਕੋ ਤਯਾਗਯੋ।
ਤਬਿ ਲੌ ਬੀਰ ਰੰਗ ਨਹਿਂ ਜਾਗਯੋ[1]। [1]ਭਾਵ ਮਾਤਾ ਜੀ ਦੇ ਜੀਉਂਦੇ ਜੀ ਉਨ੍ਹਾਂ ਨੂੰ ਉਦਾਸੀਓ ਬਚੇ ਰੱਖਣ ਲਈ ਤੁਸਾਂ ਬੀਰ ਰਸ ਦੇ ਅਖਾੜੇ ਰਚਣੇ ਮੁਨਾਸਿਬ ਨਹੀਂ ਸਨ ਸਮਝੇ ਹੁਣ ਤੁਸਾਂ ਜੰਗ ਕਰਨੇ ਹਨ।
ਹੁਇਂ ਅਬਿ ਬਿਘਨ ਅਨੇਕ ਪ੍ਰਕਾਰੇ।
ਕਾਰਨ ਪ੍ਰਥਮ ਸ਼ਸਤ੍ਰ ਤੁਮ ਧਾਰੇ[1]' ॥੧੭॥ [1]ਇਨ੍ਹਾਂ ਵਿਘਨਾਂ ਨੂੰ ਦੂਰ ਕਰਨ) ਲਈ ਤੁਸਾਂ ਪਹਿਲੋਂ ਹੀ ਸ਼ਸਤ੍ਰ ਧਾਰਨ ਕੀਤੇ ਸਨ।
ਸੁਨਿ ਸ਼੍ਰੀ ਗੁਰੁ ਨੇ ਸਕਲ ਬਿਚਾਰੀ।
-ਜਥਾ ਜੋਗ ਬ੍ਰਿਧ ਇੱਛਾ ਧਾਰੀ।
ਪੂਰਬ ਭੀ ਇਹ ਵਹਿਰ ਰਹੰਤੇ।
ਹਮ ਤੇ ਹਿਤ ਠਹਿਰੇ ਹਿਤਵੰਤੇ ॥੧੮॥
ਸਮਾਂ ਜੁੱਧ ਕੋ ਪਹੁੰਚਯੋ ਆਈ-।
ਇਮਿ ਬਿਚਾਰ ਆਇਸੁ ਫੁਰਮਾਈ।
ਕਰਿ ਕੈ ਚਰਨ ਕਮਲ ਕੋ ਬੰਦਨ।
ਬਾਰਿ ਬਾਰਿ ਪਿਖਿ ਸ਼ੱਤ੍ਰੁ ਨਿਕੰਦਨ[1] ॥੧੯॥ [1]ਵੈਰੀ ਦੇ ਨਾਸ਼ ਕਰਤਾ (ਗੁਰੂ ਜੀ) ਨੂੰ।
ਗਯੋ ਬੀੜ ਕੋ ਪ੍ਰਥਮ ਸਥਾਨਾ।
ਇਕਿ ਰਸ ਬ੍ਰਿਤੀ ਰਿਦੇ ਬ੍ਰਹਮ ਗਯਾਨਾ।
ਸ਼ਕਤਿ ਬਿਸਾਲ ਚਹੈ ਸੋ ਕਰਿਹੀ।
ਤਊ ਨ ਕਰਹਿ ਧੀਰ ਉਰ ਧਰਿ ਹੀ ॥੨੦॥

ਪਾਛੇ ਕੇਤਿਕ ਦਿਵਸ ਬਿਤਾਏ।
ਸੰਗਤਿ ਸਦਾ ਆਇ ਇਕ ਜਾਏ।
ਕਰਤਿ ਅਨੇਕਨ ਕੋ ਕੱਲਜਾਨ।
ਕਿਸਿ ਦੇਂ ਭਗਤਿ ਕਿਸੀ ਬ੍ਰਹਮ ਗਜਾਨ ॥੨੧॥
ਕਿਸਿ ਕੀ ਕਰਹਿਂ ਕਾਮਨਾ ਪੂਰੀ।
ਸੁਤ ਬਿਤ ਆਦਿ ਜਿ ਕਰਿ ਉਰ ਰੂਰੀ[1]।
ਆਯੁਧ ਬਿੱਦਜਾ ਬਹੁ ਅੱਭਜਾਸੇ।
ਕਰਹਿਂ ਸੁਭਟ ਗੁਰੁ ਪਿਖਹਿਂ ਤਮਾਸ਼ੇ[1] ॥੨੨॥
ਪੈਂਦੇ ਖਾਨ ਬੀਰ ਬਰ ਹੋਵਾ।
ਜਿਸਿ ਕੀ ਸਮ ਕੋ ਦੁਤਿਯ ਨ ਜੋਵਾ।
ਸਿਪਰਿ ਖੜਗ ਕੇ ਦਾਵ ਕਰੰਤੇ।
ਧਨੁਖ ਨਿਠੁਰ ਨੌਟੰਕ ਖਿਚੰਤੇ ॥੨੩॥
ਖਪਰੇ[1] ਮਹਾਂ ਫੁਲਾਦੀ ਤੀਖਨ।
ਗੁਰੂ ਘਰਾਵਹਿਂ ਕਹਿ ਕਹਿ ਭੀਖਨ।
ਚਾਰਿ ਚਾਰਿ ਅੰਗੁਲ ਚੌਰਾ ਕਰਿ।
ਕਾਨੀ ਪੁਸ਼੍ਕਾ ਮੱਧ ਬੀਚ ਧਰਿ[1] ॥੨੪॥
ਦੇਖਤਿ ਲੋਕ ਅਧਿਕ ਬਿਸਮਾਵੈਂ।
'ਅਬਿ ਤੌਂ ਅਸਿ ਨਹਿਂ ਕੋਇ ਚਲਾਵੈ।
ਅਰਜਨ ਆਦਿਕ ਸਮਯ ਮਝਾਰਾ।
ਸੁਨੇ ਬਲੀ, ਸੇ ਕਰਤਿ ਪ੍ਰਹਾਰਾ ॥੨੫॥
ਕੌਨ ਸ਼ੱਤ੍ਰ ਇਨਿ ਸਕਹਿ ਸਹਾਰੇ।
ਜਥਾ ਸਰਪ ਕੋ ਫਣ ਬਿਸਥਾਰੇ।
ਕਰਿ ਕਰਿ ਤਜਾਰਿ ਬ੍ਰਿੰਦ ਰਖਵਾਵੈਂ।
ਤੁਪਕਨਿ[1] ਹਿਤ ਗੁਲਕਾਂ ਢਲਿਵਾਵੈਂ ॥੨੬॥
ਜੇਤਿਕ ਜੰਗ ਸਮਿੱਗ੍ਰੀ ਬਰਤੇ।
ਗਨ ਆਯੁਧ ਕੋ ਸੰਗਹ ਕਰਤੇ[1]।
ਦਿਨ ਪ੍ਰਤਿ ਰੁਖ ਪੈਂਦੇ ਸੰਗਿ ਕਰੈਂ।
ਕਬਿ ਕਬਿ ਪਹੁੰਚਤਿ ਕੌਲਾਂ ਘਰੈ ॥੨੭॥

[1]ਜਿਹੜੀਆਂ (ਕਾਮਨਾਂ) ਪੁੱਤ੍ਰ ਧਨ ਆਦਿ ਦੀਆਂ ਹਿਰਦੇ ਨੂੰ ਚੰਗੀਆਂ ਲਗਦੀਆ ਹਨ।

[1]ਸੂਰਮੇ (ਅੱਭਜਾਸ) ਕਰਦੇ ਹਨ ਤੇ ਗੁਰੂ ਜੀ ਵੇਖਦੇ ਹਨ ਤਮਾਸ਼ਾ।

[1]ਚੌੜੇ ਫਲ ਵਾਲਾ ਤੀਰ [ਸੰਸ: ਕਜ਼ੁਰਪਤ੍ਰ]

[1]ਚੌੜਾ ਫਲ ਬਣਵਾਕੇ ਉਸ ਦੇ ਅੱਧ ਵਿਚਕਾਰ ਪੱਕੀਆਂ ਕਾਨੀਆਂ ਗਡਵਾਕੇ।

[1]ਬੰਦੂਕਾਂ।

[1]ਬਹੁਤੇ ਸ਼ਸਤ੍ਰਾਂ ਨੂੰ ਇਕੱਠਾ ਕਰਦੇ ਹਨ।

ਦੇਖਿ ਦੇਖਿ ਸਿਖ ਖੁਨਸਹਿਂ ਘਨੇ।
ਬਿਨੁ ਜਾਨੇ ਨਿੰਦਾ ਜਗ ਭਨੇ।
-ਤੁਰਕਨਿ ਸੋਂ ਗੁਰੁ ਕੋ ਬਡਿ ਮੇਲਿ।
ਰਾਖਹਿਂ ਸੰਗਿ ਅਪਰ ਕੋ ਠੇਲਿ[1] ॥੨੮॥
ਕਾਜ਼ੀ ਤੁਰਕ ਸੁਤਾ ਹਰਿਆਨੀ[1]।
ਤਿਸਿ ਘਰ ਪ੍ਰਵਿਸ਼ਿ ਨ ਧਰਹਿਂ ਗਿਲਾਨੀ।
ਪ੍ਰਥਮ ਗੁਰੂ ਅਸ ਕੋਇ ਨ ਭਯੋ।
ਹੋਤਿ ਸੁਸ਼ੀਲ ਬਿਸਾਰਨਿ ਕਿਯੋ[1] ॥੨੯॥
ਔਰਿ ਸੁਭਾਵ, ਔਰਿ ਹੀ ਰੀਤਿ[1]।
ਔਰਿ ਬਿਹਾਰ, ਔਰਿ ਬਿਧਿ ਪ੍ਰੀਤਿ।
ਕਰਨਿ ਸ਼ਿਕਾਰ ਜੀਵ ਗਨ ਮਾਰਨਿ।
ਨਿਸ ਦਿਨ ਆਯੁਧ ਮਹਿਂ[1] ਹਿਤ ਧਾਰਨਿ- ॥੩੦॥
ਇਸਿ ਬਿਧਿ ਪਸਰਜੋ ਜਗ ਅਪਵਾਦ।
-ਪੂਰਬਿ ਕੀ ਕਰਿ ਭੰਗ ਮ੍ਰਿਜਾਦਿ[1]-।
ਦੇਸ਼ ਬਿਦੇਸ਼ਨਿ ਮਹਿਂ ਸਭਿ ਕਹੈਂ।
ਪੂਰਨ ਸਿੱਖ ਭੇਦ ਕੋ ਲਹੈਂ ॥੩੧॥
ਦਿਪਤਿ ਤੇਜ ਮੁਖ ਮੰਡਲ ਕੇਰਾ।
ਕਹਿ ਨਹਿਂ ਸਕਹਿ ਹੋਹਿ ਕੋ ਨੇਰਾ[1]।
ਸਾਰੀ[1] ਰਾਮੋ, ਸਾਈਂਦਾਸ।
ਕਿਤਿਕ ਸਮੈਂ ਬਾਸੇ ਗੁਰ ਪਾਸਿ ॥੩੨॥
ਸੋ ਭੀ ਬਿਦਾ ਕਰੇ ਜਿਸ ਕਾਲ।
ਬਿਛੁਰਤਿ ਸੰਕਟ ਲਹਜੋ ਬਿਸਾਲ।
ਕਰੇ ਸਪਰਸ਼ ਚਰਨ ਅਰਬਿੰਦ।
ਧੀਰਜਿ ਦੇ ਸ਼੍ਰੀ ਹਰਿਗੋਵਿੰਦ ॥੩੩॥
ਗਏ ਡਰੋਲੀ ਕੋ ਸੁਖ ਬਾਸੇ।
ਸਿਮਰਤਿ ਰਹਤਿ ਗੁਰੂ ਸੁਖ ਰਾਸੇ।
ਕੇਤਿਕ ਦਿਨ ਬਿਤਾਇ ਸੋ ਘਰ ਮੈਂ[†]।
ਭਯੋ ਪ੍ਰਸੂਤ ਨਾਨਕੀ ਸਮੈਂ ॥੩੪॥
ਮਾਸ ਵਿਸਾਖ ਹੁਤੋ ਅਭਿਰਾਮ।
ਰਹੀ ਜਾਮਨੀ ਸਵਾ ਜੁ ਜਾਮ।

[1]ਹੋਰਨਾਂ ਨੂੰ ਹਟਾਕੇ।
[1]ਲਿਆਂਦੀ।
[1]ਸੁਸ਼ੀਲ ਹੁੰਦੇ ਹਨ (ਇਹਨਾਂ ਨੇ ਓਹ ਸੁਭਾਵ) ਵਿਸਾਰ ਦਿੱਤਾ ਹੈ, ਭਾਵ ਸ਼ਾਂਤ ਬ੍ਰਿਤੀ ਤੋਂ ਹੈ।
[1]ਤ੍ਰੀਕਾਂ, ਤਰ੍ਹਾਂ।
[1]ਸ਼ਸਤ੍ਰਾਂ ਵਿਚ।
[1]ਮਿਰਜਾਦਾ ਭੰਗਨ ਕੀਤੀ ਹੈ।
[1]ਕੋਈ ਨੇੜੇ ਹੋਕੇ ਕਹਿ ਨਹੀਂ ਸਕਦਾ।
[1]ਸਾਲੀ (ਗੁਰੂ ਜੀ ਦੀ)।
[†]ਪਾ:-ਸੁਖਰ ਮੈਂ।

ਸੋਲਹ ਸੈ ਉਨਹੱਤਰਾ† ਸਾਲ।
ਬਦੀ ਪੰਚਮੀ[1] ਥਿਤਿ ਤਿਸਿ ਕਾਲ ॥੩੫॥
ਸੇਬਜਮਾਨ ਧਾਇਨਿ ਤੇ ਹੋਇ।
ਦਾਸੀ ਦਾਸ ਹਰਖ ਸਭਿ ਕੋਇ।
ਬਾਲਕ ਜਨਮਜੋ ਭਯੋ ਅਨੰਦ।
ਰਖਿਬੇ ਹਿਤ ਜਗ ਬੀਰਜ ਹਿੰਦ[1] ॥੩੬॥
ਜਿਨਿ ਕੀ ਸਮ ਜਗ ਭਯੋ ਨ ਕੋਇ।
ਪਰਹਿਤ ਸੀਸ ਦਿਯੋ ਜਿਨਿ ਜੋਇ।
ਭਾ ਮੰਗਲ ਦੇਵਿਨਿ ਮਹਿਂ ਘਨੋ।
'ਬਿਨਸਤਿ ਧਰਮ ਰਾਖਿ ਹੈਂ' ਭਨੋ[1] ॥੩੭॥
ਸੁਰ ਸਭਿ ਆਇ ਸਦਨ ਸੋ ਪੂਜਾ[1]।
ਕਰਹਿਂ ਸਤੁਤਿ 'ਇਨਿ ਸਮ ਨਹਿਂ ਦੂਜਾ।
ਚੰਦਨ ਚਰਚਹਿਂ ਫੂਲ ਚਢਾਵੈਂ।
'ਧੰਨ ਗੁਰੂ ਘਰ' ਕਹਿ ਹਰਖਾਵੈਂ ॥੩੮॥
ਭਈ ਭੋਰ ਜਹਿਂ ਕਹਿਂ ਸੁਧਿ ਹੋਈ।
ਗੁਰੂ ਬਧਾਈ ਦੇ ਸਭਿ ਕੋਈ।
ਬਹੁ ਮੰਗਲ ਕੇ ਬਾਦਿਤ ਬਾਜੇ।
ਬੰਦਨ ਵਾਰੈਂ ਦ੍ਵਾਰਨਿ ਸਾਜੇ ॥੩੯॥
ਮੰਗਤਿ ਜਨ ਕੋ ਧਨ ਗਨ ਦੀਨੋ।
ਨਗਰ ਅਨੰਦ ਨਾਰਿ ਨਰ ਕੀਨੋ।
ਬਾਂਧੇ ਟੋਲਿ ਨਾਗਰੀ ਸੁੰਦਰ।
ਚਲਿ ਪ੍ਰਵਿਸ਼ੀ ਸਤਿਗੁਰੁ ਕੇ ਮੰਦਿਰ ॥੪੦॥
ਬਸਨ ਬਿਭੂਖਨ ਧਰਿ ਧਰਿ ਆਛੇ।
ਗਾਵਹਿਂ ਗੀਤਨਿ ਆਗੇ ਪਾਛੇ।
ਸਭਿ ਕੁਲ ਰੀਤਿ ਕਰੀ ਜੋ ਲਹੀ।
ਮਿਲਿ ਮਿਲਿ ਸਭਿਨਿ ਬਧਾਈ ਕਹੀ ॥੪੧॥
ਸ੍ਰੀ ਸਤਿਗੁਰੁ ਤਬਿ ਰਿਦੇ ਬਿਚਾਰਾ।
-ਇਸ ਕੇ ਉਪਜਹਿ ਬਲੀ ਉਦਾਰਾ[1]।

†ਇਤਿਹਾਸਾਂ ਵਿਚ ਅਵਤਾਰ ਦਾ ਸੰਮਤ ੧੬੭੮ ਮਿਲਦਾ ਹੈ।
[1]ਭਾਵ ਵਿਸਾਖ ਵਦੀ ਪੰਚਮੀ।
[1]ਰਖਣੇ ਵਾਸਤੇ ਹਿੰਦੂਆਂ ਦਾ ਬੀਜ ਜਗਤ ਵਿਚ।
[1]ਦੇਵਤਿਆਂ) ਕਿਹਾ ਕਿ ਬਿਨਸਦਾ ਧਰਮ ਰੱਖਣਗੇ।
[1]ਓਹ ਘਰ ਪੂਜਿਆ।
[1]ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਜਨਗੇ।

ਰਣ ਬਹਾਦਰੀ ਕਰਹਿ ਬਡੇਰੀ।
ਇਹ[1] ਨਿਰਭੈ ਜਰ ਤੁਰਕ ਉਖੇਰੀ ॥੪੨॥ — [1]ਤੇ) ਇਹ (ਸ਼੍ਰੀ ਤੇਗ ਬਹਾਦਰ ਜੀ)।
ਸੁਤ ਬਹਾਦਰੀ ਤੇਗ ਕਰੇ ਹੈ[1]। — [1]ਇਹ ਸਾਡਾ) ਪੁੱਤ੍ਰ ਤੇਗ ਦੀ ਬਹਾਦਰੀ ਕਰੇਗਾ। (ਅ) (ਇਨ੍ਹਾਂ ਦਾ) ਪੁਤ ਅਰਥਾਤ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ।
ਸ਼ੱਤ੍ਰ ਬ੍ਰਿੰਦ ਕੋ ਜੰਗ ਖਪੈ ਹੈ[1]। — [1]ਅਤੇ ਓਹ, ਭਾਵ ਇਨ੍ਹਾਂ ਦਾ ਪੁੱਤ੍ਰ) ਬੜੇ ਸ਼ੱਤ੍ਰੂਆਂ ਨੂੰ ਜੰਗ ਵਿਚ ਖਪਾਏਗਾ।
ਯਾਂ ਤੇ -ਤੇਗ ਬਹਾਦਰ- ਨਾਮ।
ਧਰਜੋ ਬਿਚਾਰ ਗੁਰੂ ਅਭਿਰਾਮ ॥੪੩॥
ਸੁਨਤਿ[1] ਨਾਨਕੀ ਹਰਖਤਿ ਹੋਈ। — [1]ਨਾਮ ਸ਼੍ਰੀ ਤੇਗ ਬਹਾਦਰ) ਸੁਣਕੇ।
ਕਰਤਿ ਪ੍ਰੇਮ ਮੁਖ ਸੁਤ ਕੋ ਜੋਈ।
ਇਸ ਪ੍ਰਕਾਰ ਗਨ ਮੰਗਲ ਭਏ।
ਪੰਚ ਪੁੱਤ੍ਰ ਸਭਿ ਗੁਰੁ ਨਿਪਜਏ[1] ॥੪੪॥ — [1]ਗੁਰੂ ਜੀ ਦੇ (ਘਰ) ਉਤਪੰਨ ਹੋਏ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸ਼੍ਰੀ ਤੇਗ ਬਹਾਦਰ ਜਨਮ' ਪ੍ਰਸੰਗ ਬਰਨਨੰ ਨਾਮ ਤੀਨ ਸਸ਼ਠੀ ਅੰਸੂ ॥੬੩॥

੬੪. [ਬੀਬੀ ਵੀਰੋ ਦੇ ਵਿਆਹ ਦੀ ਤਿਆਰੀ। ਬੀਰ ਰਸੀ ਠਾਠ ਪਰ ਤਰਕਾਂ]

੬੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੬੫

ਦੋਹਰਾ:

ਦਿਨ ਪ੍ਰਤਿ ਦਾਨ ਬਿਸਾਲ ਦਿਜ, ਅਰੁ
ਦੀਨਨਿ ਕੋ ਦੇਤਿ।
ਦਾਰਿਦ ਰਹ੍ਯੋ ਨ ਪੁਰਿ ਬਿਖੈ, ਆਇ ਗੁਰੂ
ਤੇ ਲੇਤਿ ॥੧॥

ਚੌਪਈ:

ਅਦਭੁਤ ਚਲਿਤ ਗੁਰੂ ਦਿਖਰਾਵੈਂ।
ਜਿਨਿ ਕੋ ਭੇਦ ਨਹੀਂ ਕੋ ਪਾਵੈ।
ਵਹਿਰਿ ਕਿਯਾ[1] ਪਿਖਿ ਨਿੰਦਾ ਕਰੈਂ।
'ਬੇ ਮਿਰਜਾਦਿ ਸਕਲ ਇਹ ਧਰੈਂ' ॥੨॥
ਜਿਮਿ ਸ੍ਰੀ ਕ੍ਰਿਸ਼ਨ ਚੰਦ ਕੋ ਦੇਖਿ।
ਕਰਹਿਂ ਵਹਿਰ ਵਿਵਹਾਰ ਅਸ਼ੇਖ[1]।
-ਇਸਤ੍ਰੀ ਜਿਤਿ[1]- ਆਦਿਕ ਸਭਿ ਕਹੈਂ।
ਪੂਰਨ ਪੁਰਖ ਨਹੀ ਚਿਤ ਲਹੈਂ ॥੩॥
ਜੇ ਸਮਰੱਥ ਪ੍ਰਭੂ ਅਵਤਾਰਾ।
ਚਹੈਂ ਸੁ ਕਰੈਂ ਜਿ ਸ਼ਕਤਿ ਉਦਾਰਾ।
ਗਨ ਦੋਖਨਿ ਤੇ ਲਿਪਹਿਂ[1] ਨ ਕੈਸੇ।
ਕਮਲ ਦਲਨਿ ਪਰਿ ਜਲ ਕਨ ਜੈਸੇ ॥੪॥
ਤਿਨ ਮਹਿਂ ਅਵਗੁਨ ਭੀ, ਗੁਨ ਹੋਤਿ।
ਰੀਤਿ ਕੁਰੀਤਿ ਚਹੈਂ, ਸੁ ਉਦੋਤਿ[1]।
ਬਿਨ ਜਾਨੇ ਜਿਨ ਕੀ ਮਤਿ ਅਲਪ।
ਨਿੰਦਾ ਕਰੈਂ ਸੁ ਦੂਖਨ ਕਲਪਿ[1] ॥੫॥
ਦੂਰਿ ਦੂਰਿ ਹੀ ਨਿੰਦਾ ਕਰੈਂ।
ਗੁਰ ਮਹਿਂ ਅਵਗੁਨ ਦੁਖਨ ਧਰੈਂ।
ਨਿਕਟਿ ਹੋਇ ਤੂਸ਼ਨਿ ਕਰਿ ਰਹੈਂ।
ਤੇਜ ਪ੍ਰੰਚਡ ਗੁਰੂ ਕੋ ਲਹੈਂ ॥੬॥
ਇਕ ਦਿਨ ਗੁਰੂ ਮਹਿਲ ਮਹਿਂ ਗਏ।
ਹੁਇ ਇਕਾਂਤ ਤਹਿਂ ਬੈਠਤਿ ਭਏ।
ਤਬਿ ਦਮੋਦਰੀ ਚਲਿ ਕਰਿ ਆਈ।
ਬੈਠਿ ਸਮੀਪਿ ਬਾਤਿ ਸਮੁਝਾਈ ॥੭॥

[1]ਬਾਹਰਲੀ ਕ੍ਰਿਯਾ।

[1]ਬਾਹਰ ਦਾ ਸਾਰਾ ਵਿਹਾਰ ਸ੍ਰੀ ਕ੍ਰਿਸ਼ਨ ਜੀ ਦਾ ਦੇਖਣਾ ਕਰਕੇ ਉਨ੍ਹਾਂ ਨੂੰ ਇਸਤ੍ਰੀ ਜਿਤ ਕਹਿੰਦੇ ਹਨ।

[1]ਤ੍ਰੀਮਤਾਂ ਦੇ ਵੱਸ਼ ਪਿਆ ਹੋਇਆ।

[1]ਲਿਪਾਇਮਾਨ ਨਹੀਂ ਹੁੰਦੇ।

[1]ਉਹੀ ਉੱਤਮ ਹੈ।

[1]ਕਲਪਕੇ।

'ਅਸ਼ਟ ਬਰਖ ਕੀ ਕੰਨਜਾਂ ਹੋਈ।
ਉਚਿਤ ਬਜਾਹ ਕੇ ਜਾਨਹੁ ਸੋਈ।
ਕਰਿ ਕੈ ਫਿਕਰ ਬਜਾਹ ਇਸਿ ਦੀਜੈ।
ਸਾਹਾ ਸ਼ੁਭ ਸੁਧਵਾਵਨਿ ਕੀਜੈ' ॥੮॥
ਕਹੑਯੋ ਗੁਰੂ 'ਕਹਿ ਆਛੀ ਬਾਤ।
ਕਰਹਿਂ ਕਾਰ ਇਮਿ, ਉਠਿ ਕਰਿ ਪ੍ਰਾਤਿ।'
ਸੁਪਤਿ ਭਏ ਸਭਿ ਰਾਤਿ ਬਿਤਾਈ।
ਜਾਗੇ ਪ੍ਰਭੁ ਸਮੈ ਨਿਜ ਪਾਈ[1] ॥੯॥
ਸੌਚ ਸ਼ਨਾਨ ਧ੍ਯਾਨ ਕੋ ਠਾਨਾ।
ਦਿਨਕਰ ਉਦੈ ਉਠੇ ਭਗਵਾਨਾ।
ਬੈਠਿ ਦਿਵਾਨ ਲਗਾਯੋ ਸਾਰਾ।
ਦੈਵਗ[1] ਦਿਜ ਕੋ ਨਿਕਟਿ ਹਕਾਰਾ ॥੧੦॥
ਕਹਿ ਸਾਹਾ ਸੁਧਵਾਵਨਿ ਠਾਨਾ[†]।
ਜੋਤਿਸ਼ਿ ਕੋ ਗਿਨ ਬਿੱਪ੍ਰ ਮਹਾਨਾ।
ਕੰਨਜਾਂ ਬੀਰੋ ਨਾਮ ਸੁਧਾਵਾ।
ਸਾਧੁ ਬਾਲਕ ਕੋ ਸਮੁਝਾਵਾ ॥੧੧॥
ਗ੍ਰੈਹ ਨਿਛੱਤ੍ਰ ਸੋਧੇ ਦਿਜ ਸਾਰੇ।
ਪੁਨ ਸਤਿਗੁਰੁ ਸੋਂ ਬਾਕ ਉਚਾਰੇ।
'ਜੇਸ਼ਟ ਕੀ ਛਬੀਸਵੀ ਮਾਂਹਿ।
ਭਲੋ ਲਗਨਿ ਪ੍ਰਾਪਤਿ ਭਾ ਤਾਂਹਿ ॥੧੨॥
ਕਹਿ ਗੁਰੁ ਤਬਿ ਲਿਖਵਾਇਸਿ ਪਾਤੀ।
ਕੁੰਗੂ ਸੰਗਿ ਛਿਰਕਿ ਸ਼ੁਭ ਭਾਂਤੀ।
ਸਿੰਘਾ ਪ੍ਰੋਹਤ ਅਪਨਿ ਬੁਲਾਯਹੁ।
ਸਰਬ ਬਾਰਤਾ ਕਹਿ ਸਮੁਝਾਯਹੁ ॥੧੩॥
'ਮੱਲੇ ਗ੍ਰਾਮ ਜਾਹੁ ਸੁਧਿ ਦੀਜੈ।
ਜੇਠ ਮਾਸ ਸੁਤ ਬਜਾਹਿਨਿ ਕੀਜੈ।
ਸਿੰਘਾ ਗੁਰੁ ਕੀ ਆਇਸੁ ਪਾਇ।
ਚਲੑਯੋ ਤਹਾਂ ਹਰਖਤਿ ਉਤਲਾਇ ॥੧੪॥
ਚਾਰਿ ਦਿਵਸ ਮਹਿਂ ਪਹੁੰਚਯੋ ਜਾਈ।
ਧਰਮੇ ਸਾਥਿ ਮਿਲੑਯੋ ਸੁਖ ਪਾਈ।
ਅਤਿ ਅਨੰਦ ਤਿਸ ਸਦਨ ਬਿਠਾਵਾ।
ਕੁਸ਼ਲ ਬੂਝਿ ਗੁਰੁ ਕੀ ਹਰਖਾਵਾ ॥੧੫॥

[1]ਆਪਣੇ ਸਮੇਂ ਸਿਰ।

[1]ਜੋਤਸ਼ੀ।

[†]ਦੇਖੋ ਰਾਸਿ ੪ ਅੰਸੂ ੭ ਅੰਕ ੨੪ ਦੀ ਹੇਠਲੀ ਟੂਕ।

ਸਿੰਘੇ ਦਈ ਹਾਥ ਤੇ ਪਾਤੀ।
ਲੇ ਕਰਿ ਅਤਿ ਅਨੰਦ ਭਰਿ ਛਾਤੀ।
ਨਿਜ ਪਾਂਧੇ ਤੇ ਸਕਲ ਪਢਾਈ।
ਸੁਨਤਿ ਬਜਾਹ ਕੀ ਸੁਧਿ ਬਿਦਿਤਾਈ
॥੧੬॥
ਨੰਦਕੁਇਰ ਦਾਰਾ ਸੰਗ ਕਹ੍ਯੋ।
ਜੇਸ਼ਟ ਬਿਖੈ ਸਰਬ ਨਰ ਲਹ੍ਯੋ।
ਮੰਗਲ ਕਰ੍ਯੋ ਅਹੈ ਜਿਮਿ ਰੀਤਿ।
ਮਿਲਿ ਸੁੰਦਰੀ ਗਾਵਤਿ ਗੀਤ ॥੧੭॥
ਦੋਇ ਕ ਦਿਨ ਮਹਿਂ ਸਿੰਘਾਂ ਤੋਰ੍ਯੋ।
ਦਾਨ ਮਾਨ ਦੇ ਅਧਿਕ ਨਿਹੋਰ੍ਯੋ।
ਪੰਚ ਦਿਵਸ ਮਹਿਂ ਪਹੁੰਚ੍ਯੋ ਜਾਈ।
ਸਤਿਗੁਰੁ ਸੋਂ ਸੁਧਿ ਸਕਲ ਸੁਨਾਈ ॥੧੮॥
ਸਭਿਨਿ ਮਸੰਦ ਸੰਗ ਫੁਰਮਾਯੋ।
'ਜਾਨਹੁ ਸਮੈਂ ਬਜਾਹ ਨਿਯਾਰਯੋ।
ਕਰਹੁ ਸਮਿੱਗ੍ਰੀ ਸੰਚਨਿ ਸਾਰੇ।'
ਸੁਨਿ ਸੁਨਿ ਧਨ ਲੇ ਵਹਿਰ ਪਧਾਰੇ ॥੧੯॥
ਸੰਚਨਿ ਕਰ੍ਯੋ ਘ੍ਰਿਤਿ ਬਹੁ ਲ੍ਯਾਏ।
ਲਾਦਿ ਫਾਣਤੀ[1]† ਉਸ਼ਟ ਪਠਾਏ।
ਸੁੰਦਰ ਅੰਨ ਹੋਤਿ ਜਿਸਿ ਭੂਮਿ।
ਸੂਖਮ ਚਾਵਰ ਅਰੁ ਗੋਧੂਮ ॥੨੦॥
ਗਨ ਮੇਵੇ ਕਾਵਰ[1] ਭਰਿ ਆਈ।
ਬਸਨ ਮੋਲ ਬਹੁ ਕੇ[1] ਸਮੁਦਾਈ।
ਇੱਤਜਾਦਿਕ ਚਹਿਯਤਿ ਸੋ ਲ੍ਯਾਏ।
ਸੰਚਿ ਸਮਿੱਗ੍ਰੀ ਤਯਾਰ ਕਰਾਏ ॥੨੧॥
ਸ਼੍ਰੀ ਹਰਿ ਗੋਵਿੰਦ ਸਹਜਿ ਸੁਭਾਇ।
ਪੈਂਦੇ ਪਰ ਰੁਖ ਵਧਿ ਅਧਿਕਾਇ।
ਰੀਝਹਿਂ ਕਦ ਬਿਸਾਲ ਅਵਿਲੋਕੈਂ।
ਬਲ ਤੇ ਮਹਿਖਨਿ ਕੋ ਗਹਿ ਰੋਕੈ ॥੨੨॥
ਸ਼੍ਰੀ ਫਲ ਧਰਿ ਕੈ ਦੰਡ ਦਬਾਵੈ।
ਫੋਰਿ ਦੇਤਿ ਨਹਿਂ ਬਿਲਮ ਲਗਾਵੈ।
ਫਿਰਤਿ ਮੁੰਗਰੀ ਫੇਰਤਿ ਜਹਾਂ।

[1]ਖੰਡ। †ਪਾ:-ਲਾਦਨ ਹੇਤੀ।
[1]ਵਹਿੰਗੀਆਂ।
[1]ਬਹੁਤੇ ਮੁੱਲ ਦੇ।

ਧਸਕਤਿ ਧਰਾ, ਗਰਤ ਹ੍ਵੈ ਤਹਾਂ[1] ॥੨੩॥
[1]ਤਿੱਥੇ) ਧਸਕੇ ਧਰਤੀ ਵਿਚ ਟੋਆ ਪੈ ਜਾਂਦਾ ਹੈ।
ਦੋਇ ਘਟੀ ਦਿਨ ਜਬਿ ਰਹਿ ਜਾਵੈ।
ਅਪਨੋਂ ਬਲ ਤਿਹ ਸੰਗ ਲਗਾਵੈ।
ਕਰਹਿ ਅਨੇਕ ਰੀਤਿ ਕੇ ਦਾਇ।
ਗਹੈਂ ਗੁਰੂ ਕਰ ਲੇਤਿ ਦਬਾਇ[1] ॥੨੪॥
[1]ਫੜਕੇ ਜਦ ਗੁਰੂ ਜੀ ਹੱਥ ਦਬਾਉਂਦੇ ਹਨ।
ਹੋਇ ਬਿਬਸਿ ਬਲ ਚਲਹਿ ਨ ਥੋਰਾ।
ਤਊ ਕਹੈ[1] 'ਬਲ ਘਾਟਿ ਨ ਮੋਰਾ।
[1]ਪੈਂਦਾ ਕਹਿੰਦਾ ਹੈ।
ਅਜ਼ਮਤਿ ਕੋ ਬਲ ਆਪਿ ਲਗਾਵਹੁ।
ਮੋ ਕਹੁ ਬਸਿ ਕਰਿ ਅੰਗ ਦਬਾਵਹੁ ॥੨੫॥
ਮੁਝ ਮਾਨਿੰਦ ਬਲੀ ਭਵ ਮਾਂਹੀ।
ਆਨ ਥਾਨ ਕਿਤਿ ਦਿਖਯਤਿ ਨਾਂਹੀ।
ਗਹੌਂ ਮਤੰਗ ਸੁੰਡ ਕਰਿ ਬਲ ਕੋ।
ਐਂਚਿਨਿ ਕਰੌਂ ਤਜੌਂ ਨਹਿਂ ਥਲ ਕੋ ॥੨੬॥
ਉਸ਼ਟਰ ਬਪੁਰੇ ਕਹਾਂ ਅਗਾਰੀ।
ਗੇਰੋਂ ਭੂ ਪਰਿ ਹ੍ਵੈ ਨ ਸੰਭਾਰੀ[1]।
[1]ਸੰਭਲ ਨਾ ਸਕਣ।
ਖਾਹਿ ਮਲੀਦਾ[1] ਬਲੀ ਤੁਰੰਗ।
[1]ਨਿਹਾਰੀ ਖਾਂਦਾ ਹੋਵੇ।
ਹੋਵਹਿ ਬਰ ਦੀਰਘ ਸਰਬੰਗ[1] ॥੨੭॥
[1]ਸਰਬ ਅੰਗਾਂ ਕਰਕੇ ਬੜਾ ਬਲਵਾਨ ਹੋ ਜਾਵੇ।
ਏਕਿ ਹਾਥ ਰੋਕੌਂ ਵਾਹੀ[1]।
[1]ਤਿਸ ਨੂੰ।
ਚਰਨਿ ਉਠਾਵਨਿ ਦੇਵ ਨ[1] ਤਾਂਹੀ।
[1]ਨਹੀਂ ਦੇਵਾਂਗਾ।
ਲਘੁ ਤੁਰੰਗ ਬਪੁਰੇ ਇਹ ਕਹਾਂ।
ਭਾਗਤਿ ਕੋ ਗਹਿ ਰਾਖਵ ਤਹਾਂ[1]' ॥੨੮॥
[1]ਤਿੱਥੇ ਹੀ ਫੜਕੇ ਰੱਖ ਸਕਦਾ ਹਾਂ।
ਸੁਨਿ ਸਤਿਗੁਰੂ ਸਰਾਹਨਿ ਕਰੈਂ।
'ਬਲ ਤੇ ਬਲੀ ਕਜੋਂ ਨ ਇਮਿ ਧਰੈਂ[1]।
[1]ਬਲ ਕਰਕੇ ਬਲੀ ਹੈਂ ਤੂੰ (ਇਸ ਲਈ) ਕਿਉਂ ਨਾ ਤੂੰ (ਇਉਂ ਘੋੜੇ ਆਦਿਕਾਂ ਨੂੰ) ਫੜ ਰੱਖੇਂ।
ਜਥਾ ਸਰੀਰੁ ਡੀਲ ਬਡ ਤੋਰਾ।
ਤਿਮਿ ਹੀ ਬਲ ਬਿਸਾਲ ਨਹਿਂ ਥੋਰਾ ॥੨੯॥
ਜਿਮਿ ਬਲ ਬਡ ਤਿਮਿ ਬਰਕਸ[1] ਕਰੀ।
[1]ਕਸਰਤ।
ਅਚਿ ਖੁਰਾਕ ਬਰਕਸ ਸਮਸਰੀ[1]।
[1]ਕਸਰਤ ਓਹੋ ਜਹੀ ਕੀਤੀ।
ਜਥਾ ਜੋਗ ਭੇ ਕਾਰਨ ਕਾਜ[1]।
[1]ਜਿਹੋ ਜਿਹੇ ਕਾਰਨ ਹੋਏ (ਖੁਰਾਕ ਤੇ ਕਸਰਤ ਦੇ) ਤਿਵੇਂ (ਬਲ ਰੂਪੀ) ਕਾਜ ਹੋਇਆ ਹੈ (ਤੇਰਾ)।
ਤੁਝ ਸਮ ਬਲੀ ਨ ਅਪਰ ਸਮਾਜ ॥੩੦॥
ਸੁਨਿ ਪੈਂਦੇ ਖਾਂ ਬਹੁਰ ਉਚਾਰੈ।

'ਹਿਤ ਕਰਿ ਆਪਿ ਮੋਹਿ ਪ੍ਰਤਿਪਾਰੈਂ।
ਪਰਹਿ ਜੰਗ ਤਬਿ ਦੇਖਹੁ ਹਾਥ।
ਕਹਾਂ ਕਰੌਂ[1] ਪ੍ਰਾਕ੍ਰਮ ਬਡਿ ਸਾਥਿ ॥੩੧॥
[1]ਕੀ ਕੁਝ ਕਰ ਦਿਖਾਵਾਂਗਾ।
ਰਿਪੁ ਲਸ਼ਕਰ ਸਲਿਤਾਪਤਿ ਭਾਰੋ[1]।
[1]ਭਾਰੀ ਸਮੁੰਦ੍ਰ ਵਤ ਹੋਵੇ।
ਗਿਰ ਮੰਦਰ ਸਮ ਬਰੌਂ ਮਝਾਰੋ[1]।
[1]ਮੰਦ੍ਰਾਚਲ ਪਰਬਤ ਵਾਂਗ ਵਿਚ ਜਾ ਵੜਾਂਗਾ।
ਬਾਹੁ ਸ੍ਰਿੰਗ ਤੇ ਮਥਿ ਕਰਿ ਡਾਰੌਂ[1]।
[1]ਬਾਹਾਂ ਰੂਪੀ ਟਿੱਲਿਆਂ ਨਾਲ ਰਿੜਕ ਸੁੱਟਾਂਗਾ। ਸ੍ਰਿੰਗ ਤੋਂ ਭਾਵ ਹੈ ਮਧਾਣੀ ਦਾ ਫੁੱਲ।
ਰੁੰਡ ਮੁੰਡ[1] ਰਣ ਖੇਤ ਬਿਥਾਰੋਂ' ॥੩੨॥
[1]ਧੜ ਤੇ ਸੀਸ।
ਸੁਨਿ ਗੁਰੁ ਕਹੈਂ 'ਆਇ ਅਸ ਕਾਲ।
ਜਿਮਿ ਚਾਹਤਿ ਚਿਤਿ ਕਰਜੋ ਬਿਸਾਲ।'
ਬਹੁਤ ਬਾਰਤਾ ਪੈਂਦੇ ਸਾਥ।
ਸਗਰੇ ਦਿਨ ਰਹਿੰ ਕਰਤੇ ਨਾਥ ॥੩੩॥
ਨਿਤਿਪ੍ਰਤਿ ਧਨ ਅਨਗਨ ਕੋ ਦੇਤਿ।
ਬਸਨ ਬਿਭੂਖਨ ਗੁਰੁ ਤੇ ਲੇਤਿ।
ਹਯ ਆਛੋ ਪਿਖਿ ਚਢਹਿ ਤਬੇਲੇ[1]।
[1]ਚੰਗਾਂ ਘੋੜਾ ਤਬੇਲੇ ਵਿਚ ਵੇਖਕੇ ਚੜ੍ਹ ਪੈਂਦਾ ਹੈ।
ਜ਼ੀਨ ਜਰਾਉ ਉਪਰਿ ਮੇਲੇ[1] ॥੩੪॥
[1]ਪਾ ਲੈਂਦਾ ਹੈ।
ਆਛੋ ਸ਼ਸਤ੍ਰ ਗੁਰੂ ਤੇ ਲੈ ਹੈ।
ਅਪਨੇ ਅੰਗ ਸਜਾਵਨਿ ਕੈ ਹੈ।
ਜਿਨਿ ਵਸਤਨਿ ਕੋ ਮੋਲਿ ਵਿਸ਼ੇਸ਼।
ਆਨੈ ਸੰਗਤਿ ਦੇਸ਼ ਵਿਦੇਸ਼ ॥੩੫॥
ਲੇ ਕਰਿ ਗੁਰੁ ਤਿਸਿ ਕੋ ਤਬਿ ਦੇਤਿ।
ਦੇਤਿ ਜਿ ਨਹੀਂ, ਮਾਂਗਿ ਸੋ ਲੇਤਿ।
ਪਿਖਿ ਸਿਖ ਮਨ ਖੁਨਸਹਿੰ ਗਨ ਘਨੇ।
ਗੁਰੁ ਤੇ ਡਰਤਿ ਨ ਮੁਖ ਤੇ ਭਨੇ ॥੩੬॥
ਗੁਰੁ ਪਹਿਰਹਿੰ ਗੁਰੁ ਕਾਰਜ ਲਾਗੈ।
ਯਾਂ ਤੇ ਅਰਪਿ ਕਰਹਿੰ ਗੁਰੁ ਆਗੈ।
ਜਬਿ ਪੈਂਦਾ ਲੇ ਧਾਰਹਿ ਅੰਗ।
ਦੇਖਤਿ ਸਿਖ ਗਨ ਹ੍ਵੈ ਮਨ ਭੰਗ[1] ॥੩੭॥
[1]ਮਨ ਢਹਿ ਜਾਂਦਾ ਹੈ।
ਤਿਸੀ ਖਯਾਲ ਮਹਿੰ ਪਰਚੇ ਰਹੈਂ।
ਸਿਖਜਨਿ ਕੀ ਦਿਸ਼ਿ ਕਬਹੁੰ ਨ ਲਹੈਂ।
ਸੰਗਤਿ ਪਿਖਿ ਸੁਭਾਉ ਗੁਰੁ ਕੇਰਾ।
ਕਰਹਿ ਬਿਚਾਰ ਉਚਾਰ ਕੁਫੇਰਾ[1] ॥੩੮॥
[1]ਮਾੜਾ ਕਹਿੰਦੇ ਹਨ।

'ਦੇਖਹੁ ਪੂਰਬ ਗੁਰ ਕੀ ਰੀਤਿ।
ਮੀਂਡ[1] ਮ੍ਰਿਜਾਦਿ ਕੀਰ ਬਿਪਰੀਤਿ।
ਸਤਿ ਸੰਗਤਿ ਮਹਿਂ ਮਮ ਜਿਨ ਥੋਰਾ।
ਰਾਚੇ ਕਰਮ ਕਰਤਿ ਜੇ ਘੋਰਾ ॥੩੯॥

[1]ਮਲਕੇ, ਮੇਟਕੇ।

ਦੁਤੀਏ ਤੁਰਕਨਿ ਘਰ ਮਹਿਂ ਧਰੀ।
ਨਹੀਂ ਗਿਲਾਨ ਤਨਕ ਮਨ ਕਰੀ।
ਧਰਮਸਾਲ ਟਿਕਿ ਬੈਠਤਿ ਨਾਂਹੀ।
ਕਰਤਿ ਅਖੇਰ ਬ੍ਰਿਤਿ ਬਨ ਮਾਂਹੀ ॥੪੦॥

ਕਾਜੀ ਦੁਹਿਤਾ ਕੇ ਨਿਤਿ ਮੰਦਿਰ।
ਜਾਇ ਪ੍ਰਵੇਸ਼ਤਿ, ਹੇਰਤਿ ਅੰਦਰ[1]।
ਕਹੀਅਹਿ ਕਹਾਂ ਕਹੀ ਨਹਿਂ ਜਾਇ।
ਪਿਖਿ ਪਿਖਿ ਨਿੰਦਤਿ ਹੈਂ ਸਮੁਦਾਇ ॥੪੧॥

[1]ਘਰ ਵਿਚ ਦੇਖੀਦੇ ਹਨ।

ਸਿੱਖਨਿ ਤੇ ਨਹਿਂ ਜਾਹਿ ਸਹਾਰੀ।
ਮਿਲਿ ਆਪਸਿ ਮਹਿਂ ਕਰਤਿ ਬਿਚਾਰੀ।
'ਤੁਰਕ ਬਡੋ ਅਪਨੇ ਮੁਖ ਲਾਯੋ[1]।
ਗੁਰੁ ਕਰੁਨਾ ਤੇ ਸੋ ਗਰਬਾਯੋ' ॥੪੨॥

[1]ਮੂੰਹ ਚੜ੍ਹਾਯਾ ਹੈ (ਪੈਂਦਾ)।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਪੈਂਦੇ ਖਾਨ' ਪ੍ਰਸੰਗ ਬਰਨਨੰ ਨਾਮ ਚਤਰ ਸਸ਼ਠੀ ਅੰਸੂ ॥੬੪॥

੬੫. [ਸਿੱਖਾਂ ਵਿਚ ਵਿਚਾਰ]

੬੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੬੬

ਦੋਹਰਾ:
ਮਤਿ ਜਿਨ ਕੀ ਅਨਜਾਨ ਹੈ,
ਨਿੰਦਹਿਂ ਮੂਢ ਗਵਾਰ।
ਮਿਲਹਿਂ ਪਰਸਪਰਿ ਬੋਲਤੇ,
ਕੌਲਾਂ ਕੋ ਤਕਰਾਰ ॥੧॥
ਚੌਪਈ:
'ਸ਼੍ਰੀ ਗੁਰੂ ਰਾਮਦਾਸ ਬਡਿਆਈ।
ਰਹਿ ਵਿਰਾਗ ਨਿਤਿ ਦ੍ਰਿਗ ਜਲ ਜਾਈ[1]। [1]ਜਿਨ੍ਹਾਂ ਨੂੰ) ਨਿਤ ਵੈਰਾਗ ਹੀ ਰਹਿੰਦਾ ਸੀ ਤੇ ਨੇਤ੍ਰਾਂ ਵਿਚੋਂ ਜਲ ਜਾਂਦਾ ਰਹਿੰਦਾ ਸੀ।
ਇਕਿ ਰਸ ਬ੍ਰਿਤੀ ਸਦਾ ਚਿਤ ਸ਼ਾਂਤੀ।
ਜਿਨਿ ਕੇ ਮੋਹ ਨ ਮਾਯਾ ਤਾਤੀ[1] ॥੨॥ [1]ਦੁਖਦਾਈ।
ਸਤਿ ਸੰਗਤਿ ਕਰਤੇ ਦਿਨ ਬੀਤੇ।
ਬੈਠਹਿਂ ਸ਼ਬਦ ਸੰਗਿ ਚਿਤ ਪ੍ਰੀਤੇ[1]। [1]ਚਿੱਤ ਦੀ ਪ੍ਰੀਤੀ ਨਾਲ।
ਜਾਗਹਿਂ ਜਾਮਨਿ ਕੇ ਜੁਗ ਜਾਮ[1]। [1]ਰਾਤ ਦੇ ਦੋ ਪਹਿਰ (ਰਹਿੰਦਿਆਂ)।
ਤਬਿ ਸਤਿਸੰਗ ਹੋਤਿ ਅਭਿਰਾਮ ॥੩॥
ਤਿਨਿ ਕੇ ਸੁਤ ਸ਼੍ਰੀ ਅਰਜਨ ਭਏ।
ਗੁਨ ਗਨ ਪਿਖਿ ਗੁਰੁ ਸਾਦੀ ਦਏ।
ਤਿਨਹੁੰ ਕਰੇ ਜੇਤਿਕ ਉਪਕਾਰ।
ਛਪੇ ਨਹੀਂ, ਬਿਦਤੇ ਸੰਸਾਰ ॥੪॥
ਸ਼੍ਰੀ ਅੰਮ੍ਰਿਤਸਰ ਰਹੇ ਬਨਾਵਤਿ।
ਬਹੁਰੋ ਤਾਰਨ ਤਰਨ ਸੁਹਾਵਤਿ[1]। [1]ਜੋ ਸ਼ੋਭ ਰਿਹਾ ਹੈ।
[1]ਸ਼੍ਰੀ ਗ੍ਰੰਥ ਸਾਹਿਬ ਗੁਰੁ ਕਰਜੋ[2]। [1]ਫਿਰ। [2]ਰੁਚਿਆ।
ਮਨਹੁਂ ਸ਼੍ਰੇਯ ਕੋ ਮੰਦਰ ਭਰਜੋ ॥੫॥
ਜਬਿ ਲੌਂ ਤਨ ਕੀ ਥਿਰਤਾ ਲਹੇ[1]। [1]ਜਿੰਨਾਂ ਚਿਰ ਸਰੀਰ ਸਥਿਰ ਰਿਹਾ, ਭਾਵ ਆਯੂ ਭਰ।
ਪਰਉਪਕਾਰ ਕਰਤਿ ਹੀ ਰਹੇ।
ਚਹੁਂ ਦਿਸ਼ਿ ਉੱਜਲ ਜਸੁ ਬਿਸਤਾਰਾ।
ਕਰਤਜੋ ਬੀਤੇ ਸੁਸ਼ਟ ਅਚਾਰਾ[1] ॥੬॥ [1]ਸ੍ਰੇਸ਼ਟ ਆਚਾਰ ਕਰਦਿਆਂ ਬੀਤੀ (ਸਾਰੀ ਆਯੂ)।
ਤਿਨਿ ਕੇ ਸੁਤ ਇਹ ਗਾਦੀ ਬੈਸੇ।
ਭਏ ਨ ਪਿਤਾ ਪਿਤਾਮਾ ਜੈਸੇ।
ਆਗੈ ਪਾਤਿਸ਼ਾਹ ਘਰਿ ਆਵਤਿ।
ਗੁਰੁ ਗਾਦੀ ਕੋ ਸੀਸਿ ਨਿਵਾਵਤਿ ॥੭॥

ਇਹ ਸ਼ਾਹੁਨਿ ਕੇ ਪਾਸਿ ਪਧਾਰੇ।
ਦੁਰਗ ਕੈਦ ਥਲ ਬਸੇ ਮਝਾਰੇ।
ਅਪਰ ਨਰੇਸ਼ ਦੇਸ਼ ਕੇ ਜੈਸੇ।
ਇਨਹੁ ਅਪਨਿ ਗਤਿ ਠਾਨੀ ਤੈਸੇ ॥੮॥
ਹੁਇ ਨਿਰਦੈ ਚੰਦੂ ਕੋ ਮਾਰਾ।
ਨਹੀਂ ਦਯਾ ਕੇ ਲੇਸ਼ ਬਿਚਾਰਾ।
ਸ਼ਾਹੁ ਸੰਗ ਪੁਨ ਆਵਤਿ ਜਾਵ[1]। [1]ਆਉਂਦੇ ਜਾਂਦੇ ਹਨ।
ਜਥਾ ਔਰਿ ਤਿਨ ਕੋ ਉਮਰਾਵ ॥੯॥
ਨਹੀਂ ਬਿਚਾਰੀ ਅਪਨਿ ਬਡਾਈ।
ਜਹਾਂਗੀਰ ਢਿਗ ਬਸੇ ਤਦਾਈ।
ਸੰਗਿ ਲਹੌਰ ਬਾਸ ਬਹੁ ਕਰਿ ਕੈ।
ਕਾਜ਼ੀ ਦੁਹਿਤਾ ਆਨੀ ਹਰਿ ਕੈ ॥੧੦॥
ਕਰਯੋ ਕਾਜ ਇਹ ਦੀਰਘ ਖੋਟਾ।
ਜਾਨਿ ਤੇਜ ਬਡਿ ਕਿਨਹੁਂ ਨ ਹੋਟਾ[1]। [1]ਤੇਜ ਬੜਾ ਜਾਣਕੇ ਕਿਸੇ ਨੇ ਬੀ ਨਹੀਂ ਰੋਕਿਆ।
ਆਨਿ ਆਪਨੇ ਸਦਨ ਬਸਾਈ।
ਨਹੀਂ ਲਖੀ ਨਿਜ ਬੰਸ ਬਡਾਈ ॥੧੧॥
ਅਬਿ ਲੌਂ ਨਹਿਂ ਗਿਲਾਨ ਕਹੁ ਕਰਤੇ।
ਸ਼ਾਹੁ ਸੈਨ ਤੇ ਉਰ ਨਹਿਂ ਡਰਤੇ।
ਪੁਨ ਪੈਂਦੇ ਖਾਂ ਤੁਰਕ ਬਿਸਾਲਾ।
ਰਾਖਯੋ ਨਿਕਟਿ ਦਰਬ ਦੇ ਜਾਲਾ ॥੧੨॥
ਬੂਝਹਿਂ ਤਿਸਹਿ ਕਾਜ ਜੋ ਕਰਨਾ।
ਦਿਨ ਪ੍ਰਤਿ ਕਰਹਿਂ ਅਧਿਕ ਹੀ ਕਰੁਨਾ[1]।' [1]ਬਹੁਤ ਕ੍ਰਿਪਾ (ਉਸ ਪੈਂਦੇ ਉਤੇ)।
ਇੱਤਜਾਦਿਕ ਦੋਸ਼ਨਿ ਕੋ ਲਹਿ ਲਹਿ।
ਨਿੰਦਹਿਂ ਮਿਲਿ ਆਪਸਿ ਮਹਿਂ ਕਹਿ ਕਹਿ
॥੧੩॥
ਸੁਧਾ ਸਰੋਵਰ ਲਵਪੁਰਿ ਆਦਿ।
ਕਰਤਿ ਜਹਾਂ ਕਹਿਂ ਗੁਰੁ ਅਪਵਾਦ।
'ਸਰਬ ਸ਼ਿਰੋਮਣਿ ਗਾਦੀ ਥਿਰੇ।
ਅੰਗੀਕਾਰ ਕੁਕਰਮਨਿ ਕਰੇ' ॥੧੪॥
ਸੁਨਹਿ ਸਿੱਖ ਜਹਿਂ ਕਹਿਂ ਗੁਰੁ ਨਿੰਦਾ।
ਬਸਿ ਨਹਿਂ ਚਲਹਿ, ਧਰਹਿਂ ਚਿਤ ਚਿੰਦਾ[1]। [1]ਚਿੰਤਾ।
ਮਿਲਿ ਆਪਸ ਮਹਿਂ ਕਰਤਿ ਬਿਚਾਰੇ।

'ਕੋਇ ਨ ਕਹਿ ਕਰਿ ਗੁਰੁ ਹਟਿਕਾਰੇ[1] ॥੧੫॥ [1]ਕੋਈ ਨਹੀਂ ਕਹਿਕੇ ਗੁਰੂ ਜੀ ਨੂੰ ਰੋਕਦਾ।
-ਉਚਿਤ ਆਪਿ ਕੇ ਕਰਮ ਨ ਐਸੇ।
ਬਰਤਹੁ ਪਿਤਾ ਪਿਤਾਮਾ ਜੈਸੇ-।
ਕਹਾਂ ਭਯੋ ਗੁਰੁ ਸੁਮਤਿ ਨ ਚੀਨਿ।
ਜਿਮਿ ਟਾਮਨਿ ਤੇ[1] ਬਸਿ ਕਰਿ ਲੀਨਿ' ॥੧੬॥ [1]ਟੂਣਿਆਂ ਨਾਲ।
ਇੱਤਜਾਦਿਕ ਸਿੱਖਨਿ ਮਹਿਂ ਹੋਯਹੁ।
ਦੁਖਿਤਿ ਅਧਿਕ ਚਿਤ ਗੁਰੁ ਇਮਿ ਜੋਯਹੁ[1]। [1]ਬਹੁਤ ਦੁਖੀ ਹੋਏ ਇਉਂ ਗੁਰੂ ਜੀ ਨੂੰ ਦੇਖਕੇ।
ਬਹੁਰ ਬਜਾਹ ਕੋ ਦਿਨ ਨਿਯਰਾਯੋ।
ਸਕਲ ਮਸੰਦਨਿ ਬਾਕ ਅਲਾਯੋ ॥੧੭॥
'ਕੀਜਹਿ ਮੇਲਿ ਬੁਲਾਵਨਿ ਸਾਰੋ।
ਕਾਜ ਮਹਾਂ ਕਿਮਿ ਰਿਦੇ ਬਿਸਾਰੋ।
ਕਰਹੁ ਕਰਾਹੇ ਅਬਹਿ ਚਰਾਵਨਿ।
ਆਇਸੁ ਦਿਹੁ ਪਕਵਾਨ ਪਕਾਵਨਿ[1] ॥੧੮॥ [1]ਮਿਠਾਈ ਆਦਿ) ਪਕਵਾਨਾਂ ਦੇ ਪਕਾਵਣੇ ਦਾ।
ਆਗੈ ਗੰਗਾ ਮਾਤ ਸੁਜਾਨਾ।
ਕਾਜ ਸੰਭਾਰਤਿ ਜਿਤਿਕ ਮਹਾਨਾ।
ਜਥਾ ਜੋਗ ਮੰਗਲ ਕਰਿਵਾਵਤਿ।
ਆਇਸੁ ਦੇਤੇ ਨੀਕ ਬਨਾਵਤਿ ॥੧੯॥
ਅਬਿ ਤੌਂ ਰਾਵਰ ਕੇ ਇਖਤਜਾਰਿ।
ਕਰਿਵਾਵਹੁ ਸਭਿ ਕਾਰਜ ਤਜਾਰਿ।'
ਸੁਨਿ ਗੁਰੁ ਕਿਤਿਕ ਕਾਲ ਨਹਿਂ ਕਹਜੋ।
ਆਗੈ ਬਿਘਨ ਹੋਨਿ ਕੋ ਲਹਜੋ ॥੨੦॥
ਮੌਨ ਠਾਨਿ ਕਰਿ ਬੈਠੇ ਸ੍ਵਾਮੀ।
ਕੁਛ ਨ ਬਖਾਨਜੋ ਅੰਤਰਿਜਾਮੀ।
ਪਿਖਿ ਸੁਭਾਵ ਕੌ ਸਭਿ ਬਿਸਮਾਏ।
ਕਹਾਂ ਗੁਰੂ ਗਤਿ ਲਖੀ ਨ ਜਾਏ ॥੨੧॥
ਬਹੁਰੋ ਮੰਦਰ ਜਾਇ ਪ੍ਰਵੇਸ਼ੇ।
ਥਿਰ ਪ੍ਰਯੰਕ ਪਰਿ ਜਬਿਹੂੰ ਬੈਸੇ।
ਤਬਿ ਦਮੋਦਰੀ ਚਲਿ ਕਰਿ ਆਈ।
ਸੁਤਾ ਬਜਾਹ ਕੀ ਗਥ[1] ਸਮੁਝਾਈ ॥੨੨॥ [1]ਗੱਲ, ਬਾਤ, ਪ੍ਰਸੰਗ।

'ਕਸੋਂ ਨ ਕਰਾਵਤਿ ਹੋ ਸਭਿ ਆਹਰ।
ਕਾਜ ਬਿਸਾਲ ਬਿਦਤਿ ਭਾ ਜ਼ਾਹਰਿ।
ਅਬਹਿ ਕਰਾਹੇ ਕਹਿ ਚਰਵਾਵਹੁ[1]।
ਜਿਤ ਕਿਤ ਤੇ ਸਭਿ ਮੇਲਿ ਬੁਲਵਾਹੁ ॥੨੩॥
ਸ਼੍ਰੀ ਸਤਿਗੁਰੂ ਸੁਨਿ ਤਬਹਿ ਬਖਾਨਾ।
'ਕਰਹੁ ਪਕਾਵਨਿ ਗਨ ਪਕਵਾਨਾ।
ਮੇਲਿ ਹਕਾਰਨਿ ਬਨਹਿ ਨ ਅਬਿਹੀ।
ਅਪਰ ਕਾਰ ਤਜਾਰੀ ਕਰਿ ਸਬਿਹੀ' ॥੨੪॥
ਸੁਨਿ ਦਮੋਦਰੀ ਉਰ ਬਿਸਮਾਈ।
-ਇਹ ਕਿਮਿ ਬੋਲਤਿ ਲਖੀ ਨ ਜਾਈ।
ਕਹਜੋ ਸਭਿਨਿ ਸੋਂ ਕਰਨੀ ਕਾਰ।
ਨਹਿਂ ਇਕਿ ਕੀਨਸਿ ਮੇਲ ਹਕਾਰ- ॥੨੫॥
ਭਾਂਤਿ ਭਾਂਤਿ ਕੀ ਹੋਤਿ ਮਿਠਾਈ।
ਕਰਿ ਕਰਿ ਤਜਾਰਿ ਧਰਹਿਂ ਇਕ ਠਾਈ।
ਲੋਕਨਿ ਬਿਖੈ ਬਿਦਤਿ ਸਭਿ ਹੋਈ।
'ਮੇਲ ਬੁਲਾਵਨਿ ਕਿਯੋ ਨ ਕੋਈ ॥੨੬॥
ਇਹ ਭੀ ਨਈ ਰੀਤਿ ਕੁਛ ਕੀਨੀ।
ਕੁਲ ਕੀ ਚਾਲਿ ਤਜਾਗਿ ਕਰਿ ਦੀਨੀ।'
ਪੁਨ ਦਮੋਦਰੀ ਕਹਿ ਬਹੁ ਬਾਰੀ।
ਉੱਤਰ ਦਿਯੋ ਨ, ਤੂਸ਼ਨਿ ਧਾਰੀ ॥੨੭॥
ਇਕਿ ਦਿਨ ਸਿਖ ਜਿਸ ਥਲ ਗੁਰਦਾਸ।
ਬੈਠੇ ਬ੍ਰਿੰਦ ਜਾਇ ਕਰਿ ਪਾਸ।
ਬਦਲੀ ਸੋਢੀ, ਸੇਠ ਗੁਪਾਲਾ।
ਤਖਤੂ, ਤੀਰਥ, ਨਵਲੁ, ਨਿਹਾਲਾ ॥੨੮॥
ਕਿਸ਼ਨਾ, ਜੈਤ, ਤਿਲੋਕਾ ਸੂਰ[1]।
ਸਿੱਖ ਤੁਲਸੀਯਾ ਰਹਤਿ ਹਜ਼ੂਰ।
ਇੱਤਜਾਦਿਕ ਜਾਨਹੁ ਸਿਪ ਬ੍ਰਿੰਦ।
ਕੇਤਿਕ ਗਿਨੀਅਹਿ ਨਾਮ ਬਿਲੰਦ ॥੨੯॥
ਹਾਥ ਜੋਰਿ ਗੁਰੁਦਾਸ ਅਗਾਰੀ।

[1]ਚੜ੍ਹਵਾਵੋ।

[1]ਸੂਰਮਾਂ।

ਸਗਰੇ ਸਿੱਖਨਿ ਗਿਰਾ ਉਚਾਰੀ।
'ਜਹਿਂ ਕਹਿਂ ਵਧੀ ਗੁਰੂ ਕੀ ਨਿੰਦਾ।
ਸੁਨਿ ਨਹਿਂ ਜਰੀ ਜਾਇ, ਚਿਤ ਚਿੰਦਾ
॥੩੦॥
ਤੁਮ ਅਰੁ ਬਡੇ ਜੁ ਬੁੱਢਾ ਸਾਹਿਬ।
ਸ਼੍ਰੀ ਅਰਜਨ ਕੇ ਮਹਾਂ ਮੁਸਾਹਿਬ।
ਜੇ ਇੱਤਜਾਦਿ ਅਪਰ ਸਿਖ ਧੀਰ।
ਤਿਨਹੁ ਨ ਕਬਹੁ ਬਿਠਾਵਹਿਂ ਤੀਰ ॥੩੧॥
ਜਿਮਿ ਮਲੇਛ ਬਡ ਪੈਂਦੇਖਾਨ।
ਰਾਖਹਿਂ ਨਿਕਟਿ ਪ੍ਰੇਮ ਕੋ ਠਾਨਿ।
ਪੁਨਿ ਕੌਲਾਂ ਕੀ ਬਾਤਿ ਅਜੋਗ।
ਪਿਖਿ ਕੁਕਰਮ ਨਿੰਦਤਿ ਹੈਂ ਲੋਗ ॥੩੨॥
ਤੁਮ ਸ਼੍ਰੀ ਗੁਰੁ ਅਰਜਨ ਕੇ ਮੇਲੀ।
ਕਜੋਂ ਸਮਝਾਇ ਨ ਠਾਨਹੁ ਠੇਲੀ[1]।' [1]ਕਿਉਂ ਸਮਝਾਕੇ ਰੋਕਦੇ ਨਹੀਂ ਹੋ?
ਸੁਨਿ ਗੁਰੁਦਾਸ ਕਹੀ ਨਿਜ ਬਾਨੀ।
ਇਕਿ ਪੌੜੀ ਵਿਚਿ ਵਾਰਿ ਵਖਾਨੀ ॥੩੩॥

ਧਰਮਸਾਲੁ ਕਰਿ ਬਿਹੀਦਾ ਇੱਕਤ ਥਾਂ ਨ ਟਿਕੈ ਟਿਕਾਇਆ।
ਪਾਤਿਸ਼ਾਹ ਘਰ ਆਂਵਦੇ ਗੜ੍ਹ[1] ਚੜ੍ਹਿਆ ਪਾਤਿਸ਼ਾਹ ਚੜ੍ਹਾਇਆ। [1]ਕਿਲਾ।
ਉੱਮਤਿ[1] ਮਹਿਲ[2] ਨ ਪਾਂਵਦੀ ਨੱਠਾ ਫਿਰੇ ਨ ਡਰੈ ਡਾਰਇਆ। [1]ਸਿੱਖ। [2]ਦਰਸ਼ਨ ਸ੍ਵਰੂਪ।
ਮੰਜੀ ਬਹਿ ਸੰਤੋਖ ਦਾ ਕੁੱਤੇ ਰੱਖਿ ਸ਼ਿਕਾਰ ਖਿਲਾਇਆ।
ਬਾਣੀ ਕਰਿ ਸੁਣ ਗਾਂਵਦਾ ਕਥੈ ਨ ਸੁਣੈ ਨ ਗਾਂਵ ਸੁਣਾਇਆ।
ਸੇਵਕ ਪਾਸਿ ਨ ਰੱਖੀਅਨ ਦੋਖੀ ਦੁਸਟੁ ਆਗੂ[1] ਮੁਹਿ ਲਾਇਆ। [1]ਪੈਂਦੇ ਖਾਂ ਤੋਂ ਮੁਰਾਦ ਹੈ।
ਸੱਚ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰ ਜਰੈ ਨ ਆਪ ਜਣਾਇਆ ॥੨੪॥ † [ਵਾਰ ੨੬]

†ਇਸ ਪੌੜੀ ਦੇ ਅਰਥਾਂ ਲਈ ਦੇਖੋ ਟੀਕਾ ਵਾਰੀ ਭਾਈ ਗੁਰਦਾਸ ਜੀ ਸ਼੍ਰੀ ਗਿਆਨੀ ਹਜ਼ਾਰਾ ਸਿੰਘ ਜੀ ਪੰਡਤ ਕ੍ਰਿਤ ਵਾਰ ੨੬ ਦੀ ਪੌੜੀ ੨੪। ਪਰਜੇ ਅਰਥ ਸਮਝੇ ਜਾਣ ਜੋ ਕਵੀ ਜੀ ਨੇ ਲਾਏ ਹਨ, ਤਾਂ ਇਸ ਪੌੜੀ ਵਿਚ ਭਾਈ ਜੀ ਨੇ ਲੋਕਾਂ ਦੇ ਉਸ ਸਮੇਂ ਦੇ ਇਤਰਾਜ਼ ਦਿੱਤੇ ਹਨ ਅਤੇ ਅਖੀਰਲੀਆਂ ਤੁਕਾਂ ਵਿਚ ਤੇ ਅਗਲੀ ਪੌੜੀ ਵਿਚ ਉਹਨਾਂ ਦਾ ਆਪਣਾ ਆਸ਼ਾ ਪ੍ਰਗਟ ਹੋ ਰਿਹਾ ਹੈ ਜੋ ਕਵੀ ਜੀ ਨੇ ਅੱਗੇ ਚੱਲਕੇ ਦੱਸਿਆ ਹੈ। ਪਹਿਲੇ ਤਾਂ ਮੂਰਖਾਂ ਨਿੰਦਕਾਂ ਦੀਆਂ ਸ਼ੰਕਾ ਕਹੀਆਂ ਹਨ, ਅੰਤ ਵਿਚ ਕਿਹਾ ਹੈ ਕਿ ਇਨ੍ਹਾਂ ਗੱਲਾਂ ਨਾਲ ਸੱਚ ਨਹੀਂ ਲੁਕ ਸਕਦਾ। ਸਿੱਖ ਲੋਕ ਚਰਣਾਂ ਕਵਲਾਂ ਦੇ ਭਵਰੇ ਵਾਂਙੂ ਪ੍ਰੇਮੀ ਹਨ, ਓਹ ਸਿੱਖ ਜੋ ਅਜਰ ਨੂੰ ਜਰ ਲੈਣ ਤੇ ਆਪਾ ਫੇਰ ਨਾ ਜਨਾਵਣ ਦੇ ਦਰਜੇ ਦੇ ਪੂਰਨ ਪੁਰਖ ਹਨ। ਅਗਲੀ ਪੌੜੀ ਵਿਚ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਬੀਰ ਰਸੀ ਜੀਵਨ ਗੁਰੂ ਹਰਿ ਗੋਵਿੰਦ ਜੀ ਨੇ ਸੰਗਤ ਦੀ ਰਖਯਾ ਲਈ ਟੋਰਿਆ ਹੈ ਜਿਵੇਂ ਖੇਤੀ ਲਈ ਵਾੜ ਲਾਈ ਦੀ ਹੈ। ਭਾਈ ਗੁਰਦਾਸ ਜੀ ਦੀ ਸਪਸ਼ਟ ਰਾਇ ਗੁਰੂ ਹਰਿਗੋਬਿੰਦ ਜੀ ਦੀ ਬਾਬਤ ਇਹ ਹੈ:- ਹਰਖਹੁ ਸੋਗਹੁ ਬਾਹਿਰਾ ਹਰਣ ਭਰਣ ਸਮਰੱਥ ਸਰੰਦਾ॥ ਰਸ ਕਸ ਰੂਪ ਨ ਰੇਖ ਵਿਚ ਰਾਗ ਰੰਗ ਨਿਰਲੇਪ ਰਹੰਦਾ॥ ਗੋਸ਼ਟ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ। ਗੁਰੂ ਗੋਬਿੰਦ ਗੋਵਿੰਦ ਗੁਰੂ ਹਰਿ ਗੋਵਿੰਦ ਸਦਾ ਵਿਗਸੰਦਾ॥ ਅਚਰਜ ਨੌਂ ਅਚਰਜ ਮਿਲੈ ਵਿਸਮਾਦੇ ਵਿਸਮਾਦ ਮਿਲੰਦਾ॥ ਗੁਰਮੁਖ ਮਾਰਗ ਚੱਲਣਾ ਖੰਡੇ ਧਾਰ ਕਾਰ ਨਿਬਹੰਦਾ॥ ਗੁਰ ਸਿਖ ਲੈ ਗੁਰ ਸਿੱਖ ਚਲੰਦਾ ॥੨੧॥ [ਭਾ:ਗੁ:ਵਾਰ ੨੪]

ਪੁਨਾ: ਪਾਰਬ੍ਰਹਮ ਪੂਰਨ ਬ੍ਰਹਮ ਸਤਿਗੁਰੁ ਆਪੇ ਆਪ ਉਪਾਯਾ॥ ਗੁਰੁ ਗੋਬਿੰਦ ਗੋਵਿੰਦ ਗੁਰੁ ਜੋਤਿ ਇਕ ਦੁਇ ਨਾਂਵ ਧਰਾਯਾ॥ ਪੁੱਤ ਪਿਅਹੁਂ ਪਿਉ ਪੁੱਤ ਤੇ ਵਿਸਮਾਦਹੁਂ ਵਿਸਮਾਦ ਕਰਾਯਾ॥ ਬਿਰਖਹੁਂ ਫਲ ਫਲ ਤੇ ਬਿਰਖ ਆਚਰਜਹੁਂ ਆਚਰਜ ਸੁਹਾਯਾ॥ ਨਦੀ ਕਿਨਾਰੇ ਆਖੀਅਨ ਪੁੱਛੇ ਪਾਰਾਵਾਰ ਨ ਪਾਯਾ॥ ਹੋਰਨਿ ਅਲਖ ਨ ਲੱਖੀਐ ਗੁਰੁ ਚੇਲੇ ਮਿਲਿ ਅਲਖ ਲਖਾਯਾ॥ ਹਰਿ ਗੋਵਿੰਦ ਗੁਰੂ ਗੁਰੂ ਭਾਯਾ ॥੨੪॥ [ਭਾ:ਗੁ:ਵਾਰ ੨੪]

ਚੌਪਈ:

'ਨਹਿਂ ਚਿੰਤਾ ਤੁਮ ਮਨ ਮਹਿਂ ਧਾਰੋ।
ਗੁਰੁ ਕੋ ਪੂਰਨ ਬ੍ਰਹਮ ਬਿਚਾਰੋ।
ਸ਼੍ਰੀ ਪ੍ਰਮੇਸ਼ੁਰ ਕੇ ਅਵਤਾਰ।
ਗਤਿ ਨਹਿਂ ਜਾਨੀ ਜਾਇ ਉਦਾਰ ॥੩੪॥
ਕ੍ਰਿਸ਼ਨ ਅਨੇਕ ਮ੍ਰਿਜਾਦਾ ਤੋਰੀ[1]।
ਕਿਸ ਕੀ ਲਾਜ ਕੀਨਿ ਨਹਿਂ ਥੋਰੀ[1]।

[1]ਤੋੜੀ।

[1]ਕਿਸੇ ਦਾ ਜ਼ਰਾ ਵੀ ਲਿਹਾਜ਼ ਨਹੀਂ ਕੀਤਾ। (ਅ) ਕਿਸੇ ਦੀ ਲੱਜਾ ਨਹੀਂ ਘਟਾਈ?

ਕਰਤਿ ਰਹੇ ਨਿੰਦਾ ਅਨਜਾਨ।
ਸੋ ਈਸ਼ੁਰ ਨਿਰਲੇਪ ਮਹਾਨ ॥੩੫॥
ਜੇ ਤੁਮ ਚਾਹਿਤ ਕਛੁ ਕਹਾਯੋ।
ਚਾਹਤਿ ਹੋ ਇਹ ਭਰਮ ਹਟਾਯੋ।
ਤੌਂ ਬ੍ਰਿਧ ਨਿਕਟਿ ਬੇਨਤੀ ਕਰੀਯਹਿ।
ਕਹਿਬੇ ਕੋ ਸਾਮਰਥ ਬਿਚਾਰੀਯਹਿ ॥੩੬॥
ਸੁਨਿ ਕਰਿ ਸਿੱਖਨਿ ਬਹੁਰ ਬਖਾਨਾ।
ਤੁਮ ਭੀ ਚਲਹੁ ਬ੍ਰਿੱਧ ਕੇ ਥਾਨਾ।
ਦਰਸ਼ਨ ਕਰਹੁ ਸੰਗ ਨਿਜ ਲਜਾਵਹਿਂ।
ਤਿਨਿ ਤੇ ਗੁਰੁ ਢਿਗਿ ਸਕਲ ਕਹਾਵਹਿਂ' ॥੩੭॥
ਸੁਨਿ ਬਿਨਤੀ ਕੋ ਉਠਿ ਗੁਰੁਦਾਸ।
ਸਿੱਖਨਿ ਸਹਤ ਗਏ ਬ੍ਰਿਧ ਪਾਸਿ।
ਬੀੜ ਬਿਖੈ ਝੁੰਗੀ ਜਿਨਿ ਪਾਈ।
ਇਕਿ ਰਸ ਬ੍ਰਿਤੀ ਅਨੰਦ ਠਹਿਰਾਈ ॥੩੮॥
ਜਾਇ ਨਿਕਟਿ ਬੰਦਨ ਸਭਿ ਕੀਨਿ।
ਕਹਯੋ ਜੋਰਿ ਕਰ ਹੋਇ ਅਧੀਨ।
'ਸਭਿ ਕੀ ਚਿੰਤਾ ਆਪਿ ਨਿਵਾਰਹੁ।
ਤੁਮ ਹੀ ਉਚਿਤ ਰਿਦੈ ਨਿਰਧਾਰਹੁ ॥੩੯॥
ਗੁਰੂ ਨਿੰਦਾ ਨਹਿਂ ਜਾਇ ਸਹਾਰੀ।
ਚਲਿ ਆਏ ਹਮ ਸ਼ਰਨਿ ਤਿਹਾਰੀ।'

ਸਰਬ ਬਾਰਤਾ ਕਹਿ ਸਮੁਝਾਈ।
ਕਹਜੋ ਮਰਮ ਗੁਰੁਦਾਸ ਬਨਾਈ ॥੪੦॥
ਸੁਨਿ ਬ੍ਰਿਧ ਸਭਿ ਕੋ ਕਹਜੋ ਸੁਨਾਈ।
'ਸਮਰਥ ਕੋ ਨਹਿਂ ਦੋਸ਼ ਕਦਾਈ।
ਚਹੈਂ ਸੁ ਕਰੈਂ, ਨ ਭਰਮਹੁ ਰਿਦੇ।
ਕਰਮਨਿ ਤੇ ਲਿਪਾਇ ਨਹਿਂ ਕਦੇ' ॥੪੧॥
ਸੁਨਿ ਸਭਿ ਕਹਜੋ 'ਜਥਾਰਥ ਬਾਤੀ।
ਤਊ ਨ ਹਮ ਚਿਤ ਆਵਤਿ ਸ਼ਾਂਤੀ।
ਚਾਰਹੁਂ ਬਰਨਾਸ਼੍ਰਮ ਅਰੁ ਤੁਰਕਾ।
ਬਹੁ ਅਪਬਾਦ ਕਰਤਿ ਹੈਂ ਗੁਰੁ ਕਾ ॥੪੨॥
ਚਲਹੁ ਆਪਿ ਮਿਲਿ ਗੁਰੁ ਸਮੁਝਾਇ।
ਦੋਨਹੁਂ ਕੋ[1] ਦਿਹੁ ਸੰਗਿ ਹਟਾਇ।
ਨਾਂਹਿ ਤ ਕੌਲਾਂ ਕੇਰਿ ਜ਼ਰੂਰ।
ਸੰਗਿ ਛੁਟਾਵਹੁ ਸ਼੍ਰੀ ਗੁਰੁ ਪੂਰ[1]' ॥੪੩॥
ਤਬਿ ਗੁਰੁਦਾਸ ਕਹਜੋ 'ਸਿਖ ਸਾਰੇ।
ਆਇ ਪਰੇ ਅਬਿ ਸ਼ਰਨਿ ਤਿਹਾਰੇ।
ਮੈਂ ਭੀ ਰਹਜੋ ਬਹੁਤ ਸਮੁਝਾਇ।
ਇਨ ਕੀ ਇੱਛਾ ਦੇਹੁ ਪੁਜਾਇ' ॥੪੪॥
ਸੁਨਿ ਸਭਿ ਤੇ ਬ੍ਰਿਧ ਕਰੁਨਾ ਧਾਰੀ।
ਗੁਰੁ ਮਿਲਿਬੇ ਹਿਤ ਹ੍ਵੈ ਕਰਿ ਤਜਾਰੀ।
ਭਯੋ ਸੰਗਿ, ਪੁਰਿ ਕੋ ਚਲਿ ਆਏ।
ਬਚਨ ਬਿਲਾਸ ਕਰਤਿ ਸਮੁਦਾਏ ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਸਿੱਖਨਿ' ਪ੍ਰਸੰਗ ਬਰਨਨੰ ਨਾਮ ਪੰਚ ਸਸ਼ਠੀ ਅੰਸੂ ॥੬੫॥

[1]ਦੋਹਾਂ (ਕੌਲਾਂ ਤੇ ਪੈਂਦੇ) ਦਾ।

[1]ਗੁਰੂ ਪੂਰੇ ਤੋਂ।

੬੬. [ਬਿਬੇਕਸਰ ਸਿਰਜਨ]

੬੫<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>

ਦੋਹਰਾ:

ਬ੍ਰਿਧ ਭਾਈ ਗੁਰੁਦਾਸ ਕੋ, ਆਗੈ ਕਰਿ ਸਮੁਦਾਇ।
ਪਹੁੰਚੇ ਪੁਰੀ ਬਿਲੋਕਿ ਕੈ, ਸ੍ਰੀ ਅੰਮ੍ਰਿਤਸਰ ਥਾਇੰ ॥੧॥

ਚੌਪਈ:

ਕਰਿ ਸ਼ਨਾਨ ਹਰਿ ਮੰਦਿਰ ਗਏ।
ਹਾਥ ਜੋਰਿ ਸਭਿ ਬੰਦਤਿ ਭਏ।
ਬਹੁਰਿ ਪ੍ਰਦਛਨਾ ਚਹੁੰਦਿਸ਼ਿ ਫਿਰੇ।
ਪੁਰਿ ਜਲ ਮਿਲੇ ਸੁਨਤਿ ਹਿਤ ਧਰੇ ॥੨॥
ਬੂਝੇ 'ਅਬਿ ਸਤਿਗੁਰੁ ਕਿਸਿ ਥਾਨ?'
ਪੁਰਿ ਜਨ ਭਨਜੋ 'ਆਪਿ ਸਭਿ ਜਾਨਿ।
ਚਢੇ ਅਖੇਰ ਬ੍ਰਿੱਤਿ ਕੋ ਗਏ।
ਪੂਰਬ ਦਿਸ਼ ਕੋ ਸਨਮੁਖ ਭਏ[1]' ॥੩॥
ਸੁਨਿ ਬ੍ਰਿਧ ਸਾਹਿਬ ਰਿਦਾ ਰਸਾਲੇ[1]।
ਸਿੱਖ ਸੰਗਿ ਸਭਿ ਤਿਤੁ ਦਿਸ਼ਿ ਚਾਲੇ।
ਅਧਿਕ ਬ੍ਰਿੱਛ ਗਾਢੇ ਗਨ ਖਰੇ।
ਬਦਰੀ ਚਲਦਲ ਆਦਿਕ ਹਰੇ ॥੪॥
ਗਏ ਰਾਮਸਰ ਕੇ ਤਬਿ ਤੀਰ।
ਬੈਠੇ ਤਹਿਂ ਲੇ ਸਿੱਖਨਿ ਧੀਰ[1]।
ਗੁਰੁ ਕੇ ਸਨਮੁਖ ਕਿਤਿਕ ਪਠਾਏ।
'ਹਮਰੀ ਸੁਧਿ ਕਹੀਅਹਿ ਇਤਿ ਆਏ' ॥੫॥
ਆਗੈ ਸਤਿਗੁਰੁ ਕਰੀ ਅਖੇਰੇ।
ਹਨਿ ਕਰਿ ਬਨ ਕੇ ਜੀਵ ਘਨੇਰੇ।
ਆਵਤਿ ਚਢੇ ਚਮੂੰ ਗਨ ਸੰਗਿ।
ਚੰਚਲ ਬਲੀ ਕੁਦਾਇ ਤੁਰੰਗ ॥੬॥
ਜਾਇ ਮਿਲੇ ਸਿਖ ਕੋਸ ਅਗਾਰੀ।
ਚਰਨ ਕਮਲ ਪਰਿ ਬੰਦਨ ਧਾਰੀ।
ਹਾਥ ਜੋਰਿ ਕੀਨਿ ਅਰਦਾਸ।

[1]ਸਾਹਮਣੇ ਕਰਕੇ।

[1]ਪ੍ਰਸੰਨ ਰਿਦੇ ਵਾਲੇ।

[1]ਸਿਖਾਂ ਦਾ ਆਸਰਾ (ਅ) ਬੁਧੀਵਾਨ, ਧੀਰਜਵਾਨ (ਬਾਬਾ ਬੁੱਢਾ ਜੀ)।

'ਬ੍ਰਿਧ ਸਾਹਿਬ ਭਾਈ ਗੁਰਦਾਸ ॥੭॥
ਰਾਵਰ ਕੇ ਦਰਸ਼ਨ ਹਿਤ ਆਏ।
ਪ੍ਰਥਮ ਸੁਧਾਸਰ ਮੱਧ ਨਹਾਏ।
ਇਤਿ ਸੁਧਿ ਸੁਨੀ ਆਪਿ ਕੀ ਜਬੈ।
ਥਿਰੇ ਰਾਮਸਰ ਤੀਰਥ ਤਬੈ' ॥੮॥
ਸਭਿ ਗਤਿ ਜਾਨੀ ਅੰਤਰਜਾਮੀ।
ਸਿਖ ਤਖਤੂ ਸੰਗ ਬੋਲੇ ਸ੍ਵਾਮੀ।
'ਕਿਤਿਕ ਕਾਲ ਬੀਤਾ ਤਿਨ ਆਏ?
ਕੇਤਿਕ ਸਿੱਖ ਸੰਗਿ ਮੈਂ ਲਜਾਏ?' ॥੯॥
'ਸੁਨਹੁ ਪ੍ਰਭੂ! ਤਹਿਂ ਬੈਠੇ ਜਬੈ।
ਮੈਂ ਆਯੋ ਧਾਵਤਿ ਇਤ ਤਬੈ।
ਬੀਤਿ ਗਈ ਘਟਿਕਾ ਅਬਿ ਦੋਇ।
ਬੀਸਕ ਸਿੱਖ ਸੰਗ ਮੈਂ ਜੋਇ[1] ॥੧੦॥
[1]ਨਾਲ ਮੈਂ ਦੇਖੇ ਹਨ।
ਇਮਿ ਬਰਤਾਵਤਿ[1] ਸਤਿਗੁਰ ਆਏ।
[1]ਗੱਲਾਂ ਕਰਦੇ।
ਕਾਨਨ ਗਾਢੋ ਬ੍ਰਿਧ ਜਿਹ ਥਾਏਂ।
ਹਯ ਤੇ ਉਤਰਿ ਗਏ ਗੁਰ ਤਹਾਂ।
ਸਿੱਖਨ ਸਹਤ ਥਿਰਜੋ ਬ੍ਰਿਧ ਜਹਾਂ ॥੧੧॥
ਸੁਧ ਕੋ ਲਹਿ ਗਹਿ ਹਾਥ ਸਟੋਰੀ[1]।
[1]ਸੋਟੀ।
ਉਠਜੋ ਅੱਗ੍ਰ ਮਤਿ ਪ੍ਰੇਮ ਸੁ ਬੋਰੀ[1]।
[1]ਮਤੀ ਪ੍ਰੇਮ ਵਿਚ ਡੁੱਬੀ ਹੋਈ।
ਪਰਮ ਬ੍ਰਿੱਧ ਬਲ ਤੇ ਤਨ ਖਾਲੀ।
ਤਜੋਂ ਤਜੋਂ ਸਿੱਖੀ ਅਧਿਕ ਸੰਭਾਲੀ ॥੧੨॥
ਗੁਰ ਕੇ ਚਰਨ ਕਮਲ ਅਭਿਲਾਖੇ।
ਤਿਸੇ ਹਟਾਇ ਆਪਿ ਕਰਿ ਰਾਖੇ।
ਇਮਿ ਕਰਿ ਬੰਦਨ ਆਪਸਿ ਮਾਂਹੀ।
ਬੈਠੇ ਰਾਮ ਤਾਲ ਤਟ ਪਾਹੀ ॥੧੩॥
ਸ਼੍ਰੀ ਹਰਿਗੋਵਿੰਦ ਬਾਕ ਬਖਾਨੇ।
'ਕਿਸਿ ਪ੍ਰਕਾਰ ਤੇ ਆਵਨਿ ਠਾਨੇ?
ਜੇ ਤੁਮ ਕਹਤਿ ਆਇ ਉਤਿ ਜਾਤੇ[1]।
[1]ਅਸੀਂ) ਓਥੇ ਆ ਜਾਂਦੇ।
ਆਪਿ ਖੇਦ ਕਜੋਂ ਧਾਰਜੋ ਗਾਤੇ[1] ॥੧੪॥
[1]ਸਰੀਰ ਨੂੰ ਕਿਉਂ ਖੇਦ ਦਿਤਾ।
ਜੇਠ ਮਾਸ ਕੀ ਤਪਤਿ ਬਡੇਰੀ।
ਸਹਿ ਕਰਿ ਕਿਮਿ ਆਏ ਇਸਿ ਬੇਰੀ।'
ਸੁਨਿ ਬੁੱਢਾ ਬੋਲਜੋ 'ਤੁਮ ਸ੍ਵਾਮੀ।

ਸਭਿ ਘਟ ਜਾਨਤਿ ਅੰਤਰਜਾਮੀ ॥੧੫॥
ਤਊ ਸਿੱਖ ਸੰਗਤਿ ਗੁਰ ਕੇਰੀ।
ਕਹਜੋ ਚਹਿਤਿ ਇਨਿ ਕੇ ਹਿਤ ਪ੍ਰੇਰੀ[1]।

[1]ਇਨ੍ਹਾਂ ਦੇ ਹਿਤ ਦੀ (ਗੱਲ, ਇਨ੍ਹਾਂ ਦਾ) ਪ੍ਰੇਰਿਆ ਕਹਿਣਾ ਚਾਹੁੰਦਾ ਹਾਂ।

ਨਿਜ ਦਾਸਨਿ ਕੇ ਕਸ਼ਟ ਬਿਨਾਸਨਿ।
ਰਾਵਰ ਕੋ ਜਗ ਬਿਖੈ ਪ੍ਰਕਾਸ਼ਨਿ ॥੧੬॥
ਸੂਰਜ ਕਿਰਨ ਸਰਬ ਥਲ ਲਾਗੇ।
ਤਊ ਨ ਲੇਪ ਰੰਚ ਭਰਿ ਆਗੇ।
ਭੱਖ ਅਭੱਖ[1] ਅਗਨਿ ਮਹਿਂ ਪਰੈ।
ਏਕਿ ਦੋਸ਼ ਭੀ ਛੁਯੋ ਨ ਧਰੈ ॥੧੭॥

[1]ਚੰਗੀ ਮੰਦੀ ਚੀਜ਼।

ਤਿਮਿ ਤੁਮਰੀ ਗਤਿ ਹੈ ਸਭਿ ਕਾਲ।
ਜਾਨਤਿ ਹੈਂ ਜਿਨਿ ਸੁਮਤਿ ਬਿਸਾਲ।
ਨਰ ਲੀਲ੍ਹਾ ਜਗ ਪਿਖਿ ਕਰਿ ਸਾਰੇ।
ਮੂਰਖ ਮਤਿ ਅਪਵਾਦ[1] ਉਚਾਰੇਂ ॥੧੮॥

[1]ਨਿੰਦਿਆਂ।

ਸੁਨਿ ਸਿਖ ਖਿਝਹਿਂ ਲਰਹਿਂ ਤਿਨ ਸੰਗਿ।
ਨਹੀਂ ਸਹਾਰ ਸਕਹਿਂ ਮਨ ਭੰਗ।
ਧਰਹਿਂ ਬਿਖਾਦ ਕਲੇਸ਼ ਕਰੰਤੇ।
ਜਹਿਂ ਕਹਿਂ ਮੂਢਨਿ ਸੋਂ ਝਗਰੰਤੇ ॥੧੯॥
ਨਿਜ ਸੰਗਤਿ ਕੋ ਕਰਹੁ ਸੁਖਾਰੀ।
ਇਮਿ ਜਾਚਤਿ ਹਮ ਨਿਕਟਿ ਤੁਮਾਰੀ[1]।'

[1]ਆਪ ਦੇ ਪਾਸੋਂ।

ਸੁਨਿ ਗੁਰੁ ਕਹਜੋ 'ਆਪਿ ਉਪਕਾਰੀ।
ਪਰ ਕਾਰਜ ਕੋ ਤਨ ਸ਼੍ਰਮ ਧਾਰੀ ॥੨੦॥
ਮੋ ਪ੍ਰਤਿ ਦਿਹੁ ਆਇਸੁ ਜਿਮਿ ਹੋਇ।
ਮਾਨਨੀਯ ਰਾਵਰਿ ਬਚ ਜੋਇ।
ਤੁਮ ਤੇ ਨਹਿਂ ਅਦੇਯ ਕੁਛ ਮੇਰੇ।
ਹੌਂ ਅਨੁਸਾਰੀ ਸੰਝ ਸਵੇਰੇ' ॥੨੧॥
ਸਭਿ ਤੇ ਸੁਨਤਿ ਬ੍ਰਿੱਧ ਪੁਨਿ ਕਹੇ।
'ਸਦਾ ਪ੍ਰੇਮ ਤੇ ਤੁਮ ਬਸਿ ਰਹੇ।
ਮਿਲਨਿ ਹੇਤ ਜੇਤਿਕ ਤਪ ਕੀਨੇ[1]।
ਭਲੀ ਭਾਂਤਿ ਸੋ ਰਾਵਰ ਚੀਨੇ ॥੨੨॥

[1]ਕੌਲਾਂ ਨੇ) ਜਿੰਨੇ ਤਪ ਕੀਤੇ ਸਨ।

ਤਿਸੀ ਹੇਤੁ ਮੇਰੇ ਬਚ ਭਏ।
ਅੰਗੀਕਾਰ ਆਪਿ ਨੇ ਕਏ।

ਅਬਿ ਕੌਲਾਂ ਕੋ ਤਜਾਗਿ ਭਲੇਰੋ[1]।	[1]ਤਜਾਗਣਾ ਭਲਾ ਹੈ।
ਤਪ ਕੋ ਫਲ ਤਿਨਿ ਲਹਯੋ ਘਨੇਰੋ[1] ॥੨੩॥	[1]ਕੌਲਾਂ ਨੇ) ਤਪ ਦਾ ਫਲ ਬਹੁਤ (ਬ੍ਰਹਮ ਗਜਾਨ) ਲੈ ਲਿਆ ਹੈ।
ਇਹ ਬਿਬੇਕ[1] ਸੰਗਤਿ ਚਹਿ ਕਰਯੋ।	[1]ਬਿਚਾਰ।
ਜਥਾ ਜੋਗ ਤੁਮ ਨਿਕਟਿ ਉਚਰਯੋ।'	
ਇਮਿ ਸੁਨਿ ਬਿਧੀਆ ਜੇਠਾ ਆਦਿ।	
ਇਹ ਭੀ ਸੁਨਤਿ ਹੁਤੇ ਅਪਵਾਦ ॥੨੪॥	
ਜਿਤੇ ਸੁਭਟ ਸਭਿ ਹੀ ਸਦ ਸੰਗਿ[1]।	[1]ਸਦਾ ਨਾਲ ਰਹਿੰਦੇ ਹੁੰਦੇ ਸਨ।
ਅਵਸਰ ਲਹਯੋ ਰਿਦੇ ਸ ਉਮੰਗ।	
ਕਹਤਿ ਭਏ 'ਬ੍ਰਿੱਧ ਅਧਿਕ ਬਡੇਰੇ।	
ਖਟ ਸਤਿਗੁਰੁ ਜਿਨਿ ਆਂਖਨਿ ਹੇਰੇ[1] ॥੨੫॥	[1]ਅਖੀਂ ਦਰਸ਼ਨ ਕੀਤੇ ਹਨ।
ਮਾਨਨੀਯ ਇਨਿ ਬਾਕ ਭਲੇਰੋ।	
ਕਹਤਿ ਸਾਚ, ਹ੍ਵੈ ਨਿੰਦ ਘਨੇਰੇ[1]।'	[1]ਬਹੁਤੀ ਨਿੰਦਾ ਹੋ ਰਹੀ ਹੈ।
ਸੁਨਿ ਗੁਰੁ ਜਾਨਯੋ ਮਤਿ ਸਭਿ ਕੇਰੋ।	
ਚਹਿਤਿ ਬਿਬੇਕ[1] ਕਰਨਿ ਹਿਤ ਮੇਰੋ ॥੨੬॥	[1]ਵੀਚਾਰ।
-ਹੈ ਆਛੀ- ਜਬਿ ਰਿਦੇ ਬਿਚਾਰੀ।	
ਸਭਿ ਕੇ ਸੁਨਤਯੋਂ ਗਿਰਾ ਉਚਾਰੀ।	
'ਸੁਨਹੁ ਬ੍ਰਿੱਧ ਜੀ! ਬਾਕ ਤੁਹਾਰੇ।	
ਭਈ ਤਿਨਹੁ ਤੇ ਅੰਗੀਕਾਰੇ[1] ॥੨੭॥	[1]ਭਾਵ ਆਪ ਦੇ ਵਾਕਾਂ ਨਾਲ ਹੀ ਕੌਲਾਂ ਆਈ ਸੀ।
ਤੁਮ ਬਚ ਤੇ ਬਿਬੇਕ ਅਬਿ ਹੋਵਾ।	
ਅਰੁ ਤਜਾਗਨਿ ਕੌਲਾਂ ਕਹੁ ਜੋਵਾ[1]।	[1]ਜੋ ਹੈ।
ਭਈ ਅਵਧਿ ਪੂਰਨਿ ਅਬਿ ਤਾਂਹੀ[1]।	[1]ਭਾਵ ਕੌਲਾਂ ਦੀ।
ਪੰਦ੍ਰਹ ਦਿਵਸ ਔਰ ਰਹਿਂ ਜਾਂਹੀ[1] ॥੨੮॥	[1]ਰਹਿੰਦੇ ਹਨ ਜਿਸਦੇ।
ਬਿਨਾਂ ਤਜਾਗਿ ਤੇ ਤਜਾਗਨਿ ਹੋਈ।	
ਇਸ ਮਹਿਂ ਸੰਸੈ ਰਹਯੋ ਨ ਕੋਈ।	
ਹੋਨਿਹਾਰ ਹੋਯੋ ਜਬਿ ਚਹੈਂ[1]।	[1]ਜਦੋਂ ਹੋਣਹਾਰ ਹੋਇਆ ਚਾਹੁੰਦੀ ਹੈ।
ਤਬਿ ਰਾਵਰ ਮੁਖ ਤੇ ਬਚ ਕਹੈਂ[1] ॥੨੯॥	[1]ਤਦੋਂ ਆਪ ਮੁਖੋਂ ਵਚਨ ਕਰਦੇ ਹੋ।
ਬ੍ਰਹਮ ਅਸਤ੍ਰ ਰਘੁਬਰ ਕਰਿ ਜੈਸੇ[1]।	[1]ਜਿਵੇਂ ਰਾਮ ਦੇ ਹੱਥੋਂ ਬ੍ਰਹਮ ਅਸਤ੍ਰ (ਬ੍ਰਿਥਾ ਨਹੀਂ ਜਾਂਦਾ) [ਸੰਸ: ਬ੍ਰਹਮ। ਸ੍ਤ੍ਰ = ਮੰਤ੍ਰ ਪੜ੍ਹਕੇ ਚਲਾਇਆ ਜਾਣ ਵਾਲਾ ਅਸਤ੍ਰ]
ਤੁਮਰੋ ਬਾਕ ਨਿਫਲ ਨਹਿਂ ਤੈਸੇ।	

ਕਹੋ ਬਿਬੇਕ ਲਗਾਵਨਿ ਮੋਹੀ।
ਤਤਛਿਨਿ ਕਰੌਂ ਪਾਇ ਬਚ ਤੋਹੀ' ॥੩੦॥
ਗੁਰੁ ਤੇ ਸੁਨਤਿ ਸਰਬ ਉਰ ਹਰਖੇ।
ਜਨੁ ਅਨੰਦ ਕੇ ਬਾਦਰ ਬਰਖੇ।
ਬ੍ਰਿਧ ਸਾਹਿਬ ਕਰ ਸੋਂ ਕਰ ਗਹਯੋ।
ਕੁਛ ਤਹਿਂ ਚਲੇ ਭਲੋ ਥਲ ਲਹਯੋ[1] ॥੩੧॥

[1]ਕੁਝਕੁ ਤਿਥੋਂ ਚਲ ਕੇ (ਕੋਈ) ਭਲਾ ਥਾਂ ਡਿੱਠਾ।

'ਇਹ ਬਿਬੇਕ ਤੁਮ ਕੋ ਲਗਿ ਭਾਰੀ।

ਵਿਵੇਕ ਪਦ ਸੰਸਕ੍ਰਿਤ ਹੈ ।ਵਿ+ਵਿਦ੍ = ਵਿਚਾਰਨਾ॥ ਤੋਂ ਬਣਦਾ ਹੈ, ਇਸ ਦਾ ਅਰਥ ਹੈ ਉਹ ਗਜਾਨ ਜੋ ਵੇਰਵਾ ਕਰਕੇ ਗੱਲ ਨੂੰ ਅਨੁਭਵ ਕਰ ਸਕੇ। ਭਲੇ ਬੁਰੇ ਦਾ ਗਜਾਨ। ਸਤਿ ਅਸੱਤਿ ਦਾ ਗਿਆਨ। ਬ੍ਰਹਮ ਤੇ ਜਗਤ ਦਾ ਫਰਕ ਸਮਝਾ ਸਕਣ ਵਾਲਾ ਗਿਆਨ। ਜਾਪਦਾ ਹੈ ਕਿ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਜਿਸ ਅਸਥਾਨ ਤੇ ਏਕਾਂਤ ਬਨ ਵਿਚ ਬੈਠਕੇ ਸਿੱਖਾਂ ਨੂੰ ਵਿਵੇਕ ਜਾਂ ਗਿਆਨ ਦਾ ਉਪਦੇਸ਼ ਕਰਦੇ ਹੁੰਦੇ ਸਨ, ਉਥੇ ਉਸ ਯਾਦਗਾਰ ਵਿਚ ਬਿਬੇਕਸਰ ਸਰੋਵਰ ਬਣਿਆਂ। ਇਸ ਦੇ ਕਿਨਾਰੇ ਹਮੇਸ਼ਾ ਗਿਆਨੀ ਤੇ ਤਜਾਗੀ ਸਿੱਖ ਵਸਦੇ ਰਹੇ ਹਨ। ਨੇੜੇ ਦੇ ਸਮੇਂ ਵਿਚ ਪ੍ਰਸਿੱਧ ਗਜਾਨੀ ਬਾਬਾ ਮੇਹਰ ਸਿੰਘ ਜੀ ਨਕਈ ਲਗਪਗ ੧੫੦ ਬਰਸ ਦੀ ਉਮਰ ਭੋਗ ਕੇ ਸੰ: ੧੯੧੩ ਬਿ: ਇਸੇ ਦੇ ਕਿਨਾਰੇ ਗੁਜ਼ਰੇ ਹਨ। ਅੰਤਰਜਾਮੀ ਸੰਤ ਤੇ ਸੰਤ ਬਸੰਤ ਸਿੰਘ ਆਦਿ ਗਿਆਨੀ ਇਨ੍ਹਾਂ ਦੇ ਸਤਿਸੰਗ ਤੋਂ ਗੁਰਮੁਖ ਹੋਏ ਸੇ। ਮੈਕਾਲਫ ਨੂੰ ਬੀ ਇਹੋ ਪਤਾ ਲੱਗਾ ਸੀ ਕਿ ਇਹ ਗਯਾਨ ਦਾਨ ਦੀ ਯਾਦਗਾਰ ਦਾ ਸਥਾਨ ਹੈ। ਕਵਿ ਸੰਤੋਖ ਸਿੰਘ ਜੀ ਬੀ ਇਸੇ ਅੰਸੂ ਦੇ ਅੰਕ ੩੭ ਵਿਚ ਗੁਰੂ ਜੀ ਦਾ ਬਚਨ ਦੱਸਦੇ ਹਨ ਕਿ 'ਸਿਖ ਬਿਬੇਕੀ ਇਹਾਂ ਨਿਵਾਸਹਿਂ।'

ਬਿਬੇਕ ਪਦ ਦਾ ਅਰਥ ਤਨਖਾਹ ਯਾ ਦੰਡ ਕੋਸ਼ਾਂ ਵਿਚ ਨਹੀਂ, ਨਾ ਹੀ ਛੇਵੇਂ ਸਤਿਗੁਰਾਂ ਦੇ ਸਮੇਂ ਤੱਕ ਸਿੱਖਾਂ ਵਿਚ ਇਸ ਦਾ ਕੋਈ ਐਸਾ ਅਰਥ ਹੈਸੀ। ਇਥੇ ਪਦ 'ਬਿਬੇਕ' ਤੇ ਅੰਕ ੩੩ ਵਿਚ 'ਰਹਤਿ' ਦੋਇ ਦਸਮੇਂ ਪਾਤਸ਼ਾਹ ਦੇ ਅੰਮ੍ਰਿਤ ਦਾ ਮਰਯਾਦਾ ਤੋਰਨ ਤੋਂ ਮਗਰੋਂ ਦੇ ਇਨ੍ਹਾਂ ਅਰਥਾਂ ਵਿਚ ਵਰਤੇ ਗਏ ਪਦ ਹਨ। ਬਿਬੇਕ ਸਰ ਦੇ ਅਰਥ ਇਹ ਦੇਣੇ ਕਿ ਛੇਵੇਂ ਸਤਿਗੁਰਾਂ ਨੂੰ ਤਨਖਾਹ ਲਗੀ ਸੀ ਤਾਂ ਤਾਲ ਬਣਿਆਂ ਸੀ, ਦਰੁਸਤ ਨਹੀਂ ਹੈ। ਭਾਈ ਗੁਰਦਾਸ ਜੀ ਨੇ ਤਾਂ ਗੁਰੂ ਹਰਿਗੋਬਿੰਦ ਜੀ ਨੂੰ ਕਿਸੇ ਹੋਰਸ ਜੀਵ ਦੇ ਗਿਆਨ ਯਾ ਵਿਵੇਕ ਗੋਚਰਾ ਬੀ ਨਹੀਂ ਦੱਸਿਆ, ਇਹ ਕੀਕੂੰ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਕਿਸੇ ਨੇ ਵਿਚਾਰ ਦਾਨ ਕੀਤੀ ਹੋਵੇ ਯਾ ਤਨਖਾਹ ਲਾਈ ਹੋਵੇ। ਭਾਈ ਗੁਰਦਾਸ ਜੀ ਨਾਲ ਮੌਜੂਦ ਸਨ ਆਪ ਨੇ ਵਾਰਾਂ ਕਬਿੱਤਾਂ ਵਿਚ ਇਸ ਘਟਨਾ ਦਾ ਕੋਈ ਪਤਾ ਨਹੀਂ ਦਿੱਤਾ। ਸਗੋਂ ਐਉਂ ਲਿਖਦੇ ਹਨ:-ਗੋਸ਼ਟ ਗਜਾਨ ਅਗੋਚਰਾ ਬੁਧਿ, ਬਲ, ਬਚਨ, ਬਿਬੇਕ ਨ ਛੰਦਾ। ਗੁਰ ਗੋਬਿੰਦ ਗੋਬਿੰਦ ਗੁਰ 'ਹਰਿ ਗੋਬਿੰਦ' ਸਦਾ ਬਿਗਸੰਦਾ। ।ਵਾ: ਭਾ: ਗੁ: ੨੪-੨੧॥ ਅਰਥਾਤ ਸ਼੍ਰੀ ਗੁਰੂ ਹਰਿਗੋਬਿੰਦ ਜੀ ਸਦਾ ਖਿੜੇ ਗੋਬਿੰਦ ਰੂਪ ਹਨ ਤੇ ਕਿਸੇ ਦੇ ਗੋਸ਼ਟ, ਗਿਆਨ, ਬੁੱਧੀ, ਬਲ, ਵਚਨ, ਬਿਬੇਕ ਦੀ ਮੁਥਾਜਗੀ ਨਹੀਂ ਰਖਦੇ, ਅਰਥਾਤ ਆਪ ਇਨ੍ਹਾਂ ਗੱਲਾਂ ਵਿਚ ਸਭਨਾਂ ਦੇ ਉਪਰ ਹਨ, ਤੇ ਸਾਰੇ ਉਨ੍ਹਾਂ ਦੇ ਮੁਥਾਜ ਹਨ। ਕਵੀ ਜੀ ਨੇ ਆਪ ਵੀ 'ਵਿਵੇਕ' ਪਦ ਗਿਆਨ ਦੇ ਅਰਥਾਂ ਵਿਚ ਵਰਤਿਆ ਹੈ।

ਯਥਾ:- ਲੋਕ ਅਨੇਕ ਉਧਾਰਨ ਕੋ ਚਿਤ ਦੇਨ ਬਿਬੇਕ ਭਏ ਪਥ ਗਾਮੀ।

[ਰਾਸ ੩ ਅੰਸੂ ੧੦-੧੩]

ਮਹਿਮਾ ਪ੍ਰਕਾਸ਼ ਵਿਚ ਬੀ ਇਹ ਵਿਵੇਕਸਰ ਦਾ ਪ੍ਰਸੰਗ ਨਹੀਂ ਹੈ।

ਜਥਾ ਸਰੂਪ ਧਰਯੋ ਉਪਕਾਰੀ।
ਅਪਨੋ ਸਰ ਖਨਿਵਾਵਨਿ ਕੀਜੈ।
ਨਾਮ ਬਿਬੇਕ ਤਾਲ ਧਰਿ ਦੀਜੈ ॥੩੨ ॥
ਬਿਗਰਹਿ ਰਹਤਿ ਬਿਖੈ ਸਿਖ ਜੋਈ।
ਆਨਿ ਸ਼ਨਾਨਹਿ ਨਿਰਮਲ ਹੋਈ।

ਅਪਰ ਕਾਮਨਾ ਵਾਨ ਜੁ ਸੇਵੈ।
ਰਾਵਰ ਕੋ ਪ੍ਰਤਾਪ ਸੋ ਦੇਵੈ[1] ॥੩੩॥

[1]ਆਪ ਜੀ ਦਾ ਪ੍ਰਤਾਪ (ਸੋ ਕਾਮਨਾ ਤਿਸ ਕਾਮਨਾਵਾਨ ਨੂੰ) ਦੇਵੇ।

ਸੁਨਿ ਬ੍ਰਿਧ ਕੇ ਬਚ ਪਟ ਕਟ[1] ਕਸੀ।

[1]ਬਸਤ੍ਰ ਕਮਰ ਨਾਲ।

ਲਈ ਮੰਗਾਇ ਹਾਥ ਗਹਿ ਕਸੀ[1]।

[1]ਕਹੀ ਫੜੀ।

ਖਨੀ ਮ੍ਰਿੱਤਕਾ ਵਹਿਰਿ ਗਿਰਾਈ।
ਪੁਨਿ ਸਿੱਖਨਿ ਤਹਿਂ ਕਾਰ ਕਮਾਈ ॥੩੪॥
ਖਨਹਿਂ ਮ੍ਰਿੱਤਕਾ ਵਹਿਰਿ ਨਿਕਾਰੈਂ।
ਨਿਜ ਬਸਤ੍ਰਨਿ ਮਹਿਂ ਭਰਿ ਭਰਿ ਡਾਰੈਂ।
ਸੁਭਟ ਸਿੱਖ ਜੇਤਿਕ ਤਹਿਂ ਖਰੇ।
ਸਰ ਕੀ ਕਾਰ ਸਰਬ ਲਗ ਪਰੇ ॥੩੫॥
ਉਤਲਾਵਤਿ ਗਨ ਕਾਰ ਨਿਕਾਰੈਂ।
ਗੁਰੁ ਹਿਤ ਕਰਹਿਂ, ਪ੍ਰਮੋਦ ਬਿਚਾਰੈਂ।
ਦ੍ਵੈ ਘਟਿਕਾ ਦਿਨ ਬਾਕੀ ਰਹਜੋ।
'ਅਬਿ ਹਟਿ ਜਾਹੁ' ਗੁਰੁ ਤਬਿ ਕਹਜੋ ॥੩੬॥
'ਸਿੱਖ ਬਿਬੇਕੀ[1] ਇਹਾਂ ਨਿਵਾਸਹਿਂ।

[1]ਗਿਆਨੀ।

ਸਮੈ ਪਾਇ ਪਾਕੋ[1] ਚਹੁੰਪਾਸਹਿਂ।'

[1]ਪੱਕਾ (ਬਣ ਜਾਏਗਾ)।

ਗੁਰੂ ਅਰੂਢਤਿ[1] ਭਏ ਤੁਰੰਗ।

[1]ਸਵਾਰ ਹੋਕੇ।

ਕਰਿ ਅਸਵਾਰ ਬ੍ਰਿੱਧ ਲਿਯ ਸੰਗਿ ॥੩੭॥
ਕਰਿ ਮੱਜਨ ਸਭਿ ਸਿੱਖ ਸਮੇਤਿ।
ਗਮਨਿ ਕੀਨਿ ਸੋਢੀ ਕੁਲਕੇਤ।
ਕਰਿ ਬੰਦਨ ਹਰਿਮੰਦਿਰ ਗਏ।
ਧਰਮਸਾਲ ਬ੍ਰਿਧ ਡੇਰਾ ਕਏ ॥੩੮॥
'ਕੌਲਾਂ ਕੀ ਬੀਤਹਿ ਅਬਿ ਬਾਤਿ[1]।'

[1]ਭਾਵ ਕੌਲਾਂ ਦੀ ਗੱਲ ਮੁਕ ਗਈ।

ਕਹਿ ਆਪਸਿ ਮਹਿਂ ਉਰ ਹਰਖਾਤਿ।
'ਬ੍ਰਿੱਧ ਨਰੋਤਮ[1] ਕੋ ਬਡਿ ਕਹਿਬੋ।

[1]ਸ੍ਰੇਸ਼੍ਟ ਪੁਰਖ।

ਅੰਗੀਕਾਰ ਕਰਨਿ ਸਭਿ ਚਹਿਬੋ ॥੩੯॥
ਅਟਲ ਬਾਕ ਜਿਨਿ ਕੇ ਨਹਿਂ ਟਲਹਿਂ।
ਚਲਹਿ ਸੁਮੇਰ ਤਊ ਨਹਿਂ ਚਲਹਿਂ।
ਅਪਨਿ ਮਹਿਲ ਮਹਿਂ ਸਤਿਗੁਰ ਗਏ।
ਸੁਪਿਤ ਜਥਾ ਸੁਖ ਰਾਤਿ ਬਿਤਏ ॥੪੦॥

ਭਈ ਭੋਰ ਕਰਿ ਦਰਸ਼ਨ ਗਯੋ[1]।
ਬੀੜ ਬਿਖੈ ਬਾਸੋ ਨਿਜ ਕਿਯੋ।
ਇਕ ਰਸ ਬ੍ਰਿਤੀ ਅਨੰਦ ਮਹਿਂ ਝੂਲੇ।
ਸਮ ਸਰੂਪ ਜਬਿ[†] ਕਬਹੂੰ ਨ ਭੂਲੇ[1] ॥੪੧॥

[1]ਬਾਬਾ ਬੁੱਢਾ ਜੀ) ਗਏ।

[1]ਸਮ =) ਸਦਾ ਇਕ ਰਸੀ ਸਰੂਪ ਉਹਨਾਂ ਨੂੰ ਕਦੇ ਨਹੀਂ ਭੁਲਦਾ। [†]ਪਾ:-ਮਮ ਸਰੂਪ ਜਗ।

ਅਜ਼ਮਤਿ ਧਾਰਤਿ ਬਲੀ ਬਿਸਾਲਾ।
ਬਿਦਤ ਕਰਹਿ ਕਿਤ ਕਿਸਹੂੰ ਕਾਲਾ[†]।
ਰਹਜੋ ਇਕਾਂਤ ਜਾਨਿ ਕੈ ਤਹਾਂ।
ਦੁਤੀਏ ਗੁਰੁ ਸੇਵਾ ਹੁਇ ਮਹਾਂ[1] ॥੪੨॥

[†]ਪਾ:-ਬਿਦਤ ਰਹਜੋ ਹੈ ਕੇਤਿਕ ਕਾਲਾ।

[1]ਦੂਸਰੇ (ਓਥੇ ਰਹਿਆਂ) ਗੁਰੂ ਜੀ ਦੀ ਸੇਵਾ ਬੜੀ ਹੁੰਦੀ ਸੀ।

ਇਮ ਸਤਿਗੁਰੁ ਸੁਭ ਕਰੇ ਬਿਲਾਸਾ।
ਪੂਰਨ ਕਰਤਿ ਸਭਿਨਿ ਕੀ ਆਸਾ।
ਊਚਿ ਕੀ ਨੀਚ ਪ੍ਰੇਮ ਕੋ ਠਾਨਤਿ।
ਅਧਿਕ ਘਾਟ ਸਭਿ ਗੁਰੂ ਪਛਾਨਤਿ[1] ॥੪੩॥

[1]ਵਧ ਘਟ (ਪ੍ਰੇਮ) ਸਭਨਾਂ ਦਾ ਗੁਰੂ ਜੀ ਪਛਾਣਦੇ ਹਨ।

ਕਰਨਿ ਕਾਮਨਾ ਪੂਰਨ ਦਾਸ[1]।
ਤਨ ਧਰਿ ਬਿਲਸਤਿ ਏਵ ਬਿਲਾਸ[1]।
ਨਿੰਦ ਉਸਤਤੀ ਕੋਊ ਕਰੈ।
ਬਿਰਦ ਪ੍ਰੇਮ ਕੇ ਬਸਿ ਨਿਜ ਧਰੈਂ[1] ॥੪੪॥

[1]ਦਾਸਾਂ ਦੀਆਂ ਕਾਮਨਾਂ ਪੂਰਨ ਕਰਨ ਵਾਸਤੇ।

[1]ਇਸ ਤਰ੍ਹਾਂ ਦੇ ਵਿਲਾਸ ਵਿਲਸਦੇ ਹਨ (ਗੁਰੂ ਜੀ)।

[1]ਪ੍ਰੇਮ ਦੇ ਵਸੀ ਹੋਣਾ ਇਹ ਆਪਣਾ ਬਿਰਦ (ਸਦਾ) ਧਾਰਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪੰਚਮ ਰਾਸੇ 'ਭਾਈ ਬ੍ਰਿੱਧ ਪ੍ਰਸੰਗ ਬਰਨਨੰ ਗੁਰੂ ਚਰਿੱਤ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਖਾਯਾਂ ਖ਼ਸ਼ਟ ਸਸ਼ਠੀ ਅੰਸੂ ਪੰਚਮ ਰਾਸਿ ਸਮਾਪਤਿ ਮਸਤੁ ਸ਼ੁਭ ਮਸਤੁ ॥੬੬॥

[ਪੰਜਵੀਂ ਰਾਸ਼ਿ ਸੰਪੂਰਨ ਹੋਈ]